ੴ
ਸਾਹਿਬੁ ਮੇਰਾ
ਏਕੋ ਹੈ

ਮਾਸਿਕ

# ਆਰੂਨੀ

ਵਿਸ਼ੇਸ਼ ਅੰਕ

## ਸਿੱਖ ਧਰਮ ਅਤੇ ਵਿਦਿਅਕ ਨੀਤੀ



SAGGU ART

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥

ਪੰਜਾਬੀ ਮਾਸਿਕ

# ਅਜੂਨੀ

ਅੰਕ: ਬਾਰਵਾਂ ਮੁੱਲ 8 ਰੁਪਏ ਜੂਨ-ਜੁਲਾਈ 1996

**ਸੰਚਾਲਕ** : ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ

**ਸਰਪ੍ਰਸਤ** : ਮ.ਮੰ. ਸਵਾਮੀ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਬਾਬਾ ਮੱਖਣ ਸਿੰਘ ਅੰਮ੍ਰਿਤਸਰ

**ਮੁਖ ਸੰਪਾਦਕ** : ਪ੍ਰੋ. ਬਲਵਿੰਦਰ ਪਾਲ ਸਿੰਘ, ਸਹਿ ਸੰਪਾਦਕ, ਸਰਦਾਰਨੀ ਹਰਜਿੰਦਰ ਕੌਰ ਐਮ.ਏ. ਬੀ.ਐਡ

**ਕਨੂੰਨੀ ਸਲਾਹਕਾਰ**: ਸ. ਮਨਿੰਦਰ ਸਿੰਘ ਐਡਵੋਕੇਟ

**ਮੁਖ ਸਲਾਹਕਾਰ**: ਡਾ: ਰਤਨ ਸਿੰਘ ਜੱਗੀ (ਪਟਿਆਲਾ), ਪ੍ਰਿੰਸੀਪਲ ਵੀਰ ਸਿੰਘ ਰੰਧਾਵਾ (ਨਕੋਦਰ), ਪ੍ਰੋ. ਹਿੰਮਤ ਸਿੰਘ (ਪਟਿਆਲਾ), ਪ੍ਰੋ. ਹਿੰਮਤ ਸਿੰਘ ਸੋਢੀ (ਅੰਬਾਲਾ), ਡਾ. ਮਾਨ ਸਿੰਘ ਨਿਰੰਕਾਰੀ (ਅੰਮ੍ਰਿਤਸਰ), ਡਾ. ਗੁਰਮੁਖ ਸਿੰਘ (ਪਟਿਆਲਾ), ਡਾ. ਹਰਮਿੰਦਰ ਸਿੰਘ ਬੇਦੀ (ਅੰਮ੍ਰਿਤਸਰ), ਡਾ. ਸ਼ਮਸ਼ੇਰ ਸਿੰਘ (ਪਟਿਆਲਾ), ਡਾ. ਮੇਵਾ ਸਿੰਘ ਸਿੱਧੂ (ਪਟਿਆਲਾ), ਪ੍ਰੋ. ਸੁਖਦਿਆਲ ਸਿੰਘ, ਹਿਸਟੋਰੀਅਨ (ਪਟਿਆਲਾ), ਡਾ. ਨਿਰਮਲ ਸਿੰਘ ਗਿੱਲ (ਚੰਡੀਗੜ੍ਹ), ਪ੍ਰੋ. ਜਸਬੀਰ ਸਿੰਘ ਸਾਬਰ (ਅੰਮ੍ਰਿਤਸਰ), ਡਾ: ਸੁਰਜੀਤ ਸਿੰਘ (ਪਟਿਆਲਾ), ਭਾਈ ਬਲਦੇਵ ਸਿੰਘ ਬੰਬੀਹਾ ਭਾਈ।

## ਇਸ ਅੰਕ ਵਿਚ

1. ਸੰਪਾਦਕੀ 3
2. ਸਿੱਖ ਕੌਮ ਦੀ ਵਿਦਿਅਕ ਨੀਤੀ ਬਾਰੇ ਮਹਾਂਪੁਰਸ਼ਾਂ ਅਤੇ ਚਿੰਤਕਾਂ ਦੇ ਵਿਚਾਰ 4
3. 21ਵੀਂ ਸਦੀ ਦੇ ਆਦਰਸ਼ ਸਮਾਜ ਦੀ ਸਿਰਜਣਾ ਲਈ ਸਿੱਖ ਵਿਦਿਅਕ ਪਾਲਿਸੀ 13
4. ਸਿੱਖ ਵਿਦਿਅਕ ਅਦਾਰੇ ਕਿਹੋ ਜਿਹੇ ਹੋਣ 20
5. 21ਵੀਂ ਸਦੀ ਦਾ ਚੈਲਿੰਜ ਅਤੇ ਸਿੱਖ ਵਿਦਿਅਕ ਨੀਤੀ 28
6. 21ਵੀਂ ਸਦੀ ਲਈ ਸਿੱਖ ਵਿਦਿਅਕ ਨੀਤੀ 32
7. ਅਜੋਕੀ ਸਿੱਖ ਵਿਦਿਆ ਪ੍ਰਣਾਲੀ ਕਿਹੋ ਜਿਹੀ ਹੋਵੇ 35
8. ਸਿੱਖ ਸਮਾਜ ਵਿਚ ਗਿਆਨ ਪ੍ਰਸਾਰਣ ਦੀ ਸਮੱਸਿਆ 40
9. ਸਿੱਖ ਵਿਦਿਆ ਪ੍ਰਣਾਲੀ ਅਤੇ ਅਜੋਕੀਆਂ ਚਣੌਤੀਆਂ 42
10. ਸਿੱਖ ਤੇ ਸਿਖਿਆ 44
11. ਸਿੱਖ ਵਿਦਿਆ ਅਤੇ ਵਿਦਿਅਕ ਸੰਸਥਾਵਾਂ 50
12. ਸਿੱਖ ਕੌਮ ਆਪਣੀਆਂ ਵਿਦਿਅਕ ਸੰਸਥਾਵਾਂ ਦੀ ਸਾਰ ਲਵੇ 53
13. ਵਿਦਿਆ ਅਤੇ ਧਰਮ ਕਲਾ 58
13. ਵਿਦਿਆ ਸੰਬੰਧੀ ਡਾ: ਅੰਬੇਦਕਰ ਸਾਹਿਬ ਦੇ ਵਿਚਾਰ 62

ਮਾਲਕ ਅਤੇ ਪ੍ਰਕਾਸ਼ਕ ਬਾਬਾ ਸਰਬਜੋਤ ਸਿੰਘ ਬੇਦੀ, ਮਨਸੂਰਾਂ (ਲੁਧਿਆਣਾ) ਨੇ ਅੰਮ੍ਰਿਤ-ਪ੍ਰੀਤ ਕੰਪਿਊਟਰ ਸਿਸਟਮ, ਭਗਤ ਸਿੰਘ ਚੌਕ, ਜਲੰਧਰ ਅਤੇ ਐਵਰੀ ਪ੍ਰਿੰਟਰਜ਼ ਅੱਡਾ ਹੁਸ਼ਿਆਰਪੁਰ, ਜਲੰਧਰ ਤੋਂ ਛਪਵਾ ਕੇ ਦਫਤਰ ਅਜੂਨੀ ਮਨਸੂਰਾਂ (ਲੁਧਿਆਣਾ) ਤੋਂ 10-6-96 ਨੂੰ ਪ੍ਰਕਾਸ਼ਿਤ ਕੀਤਾ।



Sri Satguru Jagjit Singh Ji eLibrary NamdhariElibrary@gmail.com

# ਸੰਪਾਦਕੀ

ਅੱਜ ਸਿੱਖ ਕੌਮ ਅਜਮਾਇਸ਼ੀ ਦੌਰ ਵਿਚੋਂ ਗੁਜ਼ਰ ਰਹੀ ਹੈ, ਕਿਉਂਕਿ ਗਿਆਨਹੀਨ ਅਤੇ ਮੌਕਾਪ੍ਰਸਤ ਆਗੂਆਂ ਦੀ ਦੂਰ ਅੰਦੇਸ਼ੀ ਦੀ ਘਾਟ ਕਾਰਣ ਅਤੇ ਬਿਪਰਨ ਵਿਚਾਰਧਾਰਾ ਅਤੇ ਫਾਸ਼ੀਵਾਦੀ ਰੁਚੀਆਂ ਦੇ ਟਾਕਰੇ ਵਜੋਂ ਸਮਰਥ ਨਾ ਹੋਣ ਕਾਰਨ ਇਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਮੁਸੀਬਤਾਂ ਅਤੇ ਜ਼ੁਲਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਹੋਰ ਗੰਭੀਰ ਚੁਣੌਤੀ ਇਕੀਵੀਂ ਸਦੀ ਦੇ ਦੌਰ ਦੀ ਵੀ ਹੈ। ਹਰੇਕ ਧਰਮ ਅੱਜ ਇਹ ਸੋਚ ਰਿਹਾ ਹੈ ਕਿ ਉਹ ਇਸ ਦੌਰ ਵਿਚੋਂ ਆਪਣੇ ਧਰਮ ਤੇ ਕੌਮ ਨੂੰ ਕਿਵੇਂ ਵਿਸਥਾਰ ਕਰਨ ਦੀ ਸੋਚੇ। ਜਦ ਕਿ ਇਸ ਦੇ ਉਲਟ ਸਿੱਖ ਕੌਮ ਨੂੰ ਇਹ ਸੋਚਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਕਿ ਉਹ ਆਪਣੀ ਹੋਂਦ ਨੂੰ ਕਿਵੇਂ ਸੁਰੱਖਿਅਤ ਰੱਖੇ। ਇਹ ਗੱਲ ਸਾਫ਼ ਹੈ ਕਿ ਜਦੋਂ ਕੋਈ ਕੌਮ ਅੱਗੇ ਵੱਧਣ ਦੀ ਸੋਚੇ ਤੇ ਅਜਿਹਾ ਕਰਨ ਲਈ ਪ੍ਰਯਤਨ ਕਰੇ ਤਾਂ ਅਜਿਹੀ ਕੋਈ ਗੱਲ ਨਹੀਂ ਕਿ ਉਹ ਚੜ੍ਹਦੀ ਕਲਾ ਵਲ ਨਾ ਜਾਵੇ। ਪਰ ਜੇ ਕੋਈ ਕੌਮ ਇਹ ਸੋਚੇ ਕਿ ਉਹ ਦਿਸ਼ਾਹੀਣ ਹੋ ਚੁੱਕੀ ਹੈ ਅਤੇ ਉਸ ਨੇ ਆਪਣੀ ਹੋਂਦ ਬਚਾਉਣੀ ਹੈ ਤਾਂ ਉਸ ਦੀ ਹਾਲਤ ਨਿਘਰਦੀ ਜਾਵੇਗੀ। ਕਿਉਂਕਿ ਉਹ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ। ਸਿੱਖ ਕੌਮ ਦੀ ਹਾਲਤ ਵੀ ਅਜਿਹੀ ਹੀ ਹੈ ਕਿ ਉਹ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ। ਪਰ ਗੱਲ ਇਸ ਨਾਲ ਖ਼ਤਮ ਨਹੀਂ ਹੋ ਜਾਂਦੀ ਕਿ ਆਪਣੀ ਕੌਮ ਨੂੰ ਆਪਣੀ ਕਿਸਮਤ ਤੇ ਛੱਡ ਦਿੱਤਾ ਜਾਵੇ। ਕਿਸਮਤ ਤੇ ਭਰੋਸਾ ਰੱਖਣ ਵਾਲੀਆਂ ਕੌਮਾਂ ਹਮੇਸ਼ਾਂ ਤਬਾਹੀ ਦੇ ਰਾਹੇ ਪੈਂਦੀਆਂ ਹਨ ਅਤੇ ਮਨ ਵਿਚ ਚੜ੍ਹਦੀ ਕਲਾ ਰੱਖਣ ਵਾਲੀਆਂ ਕੌਮਾਂ ਹਮੇਸ਼ਾਂ ਕਠਿਨਾਈਆਂ ਦੇ ਹੜ੍ਹਾਂ ਨੂੰ ਚੀਰਦੀਆਂ ਜਿੱਤ ਦਾ ਝੰਡਾ ਬੁਲੰਦ ਕਰਦੀਆਂ ਹਨ। ਜਪਾਨ, ਜਰਮਨ ਵਰਗੀਆਂ ਕੌਮਾਂ ਇਸੇ ਸੰਕਲਪ ਨੂੰ ਲੈ ਕੇ ਹੀ ਵਿਸ਼ਵ ਦੇ ਲੋਕ ਮਨ ਵਿਚ ਆਪਣੀ ਧਾਕ ਜਮਾਈ ਬੈਠੀਆਂ ਹਨ।

ਸਿੱਖ ਕੌਮ ਨੂੰ ਆਪਣੇ ਇਤਿਹਾਸ ਅਤੇ ਵਿਸ਼ਵ ਦੀ ਪ੍ਰਗਤੀਸ਼ੀਲ ਕੌਮਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਕਪਟੀ, ਗਿਆਨ ਵਿਹੂਣੇ, ਅਨੈਤਿਕ, ਲੋਭੀ ਅਤੇ ਕੌਮ ਘਾਤੀ ਲੀਡਰਾਂ ਤੋਂ ਕਿਨਾਰਾ ਕਰਨਾ ਪਵੇਗਾ ਅਤੇ ਉਸ ਦੀ ਥਾਂ ਨਵੇਂ ਲੀਡਰਾਂ ਨੂੰ ਅੱਗੇ ਲਿਆਉਣਾ ਹੋਵੇਗਾ, ਜਿਨਾਂ ਦੀ ਪਛਾਣ ਸਿੱਖ ਵਿਰਸਾ ਅਤੇ ਵਰਤਮਾਨ ਹੋਵੇ, ਜੋ ਕੌਮ ਦੀ ਖ਼ਾਤਰ ਆਪਾ ਸਮਰਪਣ ਕਰਨ ਅਤੇ ਗਿਆਨਵਾਨ ਵੀ ਹੋਣ ਤਾਂ ਜੋ ਬਿਪਰਨ ਵਿਚਾਰਧਾਰਾ ਦੀ ਸ਼ਕਤੀਆਂ ਨੂੰ ਪਛਾੜਣ ਦੇ ਵੀ ਸਮਰਥ ਹੋ ਸਕਣ। ਅਜਿਹਾ ਕਰਨ ਦੇ ਲਈ ਸੰਭਾਵਨਾਵਾਂ ਪੈਦਾ ਕਰਨ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਕਿ ਜੇਕਰ ਸਿੱਖ ਵਿਦਿਅਕ ਅਦਾਰਿਆਂ ਨੂੰ ਪਦਾਰਥਵਾਦ ਦੇ ਗ੍ਰਹਿਣ ਤੋਂ ਬਚਾਇਆ ਹੋਵੇ। ਸਾਨੂੰ ਉਨ੍ਹਾਂ ਵਿਦਿਅਕ ਅਦਾਰਿਆਂ ਅਤੇ ਲੋਕਾਂ ਦੇ ਖਿਲਾਫ਼ ਡਟ ਕੇ ਖਲੋਣਾ ਹੋਵੇਗਾ ਜੋ ਸਿੱਖ ਗੁਰੂਆਂ ਅਤੇ ਪੰਥ ਦੇ ਨਾਂਅ ਤੇ ਵਪਾਰ ਚਲਾ ਕੇ ਸਿੱਖ ਕੌਮ ਦੀਆਂ ਸੁਨਹਿਰੀ ਕੀਮਤਾਂ ਨੂੰ ਤਹਿਸ-ਨਹਿਸ ਕਰ ਰਹੇ ਹਨ। ਜਿੰਨੇ ਸਾਡੀ ਕੌਮ ਕੋਲ ਸਮਰਪਿਤ ਗਿਆਨਵਾਨ ਲੋਕ ਹੋਣਗੇ, ਉਨੀ ਹੀ ਜਲਦੀ ਸਾਡੀ ਕੌਮ ਤਰੱਕੀ ਦੇ ਮਾਰਗ ਵਲ ਜਾ ਸਕੇਗੀ। ਲੋੜ ਤਾਂ ਸਿਰਫ਼ ਆਪਣੇ ਵਿਚੋਂ ਨੈਤਿਕ ਸੰਕਟ ਨੂੰ ਦੂਰ ਕਰਨ ਦੀ ਹੈ।

**ਬਲਵਿੰਦਰ ਪਾਲ ਸਿੰਘ (ਪ੍ਰੋ.)**
**16- ਨਿਊ ਵਿਜੈ ਨਗਰ,**
**ਝੰਡੀਆਂ ਵਾਲੇ ਪੀਰ ਦੇ ਪਿੱਛੇ**
**ਜਲੰਧਰ ਸ਼ਹਿਰ**



Sri Satguru Jagjit Singh Ji eLibrary NamdhariElibrary@gmail.com

# ਸਿੱਖ ਕੌਮ ਦੀ ਵਿਦਿਅਕ ਨੀਤੀ ਬਾਰੇ ਮਹਾਂਪੁਰਸ਼ਾਂ ਤੇ ਚਿੰਤਕਾਂ ਦੇ ਵਿਚਾਰ (ਇਕੀਵੀਂ ਸਦੀ ਦੇ ਸੰਦਰਭ ਵਿਚ)

ਪੇਸ਼ਕਸ਼ : ਹਰਜਿੰਦਰ ਕੌਰ

**ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ**

ਗਿਆਨ ਸਿਖਣਾ ਤੇ ਪ੍ਰਦਾਨ ਕਰਨਾ ਸਿੱਖੀ ਦਾ ਪ੍ਰਮੁਖ ਮੰਤਵ ਹੈ। ਜਿਸ ਗਿਆਨ ਨੂੰ ਗੁਰਸਿੱਖ ਨੇ ਵਿਸ਼ਵ ਵਿਚ ਪ੍ਰਸਾਰਨਾ ਹੈ, ਆਪਣੇ ਅੰਦਰ ਜਾਗ੍ਰਿਤ ਕਰਨਾ ਹੈ, ਉਹ ਨਾ ਪਦਾਰਥਵਾਦੀ ਬਿਰਤੀ ਨਾਲ ਜੁੜਿਆ ਹੈ, ਨਾ ਝੂਠ ਨਾਲ ਜੁੜਿਆ ਹੈ, ਨਾ ਹੀ ਨਿੱਜੀ ਹਿੱਤਾਂ ਨਾਲ ਜੁੜਿਆ ਅਤੇ ਨਾ ਹੀ ਫਾਹੂ ਅਤੇ ਪਿਛਾਂਹ ਖਿਚੂ ਰੁਚੀਆਂ ਦਾ ਪ੍ਰਤੀਕ ਹੈ। ਇਹ ਤਾਂ ਸਚਾਈ, ਉਦਮਸ਼ੀਲਤਾ, ਇਮਾਨਦਾਰੀ, ਸਰਬਤ ਦੇ ਭਲੇ ਅਤੇ ਨੈਤਿਕਤਾ ਦਾ ਸਾਗਰ ਹੈ, ਜਿਸ ਵਿਚੋਂ ਅਮੀਰ-ਗਰੀਬ, ਰਾਜਾ-ਰੰਕ, ਦਲਿਤ-ਸਵਰਨ ਕੋਈ ਵੀ ਹੋਵੇ ਚੁਭੀ ਮਾਰ ਕੇ ਅਮਰਤਾ ਦੇ ਸੰਕਲਪ ਨਾਲ ਜਾ ਜੁੜਦਾ ਹੈ। ਇਤਿਹਾਸ ਵਲ ਝਾਤੀ ਮਾਰੀਏ ਤਾਂ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਵਿਚ ਗਿਆਨ ਨੂੰ ਚੌਹੀਂ ਕੁੰਟੀ ਪਸਾਰਿਆ ਸੀ, ਲੋਕਾਈ ਨੂੰ ਇਕ ਪਰਮਾਤਮਾ ਨਾਲ ਜੋੜਿਆ ਸੀ ਅਤੇ ਕਰਮਕਾਂਡਾਂ, ਜ਼ਾਲਮਾਨਾ ਅਥਵਾ ਅਨੈਤਿਕ ਰੁਚੀਆਂ ਤੋਂ ਮੁਕਤੀ ਦਿਵਾਈ ਸੀ। ਬਾਕੀ ਗੁਰੂਆਂ ਨੇ ਵੀ ਇਸ ਗਿਆਨ ਦੇ ਭੰਡਾਰ ਨੂੰ ਸਰਬਤ ਦੇ ਭਲੇ ਦਾ ਪ੍ਰਤੀਕ ਬਣਾਇਆ ਸੀ। ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਨੇ ਜਿਥੇ ਗੁਰਸਿੱਖ ਨੂੰ ਖ਼ਾਲਸਾ ਪਦਵੀ ਦਾ ਮਾਲਕ ਬਣਾਇਆ, ਉਥੇ ਉਸ ਨੂੰ ਗਿਆਨਵਾਨ ਵੀ ਬਣਾਇਆ। ਗੁਰਮਤਿ ਵਿਚ ਵੀ ਗਿਆਨ ਸਿਖਣ ਅਤੇ ਪ੍ਰਸਾਰਨ ਕਰਨ ਉਪਰ ਵਿਸ਼ੇਸ ਬਲ ਦਿੱਤਾ ਹੈ:

(1) ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1412)

(2) ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1245)

ਪਰ ਅਜੋਕੀ ਦਸ਼ਾ ਇਸ ਤੋਂ ਭਿੰਨ ਹੈ, ਕਿਉਂਕਿ ਅਸੀਂ ਮੌਕਾ ਹੀ ਨਹੀਂ ਦੇ ਰਹੇ ਕਿ ਸਾਡੇ ਵਿਚ ਗੁਰੂ ਦੀ ਕਲਾ ਵਰਤੇ, ਅਸੀਂ ਗਿਆਨਵਾਨ ਹੋਣ ਲਈ ਸੰਘਰਸ਼ ਕਰੀਏ ਅਤੇ ਏਕੇ ਨਾਲ ਜੁੜੀਏ। ਇਹੀ ਕਾਰਣ ਹੈ ਕਿ ਅੱਜ ਕੌਮ ਵਿਚ ਨਾ ਕੋਈ ਗਿਆਨਵਾਨ ਨਜ਼ਰੀ ਪੈਂਦਾ ਹੈ ਅਤੇ ਨਾ ਹੀ ਗਿਆਨਵਾਨ ਵਿਅਕਤੀ ਦੀ ਕਦਰ ਹੈ। ਸਿਆਸਤ ਵੀ ਉਨ੍ਹਾਂ ਲੋਕਾਂ ਦੇ ਹੱਥ ਵਿਚ ਹੈ ਜੋ ਗੁਰ-ਗਿਆਨ ਤੋਂ ਵਿਹੂਣੇ ਹਨ। ਨਤੀਜੇ ਵਜੋਂ ਸਿੱਖ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ 'ਚ ਨਿਸਫਲ ਹੋ ਗਏ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਸੰਕਟ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਉਹੀ ਕੌਮਾਂ ਪ੍ਰਗਤੀ ਦੀ ਦਿਸ਼ਾ ਵਲ ਕਦਮ ਧਰ ਸਕਦੀਆਂ ਹਨ, ਜਿਨ੍ਹਾਂ ਦੇ ਲੀਡਰ ਗਿਆਨਵਾਨ ਹੋਣ। ਗਿਆਨ ਵਿਹੂਣੇ ਲੀਡਰਾਂ ਵਿਚ ਇੰਨੀ ਸਮਰਥਾ ਨਹੀਂ ਹੁੰਦੀ ਕਿ ਉਹ ਆਪਣੀ ਕੌਮ ਨੂੰ ਪ੍ਰਗਤੀ ਦੀ ਦਿਸ਼ਾ ਵਲ ਲਿਜਾ ਸਕਣ। ਇਤਿਹਾਸ ਗਵਾਹ ਹੈ ਕਿ ਫਰਾਂਸ ਦੀ ਤਰੱਕੀ ਦਾ ਕਾਰਣ ਉਸ ਦਾ ਇਨਕਲਾਬੀ ਲੀਡਰ ਰੋਬਰਸਪੀਅਰੇ ਅਤੇ ਰੂਸੋ ਸੀ, ਰੂਸ ਦੀ ਪ੍ਰਗਤੀ ਦਾ ਕਾਰਣ ਮਾਰਕਸ ਅਤੇ ਲੈਨਿਨ, ਇੰਗਲੈਂਡ ਦੀ ਤਰੱਕੀ ਦਾ ਕਾਰਣ

ਮਿਲਟਨ ਸੀ ਅਤੇ ਸਿੱਖ ਕੌਮ ਦੀ ਤਰੱਕੀ ਦਾ ਕਾਰਣ ਸੰਤ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਅਤੇ ਬਾਬਾ ਸਾਹਿਬ ਸਿੰਘ ਬੇਦੀ ਆਦਿ ਵਰਗੇ ਗਿਆਨਵਾਨ ਮਹਾਂਪੁਰਸ਼ ਸਨ । ਜਰਮਨ ਦੇ ਇਨਕਲਾਬ ਵਲ ਨਜ਼ਰ ਮਾਰੀ ਜਾਵੇ ਤਾਂ ਹਿਟਲਰ ਦੀ ਸਿਆਣਪ ਸਦਕਾ ਹੀ ਜਰਮਨ ਵਿਸ਼ਵ ਦੀ ਵਿਸ਼ਾਲ ਤਾਕਤ ਬਣ ਗਿਆ ਸੀ ਅਤੇ ਉਸ ਦੀ ਮੂਰਖਤਾ ਕਾਰਣ ਹੀ ਰੂਸ ਤੇ ਹਮਲਾ ਕਰਕੇ ਆਪਣੇ ਦੇਸ਼ ਲਈ ਤਬਾਹੀ ਸਿਰਜ ਬੈਠਾ ਸੀ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਸ ਕੌਮ ਦੀ ਅਗਵਾਈ ਕਰਨ ਵਾਲੇ ਗਿਆਨਵਾਨ ਹੋਣਗੇ, ਉਹ ਕੌਮ ਕਦੇ ਦਿਸ਼ਾਹੀਣ ਨਹੀਂ ਹੋ ਸਕਦੀ ।

ਜੇਕਰ ਯਹੂਦੀਆਂ ਦੀ ਛੋਟੀ ਜਿਹੀ ਕੌਮ ਅਤੇ ਜਪਾਨ ਵਰਗਾ ਛੋਟਾ ਜਿਹਾ ਦੇਸ਼ ਅੱਜ ਵਿਸ਼ਵ ਵਿਚ ਆਪਣੀ ਵੱਖਰੀ ਤੇ ਉਚਤਮ ਪਛਾਣ ਬਣਾਈ ਬੈਠਾ ਹੈ । ਕਾਰਣ ਇਹੀ ਹੈ ਕਿ ਇਨ੍ਹਾਂ ਨੇ ਆਪਣੇ ਵਿਚ ਗਿਆਨਵਾਨ ਲੋਕ ਪੈਦਾ ਕੀਤੇ ਹਨ । ਪਰ ਇਸ ਦੇ ਉਲਟ ਸਿੱਖ ਕੌਮ ਤਾਂ ਆਪਸੀ ਝਗੜਿਆਂ ਤੋਂ ਮੁਕਤ ਨਹੀਂ ਹੋਈ, ਉਹ ਫਿਰ ਕਿਵੇਂ ਗਿਆਨ ਪ੍ਰਸਾਰਣ ਵਿਚ ਰੁਚੀ ਲੈ ਸਕਦੀ ਸੀ । ਜੀਵਨ ਦੇ ਰਸਤੇ ਤਾਂ ਦੋ ਹਨ, ਇਕ ਗਿਆਨ ਦਾ ਹੈ ਅਤੇ ਦੂਸਰਾ ਅਗਿਆਨ ਦਾ ਹੈ । ਗਿਆਨ ਦੇ ਰਸਤੇ ਤੇ ਜਾਣ ਲਈ ਜਰੂਰੀ ਹੈ ਕਿ ਏਕੇ ਨੂੰ ਅਪਨਾਇਆ ਜਾਵੇ, ਇਸੇ ਵਿਚ ਤਾਂ ਬਰਕਤ ਹੈ । ਗੁਰੂ ਸਾਹਿਬ ਤਾਂ ਇਸ ਗੱਲ ਨੂੰ ਬੜੀ ਖ਼ੂਬਸੂਰਤੀ ਨਾਲ ਕਈ ਚਿਰ ਪਹਿਲਾਂ ਪ੍ਰਗਟ ਕਰ ਚੁਕੇ ਹਨ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1185)

ਇਸੇ ਸਿਧਾਂਤ ਵਿਚ ਗਿਆਨ ਦੀ ਰੋਸ਼ਨੀ ਹੈ । ਆਪਸੀ ਦੁਬਿਧਾ ਅਤੇ ਲੜਾਈਆਂ-ਝਗੜਿਆਂ ਤੋਂ ਦੂਰ ਹੋਵਾਂਗੇ ਤਾਂ ਹੀ ਤਾਂ ਅਸੀਂ ਗਿਆਨ ਦੇ ਜੋਗੇ ਹੋ ਸਕਾਂਗੇ ।

ਦੂਸਰਾ ਅਗਿਆਨ ਦਾ ਰਸਤਾ ਹੈ, ਜਿਸ ਨੂੰ ਗੁਰਮਤਿ ਵਿਚ 'ਮਨਮੁਖ ਦਾ ਸੁਭਾਅ' ਆਖਿਆ ਹੈ । ਅਗਿਆਨ ਅਤੇ ਮਨਮੁਖ ਦੋਵਾਂ ਦੀ ਸਾਂਝ ਹੈ, ਜਿਸ ਵਿਚੋਂ ਫੁਟਪਾਊ ਬਿਰਤੀਆਂ ਪੈਦਾ ਹੁੰਦੀਆਂ ਹਨ । ਫੁਟਪਾਊ ਬਿਰਤੀਆਂ ਦਾ ਸੁਭਾਅ ਹੀ ਇਹ ਹੈ ਕਿ ਗਿਆਨ ਦਾ ਪਰਸਾਰਣ ਹੋਣ ਹੀ ਨਾ ਦੇਣ । ਮਹਾਨ ਵਿਦਵਾਨ ਨਿਤਸ਼ੇ ਦਾ ਕਥਨ ਹੈ, "ਗਿਆਨ ਸ਼ਕਤੀ ਦੀ ਇੱਛਾ ਦਾ ਖਾਸ ਹਥਿਆਰ ਹੈ, ਜਿਸ ਬਿਨਾਂ ਵਿਅਕਤੀ ਆਖਰੀ ਸ਼ਕਤੀ ਜਾਂ ਖੁਸ਼ੀ ਪ੍ਰਾਪਤ ਨਹੀਂ ਕਰ ਸਕਦਾ । ਸਿਰਫ ਗਿਆਨ ਹੀ ਸਾਡੀਆਂ ਪਸ਼ੂ ਬਿਰਤੀਆਂ ਨੂੰ ਸੋਧ ਸਕਦਾ ਹੈ ।"

ਪਰ ਸਾਡੀ ਕੌਮ ਦੀ ਦਸ਼ਾ ਇਹੀ ਹੈ ਕਿ ਅਸੀਂ ਸਿਖਣਾ ਹੀ ਨਹੀਂ ਚਾਹੁੰਦੇ, ਅਸੀਂ ਤਾਂ ਸ਼ਸਤਰ ਨੂੰ ਸ਼ਾਸਤਰ ਨਾਲੋਂ ਮਹਾਨ ਬਣਾਈ ਬੈਠੇ ਹਾਂ । ਜੋ ਕੌਮਾਂ ਸ਼ਾਸ਼ਤਰ ਨਾਲੋਂ ਸ਼ਸ਼ਤਰ ਨੂੰ ਜ਼ਿਆਦਾ ਤਰਜ਼ੀਹ ਦਿੰਦੀਆਂ ਹਨ, ਉਹ ਤਬਾਹਕੁੰਨ ਮੋੜ ਤੇ ਆ-ਖਲੋਂਦੀਆਂ ਹਨ । ਪਿਛਲੇ ਦਹਾਕੇ ਸਿੱਖਾਂ ਨਾਲ ਕੀ ਬੀਤੀ, ਰੂਸ ਦਾ ਕੀ ਬਣਿਆ ਅਤੇ ਹੁਣ ਚੀਨ ਦਾ ਕੀ ਬਣ ਰਿਹਾ ਹੈ । ਇਨ੍ਹਾਂ ਦੇ ਸੰਕਟ ਦਾ ਕਾਰਣ ਹੀ ਇਹੀ ਸੀ ਕਿ ਇਹ ਗਿਆਨ ਨਾਲੋਂ ਬਲ ਨੂੰ ਅਸਲੀ ਤਾਕਤ ਸਮਝੀ ਬੈਠੇ ਸਨ । ਗੱਲ ਤਾਂ ਇਕੋ ਹੈ ਜਾਂ ਅਕਲ ਨੂੰ ਵੱਡਾ ਮੰਨ ਲਵੋ ਜਾਂ ਬਲ ਨੂੰ। ਅਕਲ ਨੂੰ ਵੱਡਾ ਮੰਨੋਗੇ ਤਾਂ ਕੁਝ ਗ੍ਰਹਿਣ ਕਰ ਜਾਵੋਗੇ, ਜੇਕਰ ਬਲ ਨੂੰ ਆਪਣੀ ਹੋਂਦ ਦਾ ਵਿਸ਼ਾ ਬਣਾਵੋਗੇ ਤਾਂ ਕੁਝ ਵੀ ਗ੍ਰਹਿਣ ਨਹੀਂ ਹੋਣ ਵਾਲਾ । ਹਾਂ, ਉਥੇ ਜ਼ਰੂਰ ਡਿੱਗ ਪਵੋਗੇ, ਜਿਥੋਂ ਤੁਹਾਡਾ ਨਿਕਲਣਾ ਅਸੰਭਵ ਹੋ ਜਾਵੇਗਾ । ਕਹਿਣ ਤੋਂ ਭਾਵ ਤੁਸੀਂ ਤਬਾਹ ਹੋ ਜਾਵੋਗੇ। ਮੇਰੇ ਕਹਿਣ ਦਾ ਭਾਵ ਇਹ ਵੀ ਨਹੀਂ ਕਿ ਬਲ ਕੋਈ ਮਹੱਤਵ ਨਹੀਂ ਰੱਖਦਾ । ਬਲ ਤਾਂ ਉਸ



Sri Satguru Jagjit Singh Ji eLibrary NamdhariElibrary@gmail.com

ਵੱਲ ਮਹੱਤਵ ਰਖੇਗਾ, ਜਦੋਂ ਬਲ ਉਪਰ ਗਿਆਨ ਦੀ ਮਿਹਰ ਹੋਵੇਗੀ । ਗਿਆਨ ਦੀ ਮਿਹਰ ਤੋਂ ਬਿਨਾਂ ਬਲ ਕੌਮ ਦੀ ਤਬਾਹੀ ਦਾ ਕਾਰਣ ਹੀ ਬਣਦਾ ਹੈ ।

ਆਓ ਸੋਚੀਏ ਕਿ ਅਸੀਂ ਭਾਈ ਕਪੂਰ ਸਿੰਘ ਆਈ. ਸੀ.ਐਸ ਤੋਂ ਬਾਅਦ ਕਿਹੜਾ ਵਿਸ਼ਵ ਪੱਧਰ ਦਾ ਵਿਦਵਾਨ ਪੈਦਾ ਕੀਤਾ ਹੈ । ਜੇਕਰ ਮਹਾਨ ਵਿਦਵਾਨ ਡਾ. ਅੰਬੇਦਕਰ ਨੇ ਸਿੱਖ ਕੌਮ ਵਿਚ ਪ੍ਰਵੇਸ਼ ਕਰਨ ਦੀ ਸੋਚੀ ਤਾਂ ਸਾਡੇ ਹਉਮੈਂਵਾਦੀ ਲੀਡਰਾਂ ਨੇ ਉਸ ਨੂੰ ਧਕੇ ਮਾਰ ਕੇ ਗੁਰੂ ਘਰ 'ਚੋਂ ਬਾਹਰ ਕੱਢ ਦਿੱਤਾ । ਕੀ ਇਹ ਨੀਤੀ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਸੀ ।

ਅੱਜ ਸਾਨੂੰ ਆਪਣੀ ਕੌਮ ਦੀ ਪ੍ਰਗਤੀ ਲਈ ਇਕ ਪ੍ਰਣ ਕਰਨਾ ਪਵੇਗਾ ਕਿ ਗੁਰੂਆਂ ਨੇ ਜੋ ਸਿਖਿਆ ਸਾਨੂੰ ਦਿੱਤੀ ਸੀ, ਉਸ ਨੂੰ ਆਪਣੇ ਜੀਵਨ ਵਿਚ ਢਾਲੀਏ ਤਾਂ ਜੋ ਕੌਮ ਦੀ ਪ੍ਰਗਤੀ ਹੋ ਸਕੇ । ਗਿਆਨ ਸਹੀ ਅਰਥਾਂ ਵਿਚ ਤਾਂ ਹੀ ਅਸੀਂ ਫੈਲਾ ਸਕਾਂਗੇ, ਜੇਕਰ ਸਾਡੇ ਵਿਚ ਲੋਕਾਈ ਨੂੰ ਸਰਬਤ ਦੇ ਭਲੇ ਅਤੇ ਏਕਤਾ ਦੇ ਵਾਤਾਵਰਣ ਨਾਲ ਜੋੜਨ ਦੀ ਸ਼ਕਤੀ ਹੋਵੇਗੀ । ਸਿੱਖ ਕੋਲ ਤਾਂ ਅਸਮਾਨ ਨੂੰ ਜਿਤਣ ਦੀ ਸ਼ਕਤੀ ਹੈ, ਪਰ ਉਹ ਆਪਣੇ ਨੁਕਸ ਕਾਰਣ ਦਿਸ਼ਾਹੀਣ ਹੋ ਗਏ ਹਨ । ਅੱਜ ਸਿੱਖ ਵਿਦਿਅਕ ਅਦਾਰਿਆਂ ਦੇ ਮਾਹੌਲ ਵਿਚੋਂ ਵਿਦਿਆ ਵਿਚਾਰੀ ਤਾਂ ਪਰਉਪਕਾਰੀ ਵਾਲੀ ਚੇਤਨਾ ਮੂਲੋਂ ਗਾਇਬ ਹੋ ਚੁੱਕੀ ਹੈ । ਇਹ ਵਿਦਿਅਕ ਅਦਾਰੇ ਨਿਜ ਵਪਾਰ ਦਾ ਕੇਂਦਰ ਬਣ ਗਏ ਹਨ, ਜਿਸ ਕਾਰਣ ਇਨ੍ਹਾਂ ਵਿਚੋਂ ਗਿਆਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਦਰਸ਼ਕ ਚੇਤਨਾ ਨਾਲ ਨਹੀਂ ਜੁੜ ਸਕਦੇ ਅਤੇ ਨਾ ਹੀ ਜੀਵਨ ਨਾਲ ਨਿਯਮਬਧ ਹੋ ਸਕਦੇ ਹਨ । ਨਤੀਜਾ ਇਹ ਹੁੰਦਾ ਹੈ ਕਿ ਡੂਨੇਸ਼ਨ ਦੇ ਰੂਪ ਵਿਚ ਰਿਸ਼ਵਤ ਦੇ ਕੇ ਪੜ੍ਹਨ ਵਾਲੇ ਵਿਦਿਆਰਥੀ ਆਪਣੇ ਪੂਰੇ ਜੀਵਨ ਵਿਚ ਭ੍ਰਿਸ਼ਟਾਚਾਰੀ ਅਤੇ ਅਨੁਸ਼ਾਸ਼ਨਹੀਣ ਹੋ ਨਿਬੜਦੇ ਹਨ । ਸਾਡੀ ਵਿਦਿਅਕ ਪ੍ਰਣਾਲੀ ਦਾ ਵੱਡਾ ਦੋਸ਼ ਇਹੀ ਹੈ ਕਿ ਇਸ ਨੇ ਨਾ ਵਧੀਆ ਟੈਕਨੀਕਲ, ਮੈਡੀਕਲ ਅਤੇ ਇੰਜੀਨਰਿੰਗ ਵਿਦਿਅਕ ਅਦਾਰੇ ਖੋਲੇ ਹਨ ਅਤੇ ਨਾ ਹੀ ਸਿਵਲ ਸਰਵਿਸਜ਼ ਅਤੇ ਵਧੀਆ ਸਰਵਿਸਜ਼ ਲਈ ਟਰੇਨਿੰਗ ਸੈਂਟਰ ਖੋਲੇ ਹਨ । ਨਤੀਜਾ ਇਹ ਨਿਕਲ ਰਿਹਾ ਹੈ ਕਿ ਗਜਟਿਡ ਅਤੇ ਸਿਵਲ ਸਰਵਿਸਜ਼ ਵਿਚ ਸਿੱਖਾਂ ਦੀ ਗਿਣਤੀ ਘੱਟ ਰਹੀ ਹੈ । ਸਾਡੇ ਨੌਜਵਾਨ ਗੁਣਹੀਣ ਸਿੱਖ ਵਿਦਿਅਕ ਪ੍ਰਣਾਲੀ ਕਾਰਣ ਕਿਰਤ ਪ੍ਰਤੀ ਘਿਰਣਾ ਦੀ ਧਾਰਨਾ ਧਾਰੀ ਬੈਠੇ ਹਨ । ਨਤੀਜੇ ਵਜੋਂ ਖੇਤੀਬਾੜੀ ਅਤੇ ਉਦਯੋਗਿਕ ਵਿਕਾਸ ਵਿਚ ਪੰਜਾਬ ਪਛੜ ਰਿਹਾ ਹੈ ਅਤੇ ਬਾਹਰਲੇ ਮਜ਼ਦੂਰਾਂ ਤੇ ਨਿਰਭਰ ਹੋ ਕੇ ਰਹਿ ਗਿਆ ਹੈ ।

ਆਓ ਇਸ ਦਿਸ਼ਾਹੀਣਤਾ ਤੋਂ ਮੁਕਤ ਹੋ ਕੇ ਗੁਰੂ ਦੇ ਝੰਡੇ ਹੇਠ ਇਕੱਤਰ ਹੋਈਏ ਅਤੇ ਅਜਿਹੀ ਦਸਵੰਧ ਪ੍ਰਥਾ ਚਲਾਈਏ, ਜਿਸ ਨਾਲ ਵਧੀਆ ਸਕੂਲ, ਕਾਲਜ ਅਤੇ ਉਚ ਪੱਧਰ ਦੇ ਟੈਕਨਾਲੋਜੀ ਸੈਂਟਰ, ਮੈਡੀਕਲ ਕਾਲਜ, ਇੰਜੀਨਰਿੰਗ ਕਾਲਜ ਖੁਲ ਸਕਣ । ਸਾਨੂੰ ਚੇਤਨ ਹੋਣ ਦੀ ਲੋੜ ਹੈ ਕਿ ਕਿਤੇ ਇਹ ਸੰਸਥਾਵਾਂ ਵਪਾਰ ਦੀ ਮੰਡੀ ਬਣ ਕੇ ਨਾ ਰਹਿ ਜਾਣ, ਸਗੋਂ ਇਹ ਤਾਂ ਦਲਿਤਾਂ, ਗਰੀਬਾਂ ਅਤੇ ਸਰਬਤ ਦੀ ਬੰਦਖਲਾਸੀ ਦਾ ਕੇਂਦਰ ਹੋਣੀਆਂ ਚਾਹੀਦੀਆਂ ਹਨ, ਜਿਸ ਨਾਲ ਵਿਸ਼ਵ ਪੱਧਰ ਤੇ ਸਿੱਖ ਕੌਮ ਦਾ ਸੁਹਜ ਫੈਲ ਸਕੇ ।

**ਮਹੰਤ ਤੀਰਥ ਸਿੰਘ ਸੇਵਾ ਪੰਥੀ**

ਜਿਨ੍ਹਾਂ ਵਿਸ਼ੇਸ਼ ਗੱਲਾਂ ਵਲ ਕੌਮ ਨੇ ਧਿਆਨ ਨਹੀਂ ਦਿੱਤਾ, ਮੇਰੀ ਖਾਹਿਸ਼ ਹੈ ਕਿ ਧਿਆਨ ਮੋੜਿਆ ਜਾਏ । ਸਭ ਤੋਂ ਵਧ ਜਰੂਰੀ ਗੱਲ ਇਹ ਹੈ ਕਿ ਅਸੀਂ ਕੌਮ ਦੀਆਂ ਭੱਖਦੀਆਂ ਲੋੜਾਂ



Sri Satguru Jagjit Singh Ji eLibrary NamdhariElibrary@gmail.com

ਵੱਲ ਧਿਆਨ ਦੇਈਏ ਤਾਂ ਕਿ ਸਿੱਖ ਨੌਜਵਾਨ ਵਿਦਿਆ ਦਾ ਸਹੀ ਪ੍ਰਯੋਜਨ ਜਾਣ ਕੇ ਇਕਸਾਰ ਸਰੀਰਕ, ਆਤਮਿਕ ਤੇ ਦਿਲ-ਦਿਮਾਗ ਦੀ ਉਨਤੀ ਕਰ ਸਕੇ । ਜੋ ਦੇਗ ਚਲਾਣੀ ਜਾਣਦੇ ਹਨ, ਉਹੀ ਜਾਣਦੇ ਹਨ ਕਿ ਤੇਗ ਕਦ ਚਲਾਉਣੀ ਹੈ । ਦੁਖ ਭੁੱਖ ਦਾ ਇਲਾਜ ਕੇਵਲ ਵਿਦਿਆ ਹੈ । ਵਿਦਿਆ ਵੀ ਉਹ ਜੋ ਆਪਣੇ 'ਤੇ ਭਰੋਸਾ ਪੈਦਾ ਕਰੇ । ਬੇ-ਮੁਥਾਜ ਨਾ ਰਹਿਣ ਦੇਵੇ। ਆਪਣੀ ਰੋਜ਼ੀ ਆਪ ਕਮਾਉਣ ਦੇ ਸਾਧਨ ਜੁਟਾਏ । ਵੱਡੀ ਗੱਲ਼ ਭਾਈ ਕਨ੍ਹੱਈਆ ਜੀ ਵਾਂਗ ਲੋੜਵੰਦਾਂ ਤੇ ਦੁਖੀਆਂ ਦੀ ਸੇਵਾ ਕਰਨ ਦੇ ਯੋਗ ਬਣਾ ਦੇਵੇ । ਆਤਮ-ਭੰਗ ਨਾ ਹੋਣ ਦੇਵੇ। ਸਵੈ-ਮਾਨ ਦਾ ਜੀਵਨ ਸਿਖਲਾਏ ਜੋ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਅੰਕਿਤ ਕੀਤਾ ਹੈ, ਉਹ ਹਰ ਹਿਰਦੇ ਵਿਚ ਵਸੇ । ੧ੴ ਦੇ ਮੰਨਣ ਵਾਲਿਆਂ ਵਿਚ ਏਕੇ ਦੀ ਭਾਵਨਾ ਆਵੇ । ਸਤਿ ਨਾਮੁ ਦੇ ਜਪਣ ਵਾਲੇ ਦਾ ਜੀਵਨ ਸੱਚ ਤੇ ਨਿਰਧਾਰਿਤ ਹੋਵੇ । ਕਰਤਾ ਪੁਰਖ ਪੜ੍ਹਨ ਵਾਲਾ ਕਦੇ ਢਾਊ ਬਿਰਤੀ ਵਾਲਾ ਇਨਸਾਨ ਨਾ ਬਣੇ, ਨਿਰਭਉ ਨਿਰਵੈਰੁ ਦਾ ਸਿਮਰਨ ਕਰਨ ਵਾਲੇ ਦੀ ਸਮਦ੍ਰਿਸ਼ਟੀ ਹੋਵੇ । ਅਕਾਲ ਮੂਰਤਿ ਦਾ ਧਿਆਨ ਧਰਨ ਵਾਲਾ ਕਦੇ ਕੋਝੀਆਂ ਹਰਕਤਾਂ ਨਾ ਕਰੇ। ਸੈਭੰ, ਨਿਤ ਪੜ੍ਹਨ ਵਾਲਾ ਆਤਮ-ਨਿਰਭਰ ਹੋਵੇ । ਕਦੇ ਕਿਸੇ ਅੱਗੇ ਹੱਥ ਨਾ ਅਡੇ ਅਤੇ ਗੁਰ ਪ੍ਰਸਾਦਿ ਸਾਨੂੰ ਵਿਅਕਤੀਆਂ ਤੋਂ ਉਤਾਂਹ ਉਠਾ ਕੇ ਸ਼ਬਦ ਦੇ ਲੜ ਲਗਾਵੇ । ਨਾਨਕ ਹੋਸੀ ਭੀ ਸਚੁ ਦਾ ਜਾਪ ਕਰਨ ਵਾਲਾ ਆਪਣੇ ਅੰਦਰ ਸੱਚ ਅਤੇ ਨੈਤਿਕ ਕੀਮਤਾਂ ਦੀ ਕਲਾ ਵਰਤਣ ਦੇਵੇ । ਬੱਸ ਉਸੇ ਨੂੰ ਜਾਣੋ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ।'

**ਸਿੰਘ ਸਾਹਿਬ ਪ੍ਰੋਫੈਸਰ ਦਰਸ਼ਨ ਸਿੰਘ**

ਸਿੱਖ ਸੰਸਾਰ ਨਾਲ ਜੁੜੇ ਹੋਏ ਦੋ ਬੜੇ ਮਹਾਨ ਸ਼ਬਦ ਹਨ- ਗੁਰੂ ਅਤੇ ਗਿਆਨ । ਸਿੱਖੀ ਦਾ ਜਨਮ ਹੀ ਗੁਰੂ ਅਤੇ ਗਿਆਨ ਤੋਂ ਹੋਇਆ ਹੈ -ਬਲਕਿ ਹੋਰ ਅੱਗੇ ਵਧੀਏ ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ ਮਨੁੱਖੀ ਜੀਵਨ ਦੀ ਸਾਰੀ ਉਸਾਰੀ ਗਿਆਨ 'ਤੇ ਨਿਰਭਰ ਹੈ ਅਤੇ ਗਿਆਨ ਗੁਰੂ 'ਤੇ ਨਿਰਭਰ ਹੈ । ਜੀਵ ਜਨਮ ਤੋਂ ਹੀ ਮੁੱਢਲਾ ਗਿਆਨ ਮਾਂ ਦੀ ਗੋਦ, ਮਾਂ ਦੇ ਹਾਵ ਤੇ ਮਾਂ ਦੀ ਬੋਲੀ ਤੋਂ ਲੈਣਾ ਸ਼ੁਰੂ ਕਰਦਾ ਹੈ ਤੇ ਗਿਆਨ ਦੇ ਕੇਂਦਰਾਂ-ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ ਲੈਣ ਤੋਂ ਉਪਰੰਤ ਪੂਰਾ ਜੀਵਨ ਦੁਨੀਆਂ ਦੇ ਖੇਤਰ ਵਿਚ ਆਪਣੀ ਅਤੇ ਦੂਜਿਆਂ ਦੀ ਹੱਡ ਬੀਤੀ ਤੋਂ ਵੀ ਗਿਆਨ ਲੈਂਦਾ ਚਲਾ ਜਾਂਦਾ ਹੈ, ਜਿਸ ਨੂੰ ਅਸੀਂ ਜੀਵਨ ਦਾ ਤਜਰਬਾ ਆਖਦੇ ਹਾਂ । ਇਉਂ ਮਨੁੱਖ ਵਿਦਿਆਰਥੀ ਬਣ ਕੇ ਜੀਵਨ ਭਰ ਗਿਆਨ ਨਾਲ ਜੁੜਿਆ ਰਹਿੰਦਾ ਹੈ ।

ਮਨੁੱਖ ਨੇ ਪਸ਼ੂਆਂ ਪੰਛੀਆਂ ਤੇ ਵੀ ਇਹ ਤਜਰਬਾ ਕੀਤਾ ਹੈ ਅਤੇ ਸਫਲ ਹੋਇਆ ਹੈ ਕਿ ਗਿਆਨ ਪਸ਼ੂ ਪੰਛੀ ਵੀ ਕਬੂਲਦੇ ਹਨ । ਪਸ਼ੂ ਪੰਛੀਆਂ ਨੂੰ ਵੀ ਸਿਖਾ ਕੇ ਉਨ੍ਹਾਂ ਤੋਂ ਮਨੁੱਖਾਂ ਵਾਂਗ ਕੰਮ ਲਿਆ ਜਾ ਸਕਦਾ ਹੈ । ਫਿਲਮਾਂ, ਸਰਕਸਾਂ ਅਤੇ ਹੋਰ ਕਈ ਅਦਾਰਿਆਂ ਵਿਚ ਪਸ਼ੂ ਪੰਛੀ ਮਨੁੱਖਾਂ ਵਾਂਗ ਕੰਮ ਕਰਦੇ ਵੇਖੇ ਜਾ ਸਕਦੇ ਹਨ । ਪਰ ਇਹ ਸਾਰਾ ਪਰਿਵਰਤਨ ਸਿਖਿਆ ਤੇ ਨਿਰਭਰ ਹੈ । ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਆਖਿਆ ਹੈ, "ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ ।"

ਸੋ ਜਿਥੇ ਗਿਆਨਵਾਨ ਪਸ਼ੂ ਪੰਛੀ ਮਨੁੱਖ ਵਾਂਗ ਜੀਅ ਸਕਦਾ ਹੈ, ਉਥੇ ਗਿਆਨਹੀਣ ਇਕ ਮਨੁੱਖ ਪਸ਼ੂ ਪੰਛੀ ਵਾਂਗੂੰ ਜੀਵਨ ਜੁਗਤ ਤੋਂ ਸਖਣਾ ਰਹਿੰਦਾ ਹੈ । ਗੁਰ ਵਾਕ ਹੈ :

ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1412)



Sri Satguru Jagjit Singh Ji eLibrary NamdhariElibrary@gmail.com

ਜਿਹੜੇ ਲੋਕ, ਜਿਹੜੀਆਂ ਕੌਮਾਂ ਤੇ ਜਿਹੜੇ ਸਮਾਜ ਵਿਦਿਆ ਵਿਚ ਪਛੜ ਜਾਂਦੇ ਹਨ, ਉਹ ਜੀਵਨ ਦੀ ਦੌੜ ਵਿਚ ਬਹੁਤ ਪਿਛੇ ਰਹਿ ਜਾਂਦੇ ਹਨ । ਇਸ ਲਈ ਅੱਜ ਦੀ ਪ੍ਰਗਤੀਸ਼ੀਲ ਦੁਨੀਆਂ ਵਿਚ ਮਨੁੱਖ ਨੂੰ ਸਿਖਿਅਤ ਕਰਨ ਵਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਆਧੁਨਿਕ ਸਾਧਨਾਂ – ਕੰਪਿਊਟਰ, ਟੈਲੀਵਿਜ਼ਨ ਆਦਿ ਦੀ ਵਰਤੋਂ ਵੀ ਸਿਖਿਆ ਲਈ ਸਫਲ ਸਾਬਤ ਹੋਈ ਹੈ ।

ਸੁਆਲ ਇਹ ਹੈ ਕਿ ਵਿਦਿਆ ਰਾਹੀਂ ਧਰਮ ਤੱਕ ਪਹੁੰਚ ਕਿਵੇਂ ਹੋਵੇ? ਗੁਰਬਾਣੀ ਅਨੁਸਾਰ ਕਾਦਰ ਕੁਦਰਤ ਵਿਚ ਵਸਦਾ ਹੈ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 463)

ਜਿਸ ਨੂੰ ਅਸੀਂ ਦੁਨੀਆਂਦਾਰੀ ਦੀ ਪੜ੍ਹਾਈ ਕਹਿੰਦੇ ਹਾਂ, ਉਹ ਸਾਰਾ ਕੁਦਰਤ ਦਾ ਗਿਆਨ ਹੈ । ਡਾਕਟਰ ਇੰਜੀਨੀਅਰ, ਸਾਇੰਸਦਾਨ ਸਭ ਕੁਦਰਤ ਦੀ ਖੋਜ ਹੀ ਤਾਂ ਕਰ ਰਹੇ ਹਨ । ਕੁਦਰਤ ਵਿਚ ਕਾਦਰ ਵਸਦਾ ਹੈ । ਇਉਂ ਕੁਦਰਤ ਦੀ ਖੋਜ ਵਿਚ ਤੁਰੇ ਜਾਦਿਆਂ ਇਕ ਐਸਾ ਦਰਵਾਜ਼ਾ ਆਉਂਦਾ ਹੈ, ਜਦੋਂ ਖੋਜੀ ਮਨੁੱਖ ਕੁਦਰਤ ਦੀ ਖੋਜ ਵਿਚੋਂ ਹੋਈਆਂ ਪ੍ਰਾਪਤੀਆਂ ਨੂੰ ਕੇਵਲ ਆਪਣੇ ਜੀਵਨ ਦਾ ਵਪਾਰਕ ਧੰਦਾ ਨਾ ਬਣਾ ਕੇ ਮਨੁੱਖੀ ਸੇਵਾ ਅਤੇ ਪਰਉਪਕਾਰ ਵਜੋਂ ਵਰਤਦਾ ਹੈ, ਉਸ ਵਕਤ ਉਹੋ ਕੁਦਰਤ ਦੀ ਖੋਜ ਕਾਦਰ-ਪ੍ਰਾਪਤੀ ਬਣ ਜਾਂਦੀ ਹੈ । ਗੁਰੂ ਜੀ ਆਖਦੇ ਹਨ;

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 356)

ਇਉਂ ਸਮਾਜ ਦਾ ਜੀਵਨ – ਮਿਆਰ ਉਚਾ ਹੁੰਦਾ ਹੈ ਅਤੇ ਇਕ ਚੰਗਾ ਵਿਦਿਅਕ ਅਦਾਰਾ ਸੰਸਾਰ ਅਤੇ ਨਿਰੰਕਾਰ ਦੇ ਦਰਮਿਆਨ ਪੁਲ ਦਾ ਕੰਮ ਕਰ ਰਿਹਾ ਹੁੰਦਾ ਹੈ ਜੋ ਵਿਦਿਆ ਅਤੇ ਪਰਉਪਕਾਰ ਨੂੰ (ਸੰਸਾਰ ਅਤੇ ਨਿਰੰਕਾਰ ਨੂੰ ) ਇਕ ਦੂਜੇ ਨਾਲ ਜੋੜ ਸਕਦਾ ਹੈ । ਸੋ ਅੱਜ ਦੇ ਯੁੱਗ ਵਿਚ ਉੱਚੇ ਮਿਆਰ ਦੇ ਸਚੁੱਜੇ ਹੱਥਾਂ ਵਿਚ ਚੱਲਣ ਵਾਲੇ ਵਿਦਿਅਕ ਅਦਾਰਿਆਂ ਦੀ ਕੌਮ ਨੂੰ ਦੇਸ਼ ਵਿਦੇਸ਼ ਵਿਚ ਹਰ ਥਾਵੇਂ ਸਖਤ ਲੋੜ ਹੈ । ਪਰ ਉਦਾਸ-ਚਿੱਤ ਮੈਂ ਇਹ ਗੱਲ ਆਖਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਸਿੱਖ ਕੌਮ ਇਸ ਜਰੂਰੀ ਲੋੜ ਪ੍ਰਤੀ ਬਹੁਤੀ ਜਾਗ੍ਰਿਤ ਨਹੀਂ ਦਿੱਸਦੀ । ਸਿੱਖ ਅਮੀਰ ਹੈ, ਸਿੱਖ ਦਾਨੀ ਹੈ, ਸਿੱਖ ਸੰਸਥਾਵਾਂ ਕੋਲ ਕਰੋੜਾਂ, ਅਰਬਾਂ ਰੁਪਿਆਂ ਦੇ ਬਜਟ ਹਨ, ਪਰ ਸਿੱਖਾਂ ਕੋਲ ਆਪਣੇ ਬੱਚਿਆਂ ਲਈ ਲੋੜ ਮੁਤਾਬਕ ਉਚੇ ਮਿਆਰ ਵਾਲੇ ਵਿਦਿਅਕ ਸਾਧਨ ਅਣਹੋਂਦ ਮਾਤਰ ਹੀ ਹਨ ।

ਨਿਆਰੇ ਖ਼ਾਲਸੇ ਦੇ ਨਿਆਰੇ ਸਰੂਪ ਵਾਲੇ ਬੱਚੇ ਜਦੋਂ ਹੋਰ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਗਿਣਤੀ ਵਿਚ ਬਹੁਤ ਥੋੜੇ ਕਈ ਵਾਰ ਇਕ ਦੋ ਬੱਚੇ ਹੀ ਹੁੰਦੇ ਹਨ ਤਾਂ ਉਥੇ ਅਨੇਕ ਮੁਸ਼ਕਲਾਂ ਆਉਂਦੀਆਂ ਹਨ, ਜਿਨ੍ਹਾਂ ਕਰਕੇ ਕਈ ਵਾਰ ਬੱਚੇ ਸਿੱਖੀ ਸਰੂਪ ਗੁਆ ਬਹਿੰਦੇ ਹਨ। ਇਉਂ ਇਧਰ ਧਿਆਨ ਨਾ ਦੇ ਕੇ ਅਸੀਂ ਸਿੱਖੀ ਨਿਸ਼ਾਨੇ ਤੋਂ ਵੀ ਬੇਮੁਖ ਹੋਏ ਲਗਦੇ ਹਾਂ । ਦਿਨ ਬਦਿਨ ਸਰੂਪ ਅਤੇ ਸਿਧਾਂਤ ਨੂੰ ਢਾਹ ਲੱਗ ਰਹੀ ਹੈ ।

ਅਸੀਂ ਕਰੋੜਾਂ ਰੁਪਏ ਦੀਆਂ ਮਾਰਬਲ ਜੜਤ ਇਮਾਰਤਾਂ ਧਰਮ ਦੇ ਨਾਮ ਥੱਲੇ ਜੰਗਲਾਂ ਅਤੇ ਖੇਤਾਂ ਵਿਚ ਬਣਾਉਂਦੇ ਚਲੇ ਜਾ ਰਹੇ ਹਾਂ । ਪਰ ਸਿੱਖੀ ਦੇ ਮਹੱਲ ਨੂੰ ਅਗਿਆਨਤਾ ਦਾ



Sri Satguru Jagjit Singh Ji eLibrary NamdhariElibrary@gmail.com

ਕੱਲਰ ਲਗ ਰਿਹਾ ਹੈ । ਗੁਰੂ ਵਲੋਂ ਸਿੱਖ ਨੂੰ ਜੋ ਦਸਵੰਧ ਕੱਢਣ ਦਾ ਹੁਕਮ ਹੋਇਆ ਸੀ, ਕੇਵਲ ਸਰੀਰਕ ਭੋਜਨ ਦੇ ਲੰਗਰ ਚਲਾਉਣ ਲਈ ਹੀ ਨਹੀਂ ਸੀ । ਵਿਦਿਆ ਦਾ ਪ੍ਰਸਾਰ ਵੀ ਇਕ ਲੰਗਰ ਹੈ, ਜੋ ਮੱਤ ਦਾ ਭੋਜਨ ਹੈ । ਵਿਦਿਆ ਦੇ ਭੋਜਨ ਬਿਨਾਂ ਮਤ ਕਮਜ਼ੋਰ ਹੋ ਜਾਂਦੀ ਹੈ। ਇਸ ਭੋਜਨ ਦਾ ਪੂਰਾ ਉਪਰਾਲਾ ਸਾਡੇ ਕੋਲ ਨਾ ਹੋਣ ਕਰਕੇ ਅੱਜ ਸਾਡੇ ਬੱਚੇ ਦੂਜਿਆਂ ਦੇ ਵਿਦਿਅਕ ਅਦਾਰਿਆਂ ਦੇ ਦਰਵਾਜ਼ਿਆਂ ਤੇ ਮੰਗਤੇ ਬਣ ਕੇ ਖਲੋਤੇ ਹਨ । ਸਿੰਘੋ ਆਓ ! ਜਾਗੋ ! ਦੇਖੋ ਯਹੂਦੀਆਂ ਦੀ ਛੋਟੀ ਜਿਹੀ ਕੌਮ ਅੱਜ ਦੀ ਦੁਨੀਆਂ ਲਈ ਇਕ ਮਿਸਾਲ ਹੈ। ਆਪਣੇ ਬੱਚਿਆਂ ਦੀ ਐਜੂਕੇਸ਼ਨ ਵਲ ਚੇਤੰਨ ਹੋਵੋ, ਐਜੂਕੇਸ਼ਨ ਦੇ ਅਦਾਰਿਆਂ ਨੂੰ ਮਜਬੂਤ ਕਰੋ, ਆਪਣੇ ਫਰਜ਼ ਪਛਾਣੋ, ਨਵੇਂ ਯੁਗ ਦੀਆਂ ਨਵੀਆਂ ਤਕਨੀਕਾਂ ਰਾਹੀਂ ਆਪਣੇ ਬੱਚਿਆਂ ਦਾ ਭਵਿੱਖ ਉਜਲਾ ਕਰੋ । ਗੁਰੂ ਦੀ ਦਿੱਤੀ ਮੱਤ ਵਿਚੋਂ ਕੁਝ ਸੁਝਾਅ ਪੇਸ਼ ਕਰਦਾ ਹਾਂ :

(1) ਸਿੱਖ ਕੌਮ ਵਲੋਂ ਦੇਸ਼ ਅਤੇ ਵਿਦੇਸ਼ ਦੀ ਹਰ ਸਟੇਟ ਵਿਚ ਉਥੋਂ ਦੇ ਵਸਨੀਕ ਸਿੱਖਾਂ ਨੂੰ ਨਾਲ ਲੈ ਕੇ ਇਕ ਵਿਦਿਅਕ ਬੋਰਡ ਬਣਾਇਆ ਜਾਵੇ ।

(2) ਉਸ ਬੋਰਡ ਵਲੋਂ ਆਪਣੀ ਸਟੇਟ ਦੇ ਹਰ ਸ਼ਹਿਰ ਵਿਚ ਸੈਮੀਨਾਰ ਕਰਕੇ ਕੌਮ ਵਿਚ ਬੱਚਿਆਂ ਲਈ ਵਿਦਿਅਕ ਜਾਗ੍ਰਿਤੀ ਪੈਦਾ ਕੀਤੀ ਜਾਵੇ ।

(3) ਹਰ ਸਟੇਟ ਅਤੇ ਸ਼ਹਿਰ ਦੇ ਸਿੱਖਾਂ ਨਾਲ ਵਿਚਾਰ ਵਟਾਂਦਰਾ ਕਰਕੇ ਬੱਚਿਆਂ ਦੀ ਵਿਦਿਆ ਸੰਬੰਧੀ ਉਨ੍ਹਾਂ ਸਾਹਮਣੇ ਖੜੀਆਂ ਮੁਸ਼ਕਲਾਂ ਤੋਂ ਜਾਣੂ ਹੋਇਆ ਜਾਵੇ ਅਤੇ ਬੋਰਡ ਆਪਣੀ ਜਿੰਮੇਵਾਰੀ ਨਾਲ ਉਨ੍ਹਾਂ ਮੁਸ਼ਕਲਾਂ ਦਾ ਹੱਲ ਢੂੰਡੇ ।

(4) ਹਰ ਸਟੇਟ ਦੇ ਸਿੱਖਾਂ ਨੂੰ ਜਥੇਬੰਦ ਉੱਚੇ ਮਿਆਰ ਦੇ ਵਿਦਿਅਕ ਅਦਾਰੇ ਕਾਇਮ ਕਰਨ ਦੇ ਉਪਰਾਲੇ ਕੀਤੇ ਜਾਣ ।

(5) ਪਹਿਲੇ ਪਹਿਲ ਬੱਚਿਆਂ ਨੂੰ ਟਿਊਸ਼ਨ ਵਰਕ ਬਹੁਤ ਸਸਤਾ ਦੇ ਕੇ ਵਿਦਿਅਕ ਮਿਆਰ ਉਚਾ ਕੀਤਾ ਜਾਵੇ ਤਾਂ ਕਿ ਸਕੂਲਾਂ ਕਾਲਜਾਂ ਵਿਚ ਉਹ ਆਪਣੇ ਵਿਰਸੇ ਤੇ ਗੌਰਵ ਮਹਿਸੂਸ ਕਰਨ ।

(6) ਬੱਚਿਆਂ ਦੀ ਐਜੂਕੇਸ਼ਨ ਲਈ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤ ਨਾਲ ਸੰਬੰਧਿਤ ਪੁਸਤਕਾਂ ਦੀਆਂ ਲਾਇਬਰੇਰੀਆਂ ਕਾਇਮ ਕੀਤੀਆਂ ਜਾਣ ।

(7) ਬੱਚਿਆਂ ਲਈ ਸਟੇਡੀਅਮ ਅਤੇ ਕੋਚ ਮੁਹਈਆ ਕਰਕੇ ਸੰਸਾਰ ਪੱਧਰ ਦੇ ਚੰਗੇ ਖਿਡਾਰੀ ਪੈਦਾ ਕੀਤੇ ਜਾਣ ।

ਅੰਤ ਵਿਚ ਮੈਂ ਆਪ ਜੀ ਦਾ ਧਿਆਨ ਵਰਤਮਾਨ ਨਿਘਰ ਰਹੀ ਵਿਦਿਅਕ ਦਸ਼ਾ ਵਲ ਦੁਆਉਂਦਾ ਹੋਇਆ ਬੇਨਤੀ ਕਰਦਾ ਹਾਂ ਕਿ ਸਿੱਖ ਕੌਮ ਲਈ ਵਿਸੇਸ਼ ਪ੍ਰਕਾਰ ਦੀ ਵਿਦਿਅਕ ਨੀਤੀ ਨਿਰਧਾਰਤ ਕਰਨ ਵਲ ਧਿਆਨ ਦਿੱਤਾ ਜਾਵੇ, ਜਿਸ ਵਿਚ ਧਾਰਮਿਕ, ਸਦਾਚਾਰਕ ਤੇ ਸਿੱਖ ਸਭਿਆਚਾਰ ਨੂੰ ਵਿਸ਼ੇਸ਼ ਸਥਾਨ ਦਿੱਤਾ ਹੋਵੇ । ਇਸ ਦੇ ਨਾਲ ਨਾਲ ਵਿਗਿਆਨਕ ਯੁੱਗ ਦੀਆਂ ਲੋੜਾਂ ਅਤੇ ਪਹੁੰਚਾਂ ਨੂੰ ਖੁਲ ਦਿਲੀ ਨਾਲ ਅਪਨਾਇਆ ਜਾਵੇ ।

**ਜਥੇਦਾਰ ਗੁਰਚਰਨ ਸਿੰਘ ਟੌਹੜਾ**

ਸਿੱਖ ਧਰਮ ਅਗਿਆਨਤਾ, ਨਾ-ਬਰਾਬਰੀ, ਜਾਤੀ, ਰੰਗ-ਨਸਲ, ਖੇਤਰੀ ਭੇਦ ਭਾਵ ਦੇ ਵਿਰੁਧ ਜਹਾਦ ਹੈ । ਇਹ ਜਹਾਦ ਸਿੱਖ ਧਰਮ ਨੇ ਹਰ ਵਕਤ ਜਾਰੀ ਰੱਖਣਾ ਹੈ । ਇਹ ਜਹਾਦ ਕੇਵਲ ਰਣਖੇਤਰ ਵਿਚ ਹੀ ਰੂਪਮਾਨ ਨਹੀਂ ਹੋਣਾ, ਸਗੋਂ ਇਹ ਕਲਮ ਦੁਆਰਾ ਵੀ



Sri Satguru Jagjit Singh Ji eLibrary NamdhariElibrary@gmail.com

ਲੜਿਆ ਜਾਣਾ ਹੈ । ਕਲਮ ਦੀ ਸ਼ਕਤੀ ਨੂੰ ਸਰਬ ਸੰਪੰਨ ਮੰਨਿਆ ਗਿਆ ਹੈ ਤੇ ਹੈ ਵੀ ਠੀਕ, ਜੋ ਕੌਮ ਤਲਵਾਰ ਦੀ ਸ਼ਕਤੀ ਨਹੀਂ ਕਰ ਸਕੀ, ਉਹ ਕਲਮ ਨੇ ਕਰ ਵਿਖਾਏ । ਗੁਰੂ ਸਾਹਿਬਾਨ ਜੀ ਨੇ ਅਧਿਆਤਮਕ ਤੇ ਬੀਰ ਰਸੀ ਸਾਹਿੱਤ ਦਾ ਸੁਮੇਲ ਕਰਕੇ ਗੁਲਾਮੀ ਦੀ ਆਦੀ ਹੋ ਚੁਕੀ ਹਿੰਦੋਸਤਾਨੀ ਕੌਮ ਨੂੰ ਅਮਰਤਾ ਬਖਸ਼ਿਸ਼ ਕੀਤੀ । ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਆਦਰਸ਼ਾਂ ਨੂੰ ਅਗੇਰੇ ਲੈ ਜਾਣ ਲਈ ਵਿਦਿਆ ਇਕ ਉਤਮ ਮਾਧਿਅਮ ਹੈ । ਵਿਦਿਆ ਦਾ ਪ੍ਰਚਾਰ ਪ੍ਰਸਾਰ ਮਾਨਵਤਾ ਵਿਚ ਪਸਰੇ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰਕੇ ਗੁਰਬਾਣੀ ਦੇ ਚਾਨਣ ਨੂੰ ਘਰ ਘਰ ਪਹੁੰਚਾ ਸਕਦਾ ਹੈ ।

**ਪ੍ਰਿੰਸੀਪਲ ਪ੍ਰਿਥੀਪਾਲ ਸਿੰਘ ਕਪੂਰ**

ਵਿਦਿਆ ਸੰਚਾਰ ਦਾ ਅਜੋਕਾ ਦ੍ਰਿਸ਼ ਗੰਦਲਾ ਹੈ । ਧਰਮ-ਨਿਰਪੱਖਤਾ ਦੇ ਨਾਅਰੇ ਤੇ ਪਦਾਰਥਵਾਦ ਦੀ ਦੌੜ ਨੇ ਧਾਰਮਿਕ ਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਲਾਂਭੇ ਰੱਖ ਦਿੱਤਾ ਹੈ । ਵਿਦਿਆ ਦਾਨ ਦਾ ਆਦਰਸ਼ ਅਲੋਪ ਹੋ ਗਿਆ ਹੈ ਤੇ ਵਿਦਿਅਕ ਪ੍ਰਣਾਲੀ ਦੇ ਵਿਭਿੰਨ ਭਾਗਾਂ ਦਾ ਤੇਜ਼ੀ ਨਾਲ ਵਪਾਰੀਕਰਨ ਹੋ ਰਿਹਾ ਹੈ । ਗੁਰੂ ਸਾਹਿਬਾਨ, ਇਤਿਹਾਸਕ ਵਿਅਕਤੀਆਂ ਦੇ ਨਾਂ ਅਤੇ ਖ਼ਾਲਸਾ ਸ਼ਬਦ ਜੋੜ ਕੇ ਅਨੇਕਾਂ ਸੰਸਥਾਵਾਂ ਹੋਂਦ ਵਿਚ ਆ ਰਹੀਆਂ ਹਨ । ਪਰ ਇਨ੍ਹਾਂ ਵਿਚ ਧਾਰਮਿਕ ਸਿਖਿਆ ਦਾ ਪ੍ਰਬੰਧ ਨਾ-ਮਾਤਰ ਹੀ ਹੈ। ਨਤੀਜਾ ਇਹ ਹੈ ਕਿ ਸਿਖ ਨੌਜਵਾਨ ਜਾਂ ਬੱਚੇ ਸਿੱਖ ਅਖਵਾਉਣ ਤੋਂ ਵੀ ਸੰਗਦੇ ਹਨ । ਉਨ੍ਹਾਂ ਨੂੰ ਆਪਣੀ ਵਿਲਖਣ ਦਿੱਖ ਤੇ ਮਾਣ ਨਹੀਂ ਰਿਹਾ । ਉਹ ਆਪਣੇ ਵਿਰਸੇ ਪ੍ਰਤੀ ਸੁਚੇਤ ਵੀ ਨਹੀਂ ਹਨ । ਦੂਜੇ ਪਾਸੇ ਸਰਕਾਰੀ ਸਕੂਲਾਂ ਵਿਚ ਉਹੀ ਨਿਘਾਰ ਤੇ ਗਲਤਾਨ ਹੈ ਜੋ ਸਰਕਾਰ ਵਿਚ ਹੈ । ਸਹੂਲਤਾਂ ਨਿਗੁਣੀਆਂ ਤੇ ਅਧਿਆਪਕ ਆਪਣੇ ਫਰਜ਼ ਜਾਂ ਕਿੱਤੇ ਪ੍ਰਤੀ ਪ੍ਰਤੀਬੱਧ ਨਹੀਂ ਹਨ । ਨਤੀਜੇ ਵਜੋਂ ਸਰਕਾਰੀ ਸਕੂਲਾਂ ਵਿਚ ਕੇਵਲ ਉਹੀ ਲੋਕ ਬੱਚੇ ਭੇਜਦੇ ਹਨ ਜੋ ਨਿੱਜੀ ਸਕੂਲਾਂ ਦੀਆਂ ਵਪਾਰੀ ਰੁਚੀਆਂ ਦੀ ਝਾਲ ਨਹੀਂ ਝਲ ਸਕਦੇ । ਬਦਕਿਸਮਤੀ ਇਹ ਹੈ ਕਿ ਸਰਕਾਰੀ ਸਕੂਲ ਪਿੰਡਾਂ ਵਿਚ ਵਧੇਰੇ ਹਨ । ਇਸ ਲਈ ਨਵੀਂ ਪੀੜੀ ਦੇ ਬਹੁਗਿਣਤੀ ਬੱਚੇ ਮਿਆਰੀ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ । ਉਚ ਵਰਗ ਦੇ ਲੋਕੀਂ ਹੁਣ ਅੰਗਰੇਜ਼ੀ ਮਾਧਿਅਮ ਦੇ ਨਿੱਜੀ ਸਕੂਲਾਂ ਵਲ ਰੁਚਿਤ ਹੋ ਗਏ ਹਨ । ਸਿੱਖਾਂ ਵਲੋਂ ਵੀ ਵੱਡੇ ਸਹਿਰਾਂ ਵਿਚ ਇਸ ਪ੍ਰਕਾਰ ਦੇ ਕਾਨਵੈਂਟ ਤਰਜ਼ ਦੇ ਸਕੂਲ ਖੋਹਲੇ ਗਏ ਹਨ । ਪਰ ਇਨ੍ਹਾਂ ਸਕੂਲਾਂ ਵਿਚ ਧਾਰਮਿਕ ਸਿਖਿਆ ਤੇ ਪੰਜਾਬੀ ਅਧਿਆਪਨ ਉਪਰ ਲੋੜੀਦਾ ਜ਼ੋਰ ਨਹੀਂ । ਇਕ ਦੁਖਾਂਤ ਇਹ ਵੀ ਹੈ ਕਿ ਇਨ੍ਹਾਂ ਸਕੂਲਾਂ ਵਿਚ ਵੀ ਸਮਰਪਿਤ ਜਾਂ ਪ੍ਰਤੀਬੱਧ ਅਧਿਆਪਕ ਨਹੀਂ ਹਨ । ਕਿਸੇ ਸਮੇਂ ਅਧਿਆਪਕ ਦਾ ਕਿੱਤਾ ਪਵਿੱਤਰਤਾ, ਸਾਦਗੀ ਅਤੇ ਅਸੂਲ ਪ੍ਰਸਤੀ ਦਾ ਪ੍ਰਤੀਕ ਸਮਝਿਆ ਜਾਂਦਾ ਸੀ । ਹੁਣ ਉਪਰੋਕਤ ਸਭ ਲੱਛਣ ਇਸ ਕਿੱਤੇ ਵਿਚੋਂ ਅਲੋਪ ਹੀ ਹੋ ਗਏ ਲੱਗਦੇ ਹਨ । ਇਹ ਵੀ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਅਜੋਕੀ ਪੀੜੀ ਦੇ ਵਿਦਿਆਰਥੀ ਨਾ ਆਗਿਆਕਾਰੀ ਹੈ, ਨਾ ਹੀ ਸ਼ਰਧਾਵਾਨ ਅਤੇ ਨਾ ਹੀ ਅਧਿਆਪਕ ਕਿੱਤੇ ਪ੍ਰਤੀ ਵਚਨਬਧ ਹਨ । ਮੇਰਾ ਤਜਰਬਾ ਹੈ ਕਿ ਅੱਜ ਵੀ ਵਿਦਿਆਰਥੀ ਵਿਚ ਇਹ ਸਾਰੇ ਗੁਣ ਮੌਜੂਦ ਹਨ, ਪਰ ਇਨ੍ਹਾਂ ਗੁਣਾਂ ਨੂੰ ਪ੍ਰਦਰਸ਼ਿਤ ਕਰਨ ਲਈ ਅਸੀਂ ਮਾਹੌਲ ਪੈਦਾ ਨਹੀਂ ਕਰ ਰਹੇ ।

ਅਧਿਆਪਕਾਂ ਤੇ ਪ੍ਰਬੰਧਕਾਂ ਦੀਆਂ ਆਪਣੀਆਂ ਬਿਰਤੀਆਂ ਬਿਖਰੀਆਂ ਪਈਆਂ ਹਨ। ਇਸੇ ਲਈ ਸਿੱਖਿਆ ਦੇ ਮਿਆਰ ਨੂੰ ਧੱਕਾ ਲੱਗਾ ਹੈ । ਸਮੁੱਚੇ ਜੀਵਨ ਵਿਚ ਤਕਨਾਲੋਜੀ

Sri Satguru Jagjit Singh Ji eLibrary NamdhariElibrary@gmail.com

ਤੇ ਕਿੱਤੇ ਬੱਧ ਸਿੱਖਿਆ, ਧਾਰਮਿਕ ਜਾਂ ਸਦਾਚਾਰਕ ਸਿੱਖਿਆ ਅਤੇ ਕਦਰਾਂ ਕੀਮਤਾਂ ਦਾ ਬਦਲ ਨਹੀਂ ਬਣ ਸਕਦੀ । ਨਾ ਹੀ ਚੋਖੀਆਂ ਤਨਖਾਹਾਂ ਅਧਿਆਪਕਾਂ ਵਿਚ ਲਗਨ, ਪ੍ਰਤੀਬੱਧਤਾ ਅਤੇ ਸੁਹਿਰਦਤਾ ਪੈਦਾ ਕਰ ਸਕਦੀਆਂ ਹਨ । ਇਸ ਸਥਿਤੀ ਦੇ ਟਾਕਰੇ ਲਈ ਧਾਰਮਿਕ ਭਾਵਨਾ ਤੇ ਆਦਰਸ਼ ਸਮਾਜੀ ਚੱਲਣ ਨੂੰ ਸੁਰਜੀਤ ਕਰਨਾ ਹੋਵੇਗਾ ਤੇ ਇਹ ਸਭ ਕੁਝ ਸਮੂਹਿਕ ਤੌਰ ਤੇ ਦ੍ਰਿੜ੍ਹ ਸੰਕਲਪ ਹੰਭਲੇ ਰਾਹੀਂ ਹੀ ਹੋ ਸਕੇਗਾ ।

ਖ਼ਾਲਸਾ ਸਕੂਲਾਂ ਦੀ ਰਵਾਇਤੀ ਸ਼ਾਨ ਨੂੰ ਪੁਨਰ ਸੁਰਜੀਤ ਕਰਨ ਦੀ ਲੋੜ ਹੈ । ਧਾਰਮਿਕ ਸਿਖਿਆ ਨੂੰ ਜ਼ਰੂਰੀ ਤੇ ਸਨਮਾਨਿਤ ਦਰਜਾ ਦਿੱਤਾ ਜਾਵੇ । ਸਿੱਖੀ ਚਲਨ ਦੀ ਉਤਮਤਾ ਦਿੜ੍ਹਾਉਣ ਲਈ ਕਿਸੇ ਮੌਕੇ ਨੂੰ ਖੁੰਝਾਇਆ ਨਾ ਜਾਵੇ । ਪ੍ਰਬੰਧਕ ਕਮੇਟੀਆਂ ਦੇ ਮੈਂਬਰ ਸੰਪੂਰਨ ਤੇ ਚੰਗੇ ਗੁਰਸਿੱਖ ਹੋਣ । ਇਹ ਸਭ ਕੁਝ ਸੈਕੂਲਰ ਸਮਾਜ ਵਿਚ ਸੰਭਵ ਹੈ । ਕੇਰਲਾ ਦੇ ਕੈਥੋਲਿਕ ਈਸਾਈ ਸਕੂਲਾਂ ਦੀ ਮਿਸਾਲ ਸਾਹਮਣੇ ਹੈ । ਪਸਾਰ ਦੀ ਮੁਹਾਣ ਪਿੰਡਾਂ ਵਲ ਮੋੜੀ ਜਾਵੇ । ਸਥਾਪਿਤ ਸਕੂਲ-ਕਾਲਜਾਂ ਦੇ ਮਿਆਰੀ ਕਰਨ ਵੱਲ ਵੀ ਧਿਆਨ ਦੇਣਾ ਜਰੂਰੀ ਹੈ । ਅਜਿਹਾ ਕਰਕੇ ਹੀ ਅਸੀਂ ਸਿੱਖਿਆ ਸੰਸਾਰ ਦੀਆਂ ਨਵੀਆਂ ਮੰਗਾਂ ਅਤੇ ਬਦਲਦੀਆਂ ਪ੍ਰਾਥਮਿਕਤਾਵਾਂ ਮੁਤਾਬਿਕ ਪੂਰੇ ਉਤਰ ਸਕਾਂਗੇ ।

**ਜੇ. ਐਸ. ਬਾਵਾ**

ਵਿਦਿਆ ਇਕ ਹੋਰ ਪਖੋਂ ਵੀ ਕੌਮ ਦੇ ਬੱਚਿਆਂ ਲਈ ਅਤੀ ਜਰੂਰੀ ਹੈ । ਗੁਰੂ ਮਹਾਰਾਜ ਨੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰੂ ਸਾਹਿਬਾਨ ਦੇ ਸ਼ਬਦਾਂ ਤੋਂ ਰਹਿਨੁਮਾਈ ਲੈ ਕੇ ਅਸੀਂ ਇਸ ਸੰਸਾਰ ਸਾਗਰ ਵਿਚ ਵਿਚਰਨਾ ਹੈ ਅਤੇ ਇਸ ਦੇ ਕੋਹਜ ਦੂਰ ਕਰਕੇ ਇਸ ਨੂੰ ਸੁੰਦਰ ਬਣਾਉਂਦਿਆਂ ਹੋਇਆਂ ਆਪਣੀ ਅੰਤਮ ਮੰਜ਼ਲ 'ਅਕਾਲ ਪੁਰਖ ਨਾਲ ਇਕ ਭੇਦ' ਹੋਣਾ ਹੈ । ਵਿਦਿਆ 'ਗੁਰੂ ਸ਼ਬਦ' ਤੱਕ ਪਹੁੰਚਣ ਅਤੇ ਉਸ ਨੂੰ ਸਮਝਣ ਲਈ ਜਰੂਰੀ ਹੈ । ਅਸਾਂ ਇਹ ਵੇਖਣਾ ਹੈ ਕਿ ਅਸੀਂ 'ਗੁਰੂ ਸ਼ਬਦ' ਪ੍ਰਤੀ ਕਿੰਨੀ ਕੁ ਸੂਝ ਰੱਖਦੇ ਹਾਂ ਅਤੇ ਕਿੰਨੇ ਕੁ ਜਾਗ੍ਰਿਤ ਹਾਂ । ਵੇਖਣਾ ਹੈ ਕਿ ਅਸੀਂ ਗੁਰੂ ਸਾਹਿਬਾਨ ਦੀ ਵਿਦਿਆ ਅਨੁਸਾਰ ਵਹਿਮਾਂ, ਭਰਮਾਂ, ਝੂਠੇ ਦਿਖਾਵਿਆਂ, ਅੰਧ ਵਿਸ਼ਵਾਸਾਂ ਆਦਿ ਤੋਂ ਕਿੰਨਾ ਕੁ ਉਪਰ ਉਠ ਸਕੇ ਹਾਂ । ਗਲਪ-ਇਤਿਹਾਸ ਦਾ ਸਹਾਰਾ ਲੈਣ ਵਾਲੇ ਸਾਡੇ ਪ੍ਰਚਾਰਕ ਕਿੰਨਾ ਕੁ 'ਗੁਰੂ ਸ਼ਬਦ' ਦੇ ਮੁਤਾਬਕ ਸੰਗਤ ਤਕ ਪਹੁੰਚ ਰਹੇ ਹਨ । ਇਸ ਸੰਬੰਧੀ ਵੀ ਸਾਨੂੰ ਸਾਵਧਾਨ ਤੇ ਚੇਤੰਨ ਹੋਣਾ ਹੋਵੇਗਾ ਤਾਂ ਜੁ ਕੌਮ ਸੱਚੀਆਂ ਸੁੱਚੀਆਂ ਲੀਹਾਂ ਤੇ ਅੱਗੇ ਵਧ ਸਕੇ । ਸਾਨੂੰ ਇਹ ਵੀ ਭਲੀ ਭਾਂਤ ਧਿਆਨ ਰੱਖਣਾ ਹੋਵੇਗਾ ਕਿ ਸਾਡੇ ਵਿਦਿਅਕ ਅਦਾਰੇ ਆਪਣੇ ਪਾਠ ਕ੍ਰਮ ਅਤੇ ਗਤੀ ਵਿਧੀਆਂ ਰਾਹੀਂ ਆਪਣੇ ਵਿਦਿਆਰਥੀਆਂ ਵਿਚ ਸਦਾਚਾਰਕ ਕੀਮਤਾਂ ਭਰ ਸਕਣ ਅਤੇ ਸਿੱਖ ਧਰਮ ਦੇ ਮਹਾਨ ਅਤੇ ਮਾਨਵਵਾਦੀ ਵਿਰਸੇ ਤੋਂ ਚੰਗੀ ਤਰ੍ਹਾਂ ਜਾਣੂ ਕਰਾ ਸਕਣ।

**ਅਜੀਤ ਸਿੰਘ ਫਰੀਡਮ**

ਗੁਰਦੁਆਰੇ ਸਾਡੀਆਂ ਸਤਿਕਾਰਤ ਸੰਸਥਾਵਾਂ ਹਨ । ਜਿਥੇ ਇਹ ਸਾਨੂੰ ਅਕਾਲ ਪੁਰਖ ਨਾਲ ਜੋੜਦੀਆਂ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਦੀਆਂ ਹਨ, ਉਥੇ ਸੰਗਤ ਨੂੰ ਸਿੱਖ ਧਰਮ ਦੀਆਂ ਮਹਾਨ ਪਰੰਪਰਾਵਾਂ ਨਾਲ ਜੋੜਦੀਆਂ ਹਨ । ਪਰ ਮਨੁੱਖ ਕਰਮਕਾਂਡੀ ਜੀਵ ਹੈ। ਗੁਰੂ ਸਾਹਿਬਾਨ ਨੇ ਨਾਮ ਜਪਣ ਦੇ ਨਾਲ ਨਾਲ ਚੰਗੇ ਕਰਮ ਕਰਨ (ਸ਼ੁਭ ਕਰਮਨ ) 'ਤੇ ਵੀ ਜ਼ੋਰ



Sri Satguru Jagjit Singh Ji eLibrary NamdhariElibrary@gmail.com

ਦਿੱਤਾ ਹੈ । ਚਰਿਤਰਵਾਨ ਤੇ ਸੂਝਵਾਨ ਬਣਨ ਲਈ ਇਹ ਜਰੂਰੀ ਹੈ ਕਿ ਸਾਡਾ ਅੰਦਰਲਾ ਵਿਦਿਆ ਦੇ ਚਾਨਣ ਨਾਲ ਰੌਸ਼ਨ ਹੋਵੇ । ਅੱਜ ਦੇ ਵਿਗਿਆਨਕ ਯੁਗ ਵਿਚ ਜਦੋਂ ਨਿੱਤ ਨਵੀਆਂ ਲੱਭਤਾਂ ਤੇ ਖੋਜ ਸਦਕਾ ਸਾਡੀਆਂ ਕਦਰਾਂ ਕੀਮਤਾਂ ਅਤੇ ਰਹਿਣ-ਸਹਿਣ ਦੇ ਢੰਗਾਂ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ, ਸੰਸਾਰ ਦੀਆਂ ਦੂਸਰੀਆਂ ਕੌਮਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਸਕੀਏ । 19ਵੀਂ ਸਦੀ ਦੇ ਅੰਤ ਤੱਕ ਸਿੱਖ ਵਿਦਿਅਕ ਸੰਸਥਾਵਾਂ ਲੱਗਭੱਗ ਸਿਫਰ ਦੇ ਬਰਾਬਰ ਹਨ । ਪ੍ਰੰਤੂ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੰਘ ਸਭਾ ਲਹਿਰ ਦੇ ਉਭਾਰ ਨਾਲ ਕੌਮ ਇਸ ਲੋੜ ਪ੍ਰਤੀ ਸੁਚੇਤ ਹੋਈ ਹੈ । ਚੀਫ ਖ਼ਾਲਸਾ ਦੀਵਾਨ, ਸੇਵਾ ਪੰਥੀ ਅਤੇ ਉਦਾਸੀ ਬਾਬਿਆਂ, ਸੰਤ ਮਹਾਂਪੁਰਸ਼ਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦਮ ਸਦਕਾ ਕਾਫੀ ਗਿਣਤੀ ਵਿਚ ਸਿੱਖ ਕਾਲਜ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਹੋਂਦ ਵਿਚ ਆ ਚੁੱਕੇ ਹਨ । ਪ੍ਰੰਤੂ ਅੱਜ ਵਿਦਿਆ ਮਾਹਿਰ ਅਕਾਦਮਿਕ ਦੀ ਬਜਾਏ ਟੈਕਨੀਕਲ ਵਿਦਿਆ ਜੋ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿਚ ਗਿਆਨ ਦੇ ਨਾਲ ਨਾਲ ਰੋਜ਼ਗਾਰ ਵੀ ਮੁਹੱਈਆ ਕਰ ਸਕੇ, ਉਪਰ ਜ਼ੋਰ ਦੇ ਰਹੇ ਹਨ। ਹਾਲੇ ਇਸ ਖੇਤਰ ਵਿਚ ਸਿੱਖ ਕੌਮ ਨੂੰ ਬਹੁਤ ਕੁਝ ਲੋੜੀਂਦਾ ਹੈ । ਵੱਡੀ ਗਿਣਤੀ ਵਿਚ ਟੈਕਨੀਕਲ, ਮੈਡੀਕਲ ਤੇ ਪ੍ਰੋਫੈਸ਼ਨਲ ਸੰਸਥਾਵਾਂ ਦੀ ਲੋੜ ਹੈ ।

-0-


# ਅਪੀਲ

* ਜੇਕਰ ਤੁਸੀਂ ਪੰਥ ਦੀ ਚੜ੍ਹਦੀ ਕਲਾ ਦੇਖਣਾ ਚਾਹੁੰਦੇ ਹੋ ।
* ਚੰਗੇ ਮੈਗਜ਼ੀਨ ਦੇ ਮਹੱਤਵ ਨੂੰ ਸਮਝਦੇ ਹੋ
* ਅਜੂਨੀ ਅਦਾਰੇ ਦੀ ਨੀਤੀ ਨਾਲ ਸਹਿਮਤ ਹੋ
* ਸ਼ਬਦ ਗੁਰੂ ਦੇ ਸਿਧਾਂਤ ਨੂੰ ਵਿਸ਼ਵ ਵਿਚ ਫੈਲਾਉਣਾ ਚਾਹੁੰਦੇ ਹੋ ।

ਤਾਂ

ਤੁਸੀਂ ਆਪ 'ਅਜੂਨੀ' ਪੜ੍ਹੋ ਤੇ ਦੂਸਰਿਆਂ ਨੂੰ ਪੜ੍ਹਾਓ
ਤੇ ਇਸ ਦੇ ਮੈਂਬਰ ਬਣੋ ।

ਗੁਰੂ ਪੰਥ ਦਾ ਦਾਸ

**ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ**

# ਇਕੀਵੀਂ ਸਦੀ ਦੇ ਆਦਰਸ਼ ਸਮਾਜ ਦੀ ਸਿਰਜਣਾ ਲਈ ਸਿੱਖ ਵਿਦਿਅਕ ਪਾਲਿਸੀ

ਪ੍ਰੋ. ਬਲਵਿੰਦਰ ਪਾਲ ਸਿੰਘ ਜਲੰਧਰ

ਵਿਦਿਆ ਦੀ ਅਹਿਮੀਅਤ ਸਦੀਆਂ ਤੋਂ ਚਲੀ ਆ ਰਹੀ ਹੈ, ਜਿਸ ਕਰਕੇ ਮਨੁੱਖ ਹਮੇਸ਼ਾਂ ਗਿਆਨ ਦੀ ਖੋਜ ਅਤੇ ਪ੍ਰਾਪਤੀ ਲਈ ਆਪਸ ਵਿਚ ਸੰਵਾਦ ਰਚਾਉਂਦਾ ਰਿਹਾ ਹੈ ਅਤੇ ਸਿਖਣ ਅਤੇ ਸਿਖਾਉਣ ਦੀ ਭਾਵਨਾ ਉਸ ਵਿਚ ਪ੍ਰਬਲ ਰਹੀ ਹੈ। ਭਾਰਤੀ ਵਿਦਿਆ ਦੀ ਆਧਾਰ ਸ਼ਿਲਾ ਧਰਮ ਹੀ ਹੈ, ਕਿਉਂਕਿ ਪ੍ਰਚੀਨ ਕਾਲ ਦੀਆਂ ਸੁਪ੍ਰਸਿਧ ਟੈਕਸਿਲਾ, ਨਾਲੰਦਾ ਯੂਨੀਵਰਸਿਟੀਆਂ, ਰਿਸ਼ੀਆਂ ਦੇ ਆਸ਼ਰਮ, ਬੋਧੀ ਭਿਕਸ਼ੂਆਂ ਦੇ ਮੱਠ, ਮਸਜਿਦ ਖਾਨਗਾਹਾਂ ਵਿਚਲੇ ਮਦਰਸੇ ਅਤੇ ਧਰਮਸ਼ਾਲਾਵਾਂ ਧਾਰਮਿਕ ਮਹਾਂਪੁਰਸ਼ਾਂ ਦੀ ਦੇਣ ਹਨ। ਪਰ ਇਨ੍ਹਾਂ ਸਮੁੱਚੇ ਵਿਦਿਅਕ ਆਸ਼ਰਮਾਂ ਦੀ ਭਾਵਨਾ ਅਮੀਰ-ਗਰੀਬ, ਜਾਤ-ਪਾਤ, ਇਸਤਰੀ-ਮਰਦ, ਧਰਮ ਦੇ ਵਿਤਕਰਿਆਂ ਨਾਲ ਜੁੜੀ ਹੋਣ ਕਰਕੇ ਸਰਬਤ ਦੇ ਭਲੇ ਦੇ ਸੰਕਲਪ ਨੂੰ ਸਮਰਪਿਤ ਨਹੀਂ ਸੀ, ਜਿਸ ਕਰਕੇ ਇਹ ਵੱਖ ਵੱਖ ਧਰਮਾਂ ਦੇ ਆਸ਼ਰਮ ਸੁਚੱਜੇ ਸਮਾਜ ਦੀ ਸਿਰਜਣਾ ਕਰਨ ਤੋਂ ਆਯੋਗ ਸਨ। ਪਰ ਵਿਦਿਆ ਦੇ ਇਤਿਹਾਸ ਵਿਚ ਸਿੱਖ ਧਰਮ ਦੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਦਾ ਉਪਦੇਸ਼ "ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ (ਪੰਨਾ 83)" ਦੇ ਕੇ ਵਿਦਿਆ ਦੇ ਸੰਕਲਪ ਨੂੰ ਸਰਬਤ ਦੇ ਭਲੇ ਦੀ ਭਾਵਨਾ ਨਾਲ ਜੋੜ ਕੇ" ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ (ਪੰਨਾ 1329) ਸਮਾਜ ਵਿਚ ਨਵੀਂ ਕ੍ਰਾਂਤੀ ਲਿਆਂਦੀ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਵੱਖ ਵੱਖ ਧਰਮਾਂ ਅਤੇ ਜਾਤ-ਵਿਤਕਰਿਆਂ ਤੋਂ ਨਿਰਲੇਪ ਹੋ ਕੇ ਮਹਾਂਪੁਰਸ਼ਾਂ, ਸੰਤਾਂ ਅਤੇ ਗੁਰੂਆਂ ਦੀ ਬਾਣੀ ਲੈ ਕੇ ਆਦਿ ਗ੍ਰੰਥ ਦੀ ਸੰਪਾਦਨਾ ਕਰਨਾ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਜੋਤੀ ਜੋਤਿ ਸਮਾਉਣ ਦੇ ਸਮੇਂ 'ਆਦਿ ਗ੍ਰੰਥ' ਨੂੰ ਗੁਰਿਆਈ ਦੇ ਕੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪਰਵਰਤਿਤ ਕਰਨ ਦਾ ਅਰਥ ਮਨੁੱਖ ਨੂੰ ਗਿਆਨ ਸਿੱਖਣ ਦੀ ਭਾਵਨਾ ਵਲ ਪ੍ਰੇਰਿਤ ਕਰਨਾ ਸੀ।

ਅਜੋਕਾ ਯੁਗ ਵਿਗਿਆਨਕ ਅਤੇ ਟੈਕਨਾਲੋਜੀ ਦਾ ਯੁਗ ਹੈ, ਜਿਸ ਨਾਲ ਸਿੱਖਣ ਤੇ ਸਿਖਾਉਣ ਦੀ ਭਾਵਨਾ ਪ੍ਰਬਲ ਹੋਈ ਹੈ। ਕੀ ਇਸ ਯੁਗ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਸਾਰਥਕ ਹਨ ਜਾਂ ਨਹੀ, ਕੀ ਇਸ ਦੇ ਆਧਾਰ ਤੇ ਵਿਦਿਅਕ ਪਾਲਿਸੀ ਤਹਿ ਕਰਨ ਦੀ ਲੋੜ ਹੈ ਜਾਂ ਨਹੀਂ? ਅਹਿਮ ਸੁਆਲ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਗਿਆਨ ਖੇਤਰ ਵਿਚ ਇਕ ਅਹਿਮ ਅਤੇ ਪਵਿੱਤਰ ਦਸਤਾਵੇਜ਼ ਹਨ, ਜਿਸ ਵਿਚੋਂ ਜੀਵਨ ਦੇ ਹਰ ਖੇਤਰ ਬਾਰੇ ਸਿਰਫ ਕੁਝ ਸਿਖਿਆ ਹੀ ਨਹੀਂ ਜਾ ਸਕਦਾ, ਸਗੋਂ ਜੀਵਨ ਦੀਆਂ ਕਈ ਸਮੱਸਿਆਵਾਂ ਦੇ ਹੱਲ ਅੱਜ ਵੀ ਇਸ ਤੋਂ ਮਿਲ ਸਕਦੇ ਹਨ ਅਤੇ ਯੁੱਗਾਂ ਯੁੱਗਾਂ ਤੱਕ ਮਿਲਦੇ ਵੀ ਰਹਿਣਗੇ। ਗੁਰੂ ਗ੍ਰੰਥ ਸਾਹਿਬ ਜੀ ਤੇ ਆਧਾਰਿਤ ਸਿੱਖ ਵਿਦਿਅਕ ਪਾਲਿਸੀ ਦੀ ਮਹੱਤਾ ਇਸ ਲਈ ਵਧ ਜਾਂਦੀ ਹੈ, ਕਿਉਂਕਿ ਇਹ ਵਿਚਾਰਧਾਰਾ ਆਪਣੇ ਸਿਧਾਂਤਕ ਅਤੇ ਵਿਹਾਰਕ ਸੰਕਲਪਾਂ ਰਾਹੀਂ ਵਿਸ਼ਵ ਨੂੰ ਮੁਕਤੀ ਅਤੇ ਪ੍ਰਗਤੀ ਦਾ ਮਾਰਗ ਦਿਖਾਉਂਦੀ ਹੈ। ਜਦ ਕਿ ਇਸ ਦੇ ਉਲਟ ਪੂੰਜੀਵਾਦੀ



Sri Satguru Jagjit Singh Ji eLibrary NamdhariElibrary@gmail.com

ਫਿਲਾਸਫੀ ਵਿਭਿੰਨ ਤਰੀਕਿਆਂ ਨਾਲ ਵਿਦਿਆ ਨੂੰ ਵਪਾਰ ਦਾ ਕੇਂਦਰ ਹੀ ਨਹੀਂ ਬਣਾ ਰਹੀ, ਸਗੋਂ ਇਸ ਨੇ ਵਿਦਿਆ ਨੂੰ ਮਾਇਆਧਾਰੀ ਲੋਕਾਂ ਤੱਕ ਸੀਮਤ ਕਰ ਦਿੱਤਾ ਹੈ। ਅਜਿਹੀ ਨੀਤੀ ਅਪਨਾਉਣ ਨਾਲ ਨਾ ਸਮਾਜ ਦੀ ਭਲਾਈ ਹੋ ਸਕਦੀ ਹੈ ਅਤੇ ਨਾ ਹੀ ਕੌਮ, ਰਾਸ਼ਟਰ ਅਤੇ ਵਿਸ਼ਵ ਦੀ ਪ੍ਰਗਤੀ ਦਾ ਮਾਰਗ ਖੋਜਿਆ ਜਾ ਸਕਦਾ ਹੈ। ਗੁਰਬਾਣੀ ਦਾ ਸਿਧਾਂਤ ਮਨੁੱਖ ਨੂੰ ਪਰਉਪਕਾਰੀ, ਬਿਬੇਕੀ, ਭਰਮ ਤੇ ਪਾਪ ਤੋਂ ਮੁਕਤ ਕਰਾਉਣ ਵਾਲਾ, ਪ੍ਰਭੂ ਵਿਧਾਨ ਦੀ ਬੁਝਾਰਤ ਨੂੰ ਬੁਝਾਉਣ ਵਾਲਾ, ਅਮਲ ਤੇ ਅਭਿਆਸ ਦਾ ਧਾਰਨੀ ਬਨਾਉਣ ਵਾਲਾ, ਕਿਰਤ ਤੇ ਵਿਹਾਰ ਵਿਚ ਸੁਧ ਬਨਾਉਣ ਵਾਲਾ ਸਾਂਝੀਵਾਲਤਾ ਦਾ ਸਿਧਾਂਤ ਹੈ। ਇਸ ਸਿਧਾਂਤ ਤੇ ਆਧਾਰਿਤ ਜੋ ਵਿਦਿਅਕ ਪਾਲਿਸੀ ਉਲੀਕੀ ਜਾਣੀ ਚਾਹੀਦੀ, ਉਹ ਸਮਾਜ ਵਿਚਲੀ ਲੁਟ ਖਸੁਟ ਦਾ ਪਰਦਾ ਫਾਸ਼ ਕਰਨ ਵਾਲੀ ਅਤੇ ਦੁਰਾਚਾਰੀ ਬਿਰਤੀ ਦੇ ਸੰਪੂਰਨ ਖਾਤਮੇ ਲਈ ਵਚਨਬਧ ਹੀ ਨਹੀ ਹੋਣੀ ਚਾਹੀਦੀ ਹੈ, ਸਗੋਂ ਸਰਬਤ ਲਈ ਸਮਰਪਿਤ ਹੋਣੀ ਚਾਹੀਦੀ ਹੈ। ਅਜਿਹੀ ਪਾਲਿਸੀ ਹੀ ਸਮਾਜ ਨੂੰ ਆਪਣੀ ਬੰਦ ਖਲਾਸੀ ਆਪ ਕਰਨ ਲਈ ਪ੍ਰੇਰਿਤ ਤੇ ਸਿਖਿਅਤ ਕਰ ਸਕਦੀ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਦੇ ਸਾਇੰਸ ਅਤੇ ਟੈਕਨਾਲੋਜੀ ਦੇ ਇਸ ਬਹੁਤਰਫੀ ਵਿਕਾਸ ਕਾਰਣ ਸਿੱਖ ਵਿਦਿਅਕ ਅਦਾਰੇ ਬਾਕੀ ਵਿਦਿਅਕ ਅਦਾਰਿਆਂ ਵਾਂਗ ਵਧੇਰੇ ਗੁੰਝਲਦਾਰ ਅਤੇ ਜਟਿਲ ਸੁਭਾ ਦੇ ਬਣਨ ਦੇ ਨਾਲ ਨਾਲ ਮਿਆਰ ਤੋਂ ਡਿਗ ਚੁੱਕੇ ਹਨ। ਜਿਵੇਂ ਸਿੱਖ ਵਿਦਿਅਕ ਸੰਸਥਾਵਾਂ ਅੰਦਰ ਧਾਰਮਿਕ ਅਤੇ ਸਦਾਚਾਰਕ ਸਿੱਖਿਆ ਦਾ ਪ੍ਰਬੰਧ ਨਾ ਹੋਣਾ, ਵਿਦਿਅਕ ਵੰਨਗੀ, ਪਾਠ ਕਰਮ ਅਤੇ ਵਿਦਿਅਕ ਪ੍ਰਬੰਧ ਆਦਿ ਦਾ ਦਿਸ਼ਾਹੀਣ ਹੋਣਾ ਅਤੇ ਸਮੇਂ ਦੇ ਹਾਣ ਦਾ ਨਾ ਹੋਣਾ ਬੇਰੁਜ਼ਗਾਰੀ ਦੀ ਫ਼ੌਜ ਤਿਆਰ ਹੋਣੀ, ਉਚੀਆਂ ਨੌਕਰੀਆਂ ਪ੍ਰਾਪਤ ਕਰਨ ਲਈ ਪ੍ਰੀਖਿਆਵਾਂ ਵਿਚ ਅਨੁਚਿਤ ਸਾਧਨਾਂ ਦੀ ਵਰਤੋਂ ਕਰਨਾ, ਪੈਸੇ ਦੇ ਜੋਰ ਨਾਲ ਚੰਗੀਆਂ ਨੌਕਰੀਆਂ ਅਤੇ ਪ੍ਰੋਫੈਸ਼ਨਲ ਡਿਗਰੀਆਂ ਖਰੀਦਣੀਆਂ, ਧਾਰਮਿਕ ਆਗੂਆਂ ਦਾ ਆਚਰਣਹੀਣ ਹੋਣਾ, ਇਸਤਰੀ ਵਿਦਿਆ ਵਲ ਧਿਆਨ ਨਾ ਦੇਣਾ, ਸਿੱਖ ਘਰਾਂ ਵਿਚ ਸਾਮਾਜਿਕ ਕਦਰਾਂ ਕੀਮਤਾਂ ਅਤੇ ਸਿੱਖ ਮਰਿਯਾਦਾ ਦਾ ਕਮਜ਼ੋਰ ਹੋਣਾ ਆਦਿ।

ਭਾਵੇਂ ਇਹ ਖੁਸ਼ੀ ਦੀ ਗੱਲ ਹੈ ਕਿ ਸਿੱਖ ਵਿਦਿਅਕ ਅਦਾਰੇ ਗਿਣਾਤਮਕ ਪਖੋਂ ਬਹੁਤ ਫੈਲ ਰਹੇ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਗੁਣਾਤਮਕ ਪਖੋਂ ਮਨਫ਼ੀ ਹਨ, ਕਿਉਂਕਿ ਇਹ ਅਦਾਰੇ ਅਵਿਗਿਆਨਕ, ਪਰੰਪਰਾਗਤ ਮਾਇਆਧਾਰੀ ਪ੍ਰਬੰਧ ਦੇ ਹਿਤੂ ਬਣ ਕੇ ਰਹਿ ਗਏ ਹਨ। ਇਨ੍ਹਾਂ ਸਿੱਖ ਵਿਦਿਅਕ ਅਦਾਰਿਆਂ ਦਾ ਵਪਾਰੀਕਰਣ ਹੋਣ ਕਰਕੇ ਇਸ ਵਿਚੋਂ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲੀ ਆਦਰਸ਼ਕ ਭਾਵਨਾ ਆਲੋਪ ਹੋ ਗਈ ਹੈ। ਇਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਅਧੀਨ ਚਲ ਰਹੇ ਦੋ ਪ੍ਰੋਫੈਸ਼ਨਲ ਵਿਦਿਅਕ ਅਦਾਰਿਆਂ ਡੈਂਟਲ ਕਾਲਜ ਅੰਮ੍ਰਿਤਸਰ, ਗੁਰੂ ਨਾਨਕ ਇੰਜੀਨਰਿੰਗ ਕਾਲਜ ਲੁਧਿਆਣਾ ਵਿਚ ਵਿਦਿਆਰਥੀਆਂ ਤੋਂ ਦਾਖਲੇ ਦੇ ਸਮੇਂ ਵੱਡੀ ਪੱਧਰ ਤੇ ਪੈਸਿਆਂ ਦੇ ਰੂਪ ਵਿਚ ਡੋਨੇਸ਼ਨ ਲਈ ਜਾਂਦੀ ਹੈ। ਚੀਫ ਖ਼ਾਲਸਾ ਦੀਵਾਨ ਦੇ ਵਿਦਿਅਕ ਅਦਾਰਿਆਂ ਅਤੇ ਦਮਦਮੀ ਟਕਸਾਲ ਦੀ ਖ਼ਾਲਸਾ ਅਕਾਦਮੀ ਵਿਚ ਵੀ ਕਾਫੀ ਫੀਸਾਂ ਹਨ, ਜਿਸ ਵਿਚ ਗਰੀਬ ਬੱਚਾ ਪੜ੍ਹਨ ਤੋਂ ਅਸਮਰਥ ਹੈ। ਯੋਗ ਗੱਲ ਇਹ ਹੋਣੀ ਚਾਹੀਦੀ ਹੈ ਕਿ ਘੱਟ ਆਰਥਿਕਤਾ ਵਾਲੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਣ ਵਾਲਿਆਂ ਦੀ ਫੀਸ ਮੁਆਫ ਹੋਵੇ ਅਤੇ ਵਿਦਿਆ ਸਸਤੀ ਹੋਏ ਤਾਂ ਜੋ ਖ਼ਾਲਸਈ ਚੇਤਨਾ ਵਾਲਾ ਮਾਹੌਲ ਉਘੜ ਸਕੇ।



Sri Satguru Jagjit Singh Ji eLibrary NamdhariElibrary@gmail.com

ਦੇਖਣ ਵਿਚ ਆ ਰਿਹਾ ਹੈ ਕਿ ਕੁਝ ਕੁ ਅਮੀਰ ਸਿੱਖਾਂ ਨੇ ਪੈਸਾ ਕਮਾਉਣ ਦੀ ਹੋੜ ਵਿਚ ਗੁਰੂ ਸਾਹਿਬਾਨਾਂ, ਇਤਿਹਾਸਕ ਮਹਾਂਪੁਰਸ਼ਾਂ ਦੇ ਨਾਂ ਅਤੇ ਖ਼ਾਲਸਾ ਸ਼ਬਦ ਜੋੜ ਕੇ ਵਿਦਿਅਕ ਅਦਾਰਿਆਂ ਰਾਹੀਂ ਆਪਣੀ ਵਪਾਰਕ ਮੰਡੀ ਸਥਾਪਿਤ ਕਰ ਲਈ ਹੈ। ਜਲੰਧਰ ਵਿਚ ਗੁਰੂ ਨਾਨਕ ਮਿੰਟਗੁਮਰੀ ਪਬਲਿਕ ਸਕੂਲ ਇਸ ਸੰਬੰਧ ਵਿਚ ਵਿਸ਼ੇਸ਼ ਉਦਾਹਰਣ ਹੈ ਕਿ ਦਾਖਲੇ ਦੇ ਸਮੇਂ ਵਿਦਿਆਰਥੀਆਂ ਕੋਲੋਂ ਫੀਸ ਤੋਂ ਇਲਾਵਾ 5000 ਤੋਂ ਲੈ ਕੇ ਦਸ ਹਜ਼ਾਰ ਦੀ ਡੂਨੇਸ਼ਨ ਲਈ ਜਾਂਦੀ ਹੈ। ਕੀ ਇਸ ਦੀ ਮੈਨੇਜਮੈਂਟ ਸੱਜਣ ਠੱਗ ਅਤੇ ਮਲਕ ਭਾਗੋ ਦੀ ਰੁਚੀ ਅਪਨਾ ਕੇ ਗੁਰੂ ਨਾਨਕ ਸਾਹਿਬ ਦੇ ਨਾਮ ਨੂੰ ਧੱਬਾ ਨਹੀਂ ਲੱਗਾ ਰਹੀ? ਇਹ ਸੋਚਣ ਦਾ ਵਿਸ਼ਾ ਹੈ ਕਿ ਅਜਿਹੇ ਢੰਗ ਰਚਨ ਵਾਲੇ ਵਿਦਿਅਕ ਅਦਾਰਿਆਂ ਵਿਚ ਰਤੀ ਭਰ ਵੀ ਵਿਦਿਆਰਥੀਆਂ ਨੂੰ ਸਿੱਖ ਵਿਰਸੇ ਬਾਰੇ ਦ੍ਰਿੜ ਨਹੀਂ ਕਰਵਾਇਆ ਜਾਂਦਾ ਅਤੇ ਮਾਤ ਭਾਸ਼ਾ ਪੰਜਾਬੀ ਬਾਰੇ ਸਿਖਿਆ ਦੇਣ ਦੀ ਬਜਾਏ ਅੰਗਰੇਜ਼ੀ ਤੇ ਹਿੰਦੀ ਉਪਰ ਜਿਆਦਾ ਬਲ ਦਿੱਤਾ ਜਾਂਦਾ ਹੈ। ਕਈ ਅਜਿਹੇ ਵਿਦਿਅਕ ਅਦਾਰਿਆਂ ਵਿਚ ਸਲਾਨਾ ਫੰਕਸ਼ਨ ਸਮਾਗਮਾਂ ਦੌਰਾਨ ਲਚਰ ਕਿਸਮ ਦੇ ਡਾਂਸ, ਨਾਚ ਅਤੇ ਗਾਣਿਆਂ ਵਲ ਵਿਦਿਆਰਥੀਆਂ ਨੂੰ ਰੁਚਿਤ ਕੀਤਾ ਜਾਂਦਾ ਹੈ ਅਤੇ ਇਸ ਸਮੇਂ ਦੌਰਾਨ ਜੂਇਆਂ ਦੀ ਖੇਡਾਂ ਵਿਚ ਸ਼ੈਂਪੀਅਨ ਦੀਆਂ ਬੋਤਲਾਂ ਰੱਖ ਕੇ ਵਿਦਿਆਰਥੀਆਂ ਦਾ ਆਰਥਿਕ ਤੇ ਆਤਮਿਕ ਸੋਸ਼ਨ ਵੀ ਕੀਤਾ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਵਿਦਿਆਰਥੀ ਆਪਣੇ ਅਮੀਰ ਵਿਰਸੇ ਤੋਂ ਟੁਟਣ ਕਰਕੇ ਆਪਣੇ ਆਪ ਨੂੰ ਸਿੱਖ ਅਖਵਾਉਣ ਤੋਂ ਸੰਗਦੇ ਹਨ ਅਤੇ ਆਪਣੀ ਵਿਲੱਖਣ ਦਿਖ ਵਿਚ ਆਪਣਾ ਮਾਣ ਨਹੀਂ ਸਮਝਦੇ। ਇਸ ਤਰ੍ਹਾਂ ਉਨ੍ਹਾਂ ਦਾ ਝੁਕਾਅ ਪਤਿਤਪੁਣੇ ਵਲ ਹੋ ਜਾਂਦਾ ਹੈ। ਇਹ ਗੱਲਾਂ ਸਿੱਖ ਧਰਮ ਲਈ ਚੈਲਿੰਜ ਹਨ ਕਿ ਸਾਡੇ ਸਿੱਖ ਵਿਦਿਅਕ ਅਦਾਰੇ ਦਿਨੋਂ ਦਿਨ ਸਮਾਜ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਸਿਰਫ ਅਸਮਰਥ ਹੀ ਨਹੀਂ, ਸਗੋਂ ਗੁਰਬਾਣੀ ਦੀਆਂ ਸਿਖਿਆਵਾਂ ਨੂੰ ਅਮਲ ਵਿਚ ਲਿਆਉਣ ਤੋਂ ਕਿਨਾਰਾ ਕਰਕੇ ਮਾਇਆਧਾਰੀ ਪ੍ਰਬੰਧ ਦੇ ਪ੍ਰਤੀਕ ਬਣ ਕੇ ਰਹਿ ਗਏ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਵਿਦਿਆ ਦੇ ਵਪਾਰ ਕਰਨ ਵਾਲੇ ਦੀ ਸਖਤ ਆਲੋਚਨਾ ਕੀਤੀ ਗਈ ਹੈ ;

ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1103)

ਇਸ ਚੈਲਿੰਜ ਨੂੰ ਕਬੂਲਣ ਲਈ ਜਰੂਰੀ ਹੈ ਕਿ ਅਸੀਂ ਨਵੀਆਂ ਤਬਦੀਲੀਆਂ ਦੇ ਪ੍ਰਭਾਵਾਂ ਅਤੇ ਵਿਵਸਥਾ ਦੀਆਂ ਕਮਜ਼ੋਰੀਆਂ ਉੱਤੇ ਗੰਭੀਰਤਾ ਨਾਲ ਵਿਚਾਰ ਕਰੀਏ ਅਤੇ ਉਨ੍ਹਾਂ ਨੂੰ ਦੂਰ ਕਰਨ ਦਾ ਉਪਾਅ ਸੋਚੀਏ ਤਾਂ ਹੀ ਸਿੱਖ ਵਿਦਿਅਕ ਅਦਾਰੇ ਇਕੀਵੀਂ ਸਦੀ ਦੇ ਸੁਚੱਜੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾ ਸਕਣਗੇ ਅਤੇ ਅਰਥ ਭਰਪੂਰ ਬਣ ਸਕਣਗੇ।

ਸਿੱਖ ਵਿਦਿਅਕ ਅਦਾਰੇ ਉਨ੍ਹਾਂ ਚਿਰ ਉਸਾਰੂ ਭੂਮਿਕਾ ਨਿਭਾਉਣ ਦੇ ਸਮਰਥ ਨਹੀ, ਜਿਨ੍ਹਾਂ ਚਿਰ ਤੱਕ ਇਸ ਦੀ ਸਿੱਖਿਆ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ 'ਮਲਕ ਭਾਗੋਆਂ' ਹੱਥੋਂ ਭਾਈ ਲਾਲੋਆਂ ਦੀ ਲੁਟ ਖਸੁਟ ਅਤੇ ਮਾਨਵਤਾ ਦੇ ਸ਼ੋਸ਼ਨ ਵਿਰੁਧ ਚੇਤੰਨ ਕਰਕੇ ਸਰਬਤ ਦੇ ਭਲੇ ਦੀ ਨੀਤੀ ਵਲ ਸੇਧਿਤ ਨਹੀਂ ਕੀਤਾ ਜਾਂਦਾ। ਲੋੜ ਇਸ ਗੱਲ ਦੀ ਹੈ ਕਿ ਸਿੱਖ ਵਿਦਿਅਕ ਅਦਾਰਿਆਂ ਦੇ ਮਿਆਰੀਕਰਣ ਵਲ ਧਿਆਨ ਦਿੱਤਾ ਜਾਵੇ। ਇਸ ਲਈ ਲੋੜੀਂਦੀ ਨੀਤੀ ਅਤੇ ਹੋਰ ਸਾਧਨ ਮੁਹਈਆ ਕਰਨੇ ਵੀ ਅਤਿ ਜ਼ਰੂਰੀ ਹਨ।

ਸਿੱਖਾਂ ਦੀ ਘੱਟ ਗਿਣਤੀ ਹੋਣ ਦੇ ਨਾਤੇ ਆਈ. ਐਸ. ਸੀ. ਵਾਂਗ ਵਿਦਿਅਕ ਬੋਰਡ



Sri Satguru Jagjit Singh Ji eLibrary NamdhariElibrary@gmail.com

ਦੀ ਸਥਾਪਨਾ ਹੋਵੇ ਜੋ ਪ੍ਰੀਖਿਆ ਤੋਂ ਇਲਾਵਾ ਸਿੱਖ ਸਕੂਲਾਂ ਨੂੰ ਨਵੀਆਂ ਖੋਜਾਂ ਅਤੇ ਉਨ੍ਹਾਂ ਦੀ ਵਰਤੋਂ ਤੋਂ ਜਾਣੂ ਕਰਾਵੇ ਅਤੇ ਕੋਰਸ ਆਦਿ ਨਿਸ਼ਚਤ ਕਰੇ । ਇਸ ਪਾਲਿਸੀ ਅਧੀਨ ਸਮੁੱਚੀਆਂ ਸਿੱਖ ਵਿਦਿਅਕ ਸੰਸਥਾਵਾਂ ਨੂੰ ਇਕ ਝੰਡੇ ਦੇ ਥੱਲੇ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਅਤੇ ਇਕ ਬੋਰਡ ਦੇ ਅੰਤਰਗਤ ਇਸ ਦੀ ਵਿਵਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੋਣੀ ਚਾਹੀਦੀ ਹੈ ।

ਸਿੱਖ ਵਿਦਿਅਕ ਪ੍ਰਣਾਲੀ ਤਾਂ ਹੀ ਅਸਰਦਾਇਕ ਬਣ ਸਕਦੀ ਹੈ, ਜੇਕਰ ਪਾਠ ਕਰਮ ਵਿਚ ਬੱਚਿਆਂ ਦੀ ਮਨੋਵਿਗਿਆਨਕ ਬਣਤਰ ਨੂੰ ਸਮਝਦਿਆਂ ਇਤਿਹਾਸਕ, ਮਨੋਵਿਗਿਆਨਕ, ਧਾਰਮਿਕ, ਬੌਧਿਕ, ਸਦਾਚਾਰਕ ਅਤੇ ਸੁਹਜਾਤਮਕ ਵਿਸ਼ਿਆ ਵਲ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਅਜਿਹੇ ਵਿਸ਼ਿਆਂ ਵਿਚ ਵਿਭਿੰਨ ਉਮਰ ਦੇ ਬੱਚਿਆਂ ਨੂੰ ਸਿੱਖ ਇਤਿਹਾਸ, ਸਿੱਖ ਕਲਚਰ, ਸਿੱਖੀ ਸਰੂਪ ਦੀ ਮਹਾਨਤਾ ਸੰਬੰਧੀ ਜਾਣਕਾਰੀ, ਪੰਜਾਬੀ ਭਾਸ਼ਾ ਦੀ ਮਹਾਨਤਾ ਅਤੇ ਫੈਲਾਅ ਸੰਬੰਧੀ ਜਾਣਕਾਰੀ ਦੇਣ ਤੋਂ ਇਲਾਵਾ ਉਨ੍ਹਾਂ ਵਿਚ ਸਿਰਜਣਾਤਮਕ ਰੁਚੀਆਂ ਅਤੇ ਖੇਡ ਕੁਦ ਜਿਹੀਆਂ ਗਿਆਨਾਤਮਕ ਪ੍ਰਕਿਰਿਆਵਾਂ ਵਲ ਪ੍ਰੇਰਿਤ ਕਰਨਾ ਜਰੂਰੀ ਹੈ । ਐਫ. ਏ. ਫਰੋਬਲ (1783-1852) ਇਕ ਪ੍ਰਸਿਧ ਜਰਮਨ ਸਿਖਿਆ ਸ਼ਾਸ਼ਤਰੀ ਹੋਇਆ ਹੈ ਜੋ ਵਿਦਿਆਰਥੀਆਂ ਦੀਆਂ ਅਧਿਆਤਮਕ ਸ਼ਕਤੀਆਂ ਨੂੰ ਵਿਕਸਤ ਕਰਨ ਤੇ ਬਲ ਦਿੰਦਾ ਹੈ, " ਸਿਖਿਆ ਨੂੰ ਮਨੁੱਖ ਦੀ ਅਗਵਾਈ ਤੇ ਰਹਿਨੁਮਾਈ ਕਰਨੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਆਪ ਸੰਬੰਧੀ ਸਪੱਸ਼ਟਤਾ ਜਾਂ ਸੱਚੇ ਗਿਆਨ ਰਾਹੀਂ ਕੁਦਰਤ ਨਾਲ ਇਕਸੁਰ ਅਤੇ ਈਸ਼ਵਰ ਨਾਲ ਇਕਮਿਕ ਹੋ ਸਕੇ ।"

ਇਸ ਲਈ ਵਿਦਿਆਰਥੀ ਨੂੰ ਇਹ ਅਨੁਭਵ ਪ੍ਰਾਪਤ ਕਰਨ ਲਈ ਢੁਕਵੇਂ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਠੀਕ ਜਾਂ ਗਲਤ ਕੀਮਤਾਂ ਦੀ ਨਿਰਖ ਪਰਖ ਕਰਕੇ ਉਚਿਤ ਕੀਮਤ ਨੂੰ ਪਹਿਲ ਦੇ ਸਕੇ । ਇਸ ਪਹੁੰਚ ਨਾਲ ਹੀ ਸਿੱਖ ਵਿਦਿਅਕ ਅਦਾਰੇ ਦਾ ਪੜ੍ਹਿਆ ਵਿਦਿਆਰਥੀ ਆਪਣੇ ਆਪ ਨੂੰ ਵਾਸਤਵਿਕ ਜੀਵਨ ਦੇ ਹਾਣ ਦਾ ਬਣਾ ਸਕੇਗਾ ਅਤੇ ਅੰਤਰ-ਰਾਸ਼ਟਰੀ ਬਰਾਦਰੀ ਵਿਚ ਸਿੱਖ ਕੌਮ ਦਾ ਸਨਮਾਨ ਅਤੇ ਗੌਰਵ ਵਧਾ ਸਕੇਗਾ ।

ਅਜੋਕੇ ਯੁਗ ਵਿਚ ਸਾਇੰਸ ਅਤੇ ਟੈਕਨਾਲੋਜੀ ਹੀ ਕੌਮ ਦੀ ਉਨਤੀ ਦਾ ਸਾਧਨ ਬਣ ਸਕਦੀ ਹੈ ਅਤੇ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕਦੀ ਹੈ । ਇਸ ਲਈ ਸਿੱਖ ਵਿਦਿਅਕ ਅਦਾਰਿਆਂ ਵਿਚ ਸਾਇੰਸ ਅਤੇ ਟੈਕਨਾਲੋਜੀ ਨਾਲ ਸੰਬੰਧਿਤ ਉੱਚ ਸਿਖਿਆ ਦੇ ਕੋਰਸਾਂ ਨੂੰ ਵਿਸ਼ੇਸ਼ ਸਥਾਨ ਮਿਲਣਾ ਚਾਹੀਦਾ ਹੈ । ਇਸ ਦੇ ਨਾਲ 21 ਵੀ ਸਦੀ ਵਿਚ ਕੌਮ ਦੇ ਸਾਹਮਣੇ ਜੋ ਨਵੀਆਂ ਵੰਗਾਰਾਂ ਸਿਰ ਚੁੱਕ ਰਹੀਆਂ ਹਨ, ਉਨ੍ਹਾਂ ਦਾ ਅਸਰਦਾਰ ਤਰੀਕੇ ਨਾਲ ਸਾਹਮਣਾ ਕਰਨ ਲਈ ਉਚੇਰੀ ਟੈਕਨੀਕਲ ਵਿਦਿਆ, ਕਿੱਤਾ ਮੂਲਕ ਸਿੱਖਿਆ ਅਤੇ ਖੋਜ ਸੰਸਥਾਵਾਂ ਨੂੰ ਅੰਤਰ ਰਾਸ਼ਟਰੀ ਪੱਧਰ ਦੀ ਯੋਗਤਾ ਵਾਲੇ ਸਿੱਖ ਬੁਧੀਜੀਵੀਆਂ ਜਿਵੇਂ ਸਾਇੰਸਦਾਨ, ਅਰਥ ਸ਼ਾਸਤਰੀ, ਇੰਜੀਨੀਅਰ ਅਤੇ ਵੱਖ ਵੱਖ ਖੇਤਰਾਂ ਵਿਚ ਯੋਗਤਾ ਹਾਸਿਲ ਕਰਨ ਵਾਲੇ ਬੁੱਧੀਜੀਵੀਆਂ ਦਾ ਕਮਿਸ਼ਨ ਜਾਂ ਡਾਇਰੈਕਟਰੋਰੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਦਾ ਮੁੱਖ ਨਿਸ਼ਾਨਾ ਸਿੱਖ ਕੌਮ ਦੇ ਸਰਮਾਏ ਅਤੇ ਵਸੀਲਿਆਂ ਨੂੰ ਸਹੀ ਢੰਗ ਨਾਲ ਪ੍ਰਯੋਗ ਕਰਕੇ ਖੇਤੀਬਾੜੀ, ਇੰਜਨੀਰਿੰਗ, ਮੈਡੀਕਲ ਕਾਲਜ ਖੋਲਣ ਦਾ, ਬਾਗਬਾਨੀ, ਪਸ਼ੂ ਪਾਲਣ ਆਦਿ ਪ੍ਰੋਜੈਕਟ ਸਥਾਪਿਤ ਕਰਨ ਦਾ, ਵੋਕੇਸ਼ਨਲ ਟਰੇਨਿੰਗ ਸੈਂਟਰ ਅਤੇ ਆਈ. ਏ. ਐਸ, ਪੀ. ਸੀ. ਐਸ.



Sri Satguru Jagjit Singh Ji eLibrary NamdhariElibrary@gmail.com

ਪੀ. ਐਮ. ਟੀ. ਪੀ. ਈ. ਟੀ ਅਤੇ ਗਜਟਿਡ ਪੋਸਟ ਤੇ ਸਿੱਖ ਵਿਦਿਆਰਥੀਆਂ ਨੂੰ ਸਥਾਪਿਤ ਕਰਨ ਲਈ ਸਿਖਲਾਈ ਕੇਂਦਰ ਸਥਾਪਿਤ ਕਰਨ ਦਾ ਹੋਵੇ ਤਾਂ ਜੋ ਹਰ ਖੇਤਰ ਵਿਚ ਸਿੱਖ ਉਨਤ ਹੋ ਸਕਣ ਅਤੇ ਆਦਰਸ਼ ਸਮਾਜ ਦੀ ਸਿਰਜਣਾ ਲਈ ਕਾਰਜ ਕਰਕੇ ਆਪਣਾ ਕੌਮ ਦਾ ਨਾਮ ਰੌਸ਼ਨ ਕਰ ਸਕਣ। ਸਿੱਖਾਂ ਦੀ ਵਸੋਂ ਜ਼ਿਆਦਾਤਰ ਪਿੰਡਾਂ ਵਿਚ ਹੈ, ਇਸ ਲਈ ਇਥੇ ਵੀ ਮਿਆਰੀ ਪੱਧਰ ਦੇ ਸਕੂਲ ਕਾਲਜ ਖੋਲੇ ਜਾਣ ਦੀ ਅਤਿਅੰਤ ਲੋੜ ਹੈ।

ਸਿੱਖ ਵਿਦਿਅਕ ਅਦਾਰਿਆਂ ਵਿਚ ਕਿਰਤ ਤੋਂ ਵਿਯੋਗੇ, ਵਿਦਿਆ ਨੂੰ ਇਕ ਕਿੱਤੇ ਵਜੋਂ ਸਵੀਕਾਰ ਕਰਨ ਵਾਲੇ ਅਤੇ ਸਿਫਾਰਸ਼ੀ ਅਧਿਆਪਕਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ, ਕਿਉਂਕਿ ਅਜਿਹੇ ਅਧਿਆਪਕ ਜਿਥੇ ਆਪਣੇ ਕਿੱਤੇ ਵਿਚ ਅਯੋਗ ਹੁੰਦੇ ਹਨ, ਉਥੇ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰਨ ਦਾ ਕਾਰਣ ਵੀ ਬਣਦੇ ਹਨ। ਇਸ ਲਈ ਸਿੱਖ ਵਿਦਿਅਕ ਅਦਾਰਿਆਂ ਵਿਚ ਉਹੀ ਅਧਿਆਪਕ ਸਵੀਕਾਰ ਕਰਨੇ ਚਾਹੀਦੇ ਹਨ ਜੋ ਅਧਿਆਪਕ ਨੂੰ ਇਕ ਕਿੱਤੇ ਵਜੋਂ ਨਹੀਂ ਇਕ ਸਿਰਜਣਾਤਮਕ ਸਰਗਰਮੀ ਵਜੋਂ ਸਵੀਕਾਰ ਕਰਦੇ ਹਨ ਅਤੇ ਇਕ ਵਿਗਿਆਨਕ, ਅਕਾਦਮਿਕ, ਅਧਿਆਪਨ ਯੋਗਤਾ ਅਤੇ ਪੜ੍ਹਾਉਣ ਦੀ ਕਲਾ ਨਾਲ ਭਰਪੂਰ ਹੋਣੇ ਚਾਹੀਦੇ ਹਨ। ਅਜਿਹੇ ਅਧਿਆਪਕ ਦੀ ਹੀ ਗੁਰਬਾਣੀ ਵਿਚ ਉਸਤਤ ਹੈ :

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 938)

ਸੋ ਸਿੱਖ ਵਿਦਿਅਕ ਅਦਾਰੇ ਦੇ ਅਧਿਆਪਕ ਨੂੰ ਇਹ ਸਪੱਸ਼ਟ ਹੋਣ ਦੀ ਲੋੜ ਹੈ ਕਿ ਭਾਵੇਂ ਜੀਵਨ ਦੀਆਂ ਪ੍ਰਾਪਤੀਆਂ ਲਈ ਦੌਲਤ ਦੀ ਲੋੜ ਹੈ, ਪਰ ਵਿਦਿਆ ਨੂੰ ਧਨ ਇਕੱਠਾ ਕਰਨ ਜਾਂ ਰੁਜ਼ਗਾਰ ਕਮਾਉਣ ਤੱਕ ਸੀਮਤ ਨਹੀਂ ਕਰਨਾ ਚਾਹੀਦਾ।

ਹੁਣ ਭਾਰਤ ਸਰਕਾਰ ਵਿਦਿਆ ਦੇ ਹਰੇਕ ਖੇਤਰ ਪਰਾਈਵੇਟ ਸੰਸਥਾਵਾਂ ਦੇ ਹੱਥਾਂ ਵਿਚ ਸੌਂਪਣ ਦੀ ਪੂਰੀ ਦਿਲਚਸਪੀ ਲੈ ਰਹੀ ਹੈ। ਇਹੀ ਕਾਰਣ ਹੈ ਕਿ ਸਰਕਾਰੀ ਸਕੂਲਾਂ ਨਾਲੋਂ ਪਰਾਈਵੇਟ ਸਕੂਲਾਂ ਦੀ ਮਹੱਤਤਾ ਵੱਧ ਰਹੀ ਹੈ। ਪਰ ਇਸ ਨਾਲ ਵਿਦਿਅਕ ਅਦਾਰੇ ਵਪਾਰ ਦੇ ਕੇਂਦਰ ਬਣ ਜਾਣਗੇ ਅਤੇ ਵਿਦਿਆ ਅਮੀਰ ਲੋਕਾਂ ਤੱਕ ਸੀਮਤ ਹੋ ਕੇ ਰਹਿ ਜਾਵੇਗੀ, ਜਿਵੇਂ ਕਿ ਪੁਰਾਤਨ ਕਾਲ ਵਿਚ ਸਿਰਫ ਉਚ ਜਾਤ ਨੂੰ ਹੀ ਵਿਦਿਆ ਪੜ੍ਹਨ ਦਾ ਅਧਿਕਾਰ ਸੀ। ਇਸ ਲਈ ਸਿੱਖ ਵਿਦਿਅਕ ਅਦਾਰਿਆਂ ਨੂੰ ਅਜਿਹੀ ਪਾਲਿਸੀ ਬਨਾਉਣ ਦੀ ਲੋੜ ਹੈ, ਜਿਸ ਨਾਲ ਵਿਦਿਅਕ ਅਦਾਰੇ ਵਪਾਰ ਦਾ ਕੇਂਦਰ ਨਾ ਹੋ ਕੇ ਸਰਬਤ ਦੇ ਭਲੇ ਦਾ ਚਾਨਣ ਮੁਨਾਰਾ ਬਣ ਕੇ ਅਜਿਹੀ ਉਦਾਹਰਣ ਬਣਨ ਤਾਂ ਜੋ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਗੈਰ ਸਿੱਖ ਵਿਦਿਅਕ ਅਦਾਰੇ ਵੀ ਸਿੱਖ ਵਿਦਿਅਕ ਅਦਾਰਿਆਂ ਤੋਂ ਕੁਝ ਗ੍ਰਹਿਣ ਕਰ ਸਕਣ। ਪਰ ਮਹਿੰਗਾਈ ਦੇ ਦੌਰ ਵਿਚ ਅਜਿਹੀ ਅਸੰਭਵ ਨੀਤੀ ਨੂੰ ਸੰਭਵ ਬਨਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਅਗਵਾਈ ਵਿਚ ਸਮੁੱਚੀਆਂ ਪੰਥਕ ਜਥੇਬੰਦੀਆਂ ਦਾ ਵਿਦਿਅਕ ਪੈਨਲ ਸਿਰਜ ਕੇ ਵਿਦਿਅਕ ਦਸਵੰਧ ਫੰਡ ਇਕੱਤਰ ਕਰਨਾ ਚਾਹੀਦਾ ਹੈ, ਜਿਸ ਨਾਲ ਵਿਦਿਅਕ ਅਦਾਰਿਆਂ ਦੀ ਮਾਲੀ ਤੌਰ ਸਹਾਇਤਾ ਕੀਤੀ ਜਾ ਸਕੇ। ਇਸ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹੁਕਮਨਾਮਾ ਜਾਰੀ ਕਰਕੇ ਸਿੱਖ ਗੁਰੂਆਂ ਮਹਾਂਪੁਰਸ਼ਾਂ ਦੇ ਨਾਂ ਤੇ ਖੋਲੇ ਸਕੂਲਾਂ, ਕਾਲਜਾਂ ਰਾਹੀਂ ਵਪਾਰ ਚਲਾਉਣ ਵਾਲਿਆਂ ਦੇ ਪਾਬੰਦੀ



Sri Satguru Jagjit Singh Ji eLibrary NamdhariElibrary@gmail.com

ਲਗਾਉਣ ਦੀ ਲੋੜ ਹੈ । ਸਿੱਖ ਵਿਦਿਆਰਥੀਆਂ ਨੂੰ ਸਿੱਖ ਵਿਰਸੇ ਵਲ ਪ੍ਰੇਰਣ ਲਈ ਸਿੱਖ ਸਕੂਲਾਂ, ਕਾਲਜਾਂ ਵਿਚ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਯੋਗ ਅਧਿਆਪਕ ਹੋਣਾ ਚਾਹੀਦਾ ਹੈ, ਉਸ ਦਾ ਵੇਤਨ ਸੰਸਥਾ ਦੇ ਸੀਨੀਅਰ ਅਧਿਆਪਕ ਦੇ ਬਰਾਬਰ ਹੋਵੇ ਅਤੇ ਸੰਸਥਾਵਾਂ ਵਿਚ ਉਸ ਦਾ ਸਨਮਾਨਜਨਕ ਸਥਾਨ ਹੋਵੇ, ਅਧਿਆਪਕ ਯੋਗ ਸੰਸਥਾ ਤੋਂ ਪਰਮਾਣਿਤ ਹੋਵੇ ।

ਸਿੱਖ ਸੰਸਥਾਵਾਂ ਵਿਚ ਸਹਿਪਾਠੀ ਕਿਰਿਆਵਾਂ ਦਾ ਸੰਬੰਧ ਵੀ ਸਿੱਖੀ ਨਾਲ ਸੰਬੰਧਿਤ ਕਿਰਿਆਵਾਂ, ਜਿਵੇਂ ਸ਼ੁਧ ਪਾਠ ਕਰਨ, ਕੀਰਤਨ ਕਰਨ, ਭਾਸ਼ਨ ਦੇਣ ਨਾਲ ਹੋਵੇ ਅਤੇ ਇਨ੍ਹਾਂ ਦੇ ਇੰਟਰ ਹਾਊਸ ਅਤੇ ਅੰਤਰ ਸੰਸਥਾ ਮੁਕਾਬਲੇ ਹੋਣ । ਹਾਊਸਾਂ ਦੇ ਨਾਂ ਵੀ ਪ੍ਰਸਿਧ ਜੀਵਨ ਵਾਲੇ ਸੰਤਾਂ ਜੋਧਿਆਂ, ਜਰਨੈਲਾਂ, ਸਾਹਿਤਕਾਰਾਂ ਅਤੇ ਖਿਡਾਰੀਆਂ ਦੇ ਨਾਵਾਂ ਤੇ ਰੱਖੇ ਜਾਣ। ਸੰਸਥਾਵਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਮਾਣਿਤ ਕੀਰਤਨੀ ਜਥੇ, ਢਾਡੀ, ਪ੍ਰਚਾਰਕ ਅਤੇ ਕਥਾਵਾਚਕ ਵੀ ਸਮੇਂ ਸਮੇਂ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਨ । ਸੰਤ-ਗੁਰੂਆਂ, ਜਰਨੈਲਾਂ ਸਾਹਿਤਕਾਰਾਂ ਦੇ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਏ ਜਾਣ। ਇਹ ਸਾਰੀਆਂ ਗੱਲਾਂ ਬੱਚਿਆਂ ਅੰਦਰ ਸਿੱਖੀ ਵਿਚਾਰਾਂ ਨੂੰ ਪਰਪਕ ਕਰਨ ਵਿਚ ਸਹਾਈ ਹੋਣਗੀਆਂ ।

ਸਿੱਖੀ ਸਰੂਪ ਨੂੰ ਪ੍ਰਫੁਲਿਤ ਕਰਨ ਲਈ ਸਿੱਖ ਓਪਨ ਯੂਨੀਵਰਸਿਟੀ ਦੀ ਅੱਜ ਬਹੁਤ ਲੋੜ ਹੈ, ਇਹ ਲੋੜ ਇਸ ਕਰਕੇ ਹੋਰ ਵੀ ਜ਼ਿਆਦਾ ਸ਼ਿਦਤ ਨਾਲ ਅਨੁਭਵ ਹੁੰਦੀ ਹੈ, ਕਿਉਂਕਿ ਪੰਜਾਬ ਵਿਚ ਬਣੀਆਂ ਪੰਜਾਬੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਗੁਰੂ ਨਾਨਕ ਦੇਵ ਦੇ ਸਿਧਾਂਤ ਦਾ ਪ੍ਰਚਾਰ ਕਰਨ ਦੀ ਥਾਂ ਪੱਛਮ ਅਤੇ ਨਾਸਤਕੀ ਸਿਧਾਂਤ ਦਾ ਅਖਾੜਾ ਬਣ ਕੇ ਰਹਿ ਗਈਆਂ ਹਨ । ਪੰਜਾਬ, ਪੰਜਾਬੀਅਤ ਸਿੱਖ ਸਿਧਾਂਤ ਅਤੇ ਵਿਸੇਸ਼ ਕਰਕੇ ਵਿਦਿਆ ਪ੍ਰਤੀ ਇਨ੍ਹਾਂ ਦਾ ਵਤੀਰਾ ਉਦਾਸੀਨਤਾ ਵਾਲਾ ਹੈ । ਸਿੱਖ ਓਪਨ ਯੂਨੀਵਰਸਿਟੀ ਹੀ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਇਕੋ ਹੱਲ ਹੈ । ਇਸ ਲਈ ਸ਼੍ਰੋਮਣੀ ਕਮੇਟੀ ਅਤੇ ਸੰਤ ਸਮਾਜ ਨੂੰ ਮਿਲ ਕੇ ਸਿੱਖ ਯੂਨੀਵਰਸਿਟੀ ਸਥਾਪਿਤ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਵਾਰਿਸਾਂ ਨੂੰ ਸਾਰੀਆਂ ਵਿਦਿਅਕ ਸਹੂਲਤਾਂ, ਸੰਜੀਵ ਮਾਹੌਲ ਅਤੇ ਸਹੀ ਮਾਰਗ ਦਰਸ਼ਨ ਦੇਈਏ ।

ਭਾਸ਼ਾ ਸਾਰੀ ਸਿੱਖਿਆ ਦਾ ਮਾਧਿਅਮ ਹੈ । ਅੱਜ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਨਾਂ ਉੱਤੇ ਇਸ ਨਾਲ ਜੋ ਵਰਤਾਅ ਕੀਤਾ ਜਾ ਰਿਹਾ ਹੈ, ਉਹ ਸਾਰੇ ਪੰਜਾਬੀਆਂ ਲਈ ਡੂੰਘੀ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ । ਪੰਜਾਬੀ ਦੇ ਸ਼ਬਦ ਭੰਡਾਰ ਵਿਚ ਔਖੇ ਸ਼ਬਦਾਂ ਦੀ ਵਰਤੋਂ ਕਰਕੇ ਪੰਜਾਬੀ ਦਾ ਮੁਹਾਂਦਰਾ ਵਿਗਾੜਿਆ ਜਾ ਰਿਹਾ ਤਾਂ ਜੋ ਪੰਜਾਬੀ ਭਾਸ਼ਾ ਦੀ ਪਛਾਣ ਖਤਮ ਕੀਤੀ ਜਾ ਸਕੇ । ਇਸ ਕੁਨੀਤੀ ਦਾ ਟਾਕਰਾ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਸਮੁੱਚੀਆਂ ਸਿੱਖ ਸੰਸਥਾਵਾਂ ਦੀ ਸਲਾਹ ਨਾਲ ਪੰਜਾਬੀ ਭਾਸ਼ਾ ਲਬਾਰਟਰੀ ਸਥਾਪਿਤ ਕਰਨੀ ਚਾਹੀਦੀ ਹੈ, ਜਿਸ ਵਿਚ ਭਾਸ਼ਾ ਦੀ ਹਰ ਪਖੋਂ ਉਨਤੀ ਕਰਨ ਲਈ ਖੋਜ ਪ੍ਰਯੋਗ ਨਿਰੰਤਰ ਚਲਦੇ ਰਹਿਣ ਅਤੇ ਵਿਰੋਧੀਆਂ ਦੀਆਂ ਚਾਲਾਂ ਦਾ ਵੀ ਟਾਕਰਾ ਕੀਤਾ ਜਾ ਸਕੇ ।

ਸੋ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਸਮਾਜ ਅਤੇ ਦਮਦਮੀ ਟਕਸਾਲ ਆਦਿ ਸੰਸਥਾਵਾਂ ਨੂੰ ਮਿਲ ਕੇ 21ਵੀਂ ਸਦੀ ਦੀ ਵਿਦਿਅਕ ਨੀਤੀ ਸੰਬੰਧੀ ਅਜਿਹੀ ਰਣਨੀਤੀ ਤਹਿ ਕਰਨੀ ਪਵੇਗੀ, ਜਿਸ ਨਾਲ ਆਉਣ



Sri Satguru Jagjit Singh Ji eLibrary NamdhariElibrary@gmail.com

ਵਾਲੀ ਸਿੱਖ ਪੀੜ੍ਹੀ ਆਪਣੇ ਵਿਰਸੇ ਨੂੰ ਸਮਰਪਿਤ ਹੋ ਕੇ ਜੀਵਨ ਦੇ ਹਰ ਖੇਤਰ ਵਿਚ ਵਿਕਾਸ ਕਰ ਸਕੇ । ਇਹ ਸੱਚ ਹੈ ਕਿ ਸਿੱਖ ਕੌਮ ਵਿਸ਼ਵ ਵਿਚ ਛੋਟੀ ਜਿਹੀ ਕੌਮ ਹੈ, ਪਰ ਇਹ ਆਪਣੀ ਗਿਆਨ ਯੋਗਤਾ ਦੇ ਰਾਹੀਂ ਯਹੂਦੀਆਂ ਵਾਂਗ ਵਿਸ਼ਵ ਤੇ ਇਤਿਹਾਸ ਵਿਚ ਨਾਮਣਾ ਖੱਟ ਸਕਦੀ ਹੈ । ਲੋੜ ਤਾਂ ਵਧੀਆ ਵਿਦਵਾਨ ਪੈਦਾ ਕਰਨ ਦੀ ਹੈ । ਇਹ ਤਾਂ ਹੀ ਸੰਭਵ ਹੈ ਜੇਕਰ ਸਿੱਖ ਵਿਦਿਅਕ ਅਦਾਰੇ ਸਰਬਤ ਦੇ ਭਲੇ ਦੇ ਪ੍ਰਤੀਕ ਹੋਣ, ਮਾਇਆ ਦੇ ਜੰਜਾਲ ਤੋਂ ਉਪਰ ਉਠੇ ਹੋਣ ਅਤੇ ਵਪਾਰ ਦੀ ਮੰਡੀ ਬਣਨ ਤੋਂ ਕਿਨਾਰਾ ਕਰਨ ਅਤੇ ਇਸ ਦੇ ਨਾਲ ਇਨ੍ਹਾਂ ਦਾ ਪੱਧਰ ਪੜ੍ਹਾਈ ਅਤੇ ਦਿਖ ਵਜੋਂ ਵੀ ਉਚ ਪਾਏ ਦਾ ਹੋਵੇ ਤਾਂ ਜੋ ਇਸ ਵਿਚੋਂ ਵਿਦਿਆ ਲੈਣ ਵਾਲੇ ਵਿਦਿਆਰਥੀ ਸਿੱਖ ਵਿਰਸੇ ਤੇ ਮਾਣ ਮਹਿਸੂਸ ਕਰ ਸਕਣ ।

-0-


ੴ

ਸਤਿਗੁਰ ਪ੍ਰਸਾਦਿ ॥

ਧੰਨ ਗੁਰੂ ਨਾਨਕ ਸਾਹਿਬ

ਅਜੂਨੀ ਅਦਾਰੇ ਲਈ ਸ਼ੁਭ ਇਛਾਵਾਂ

ਵਲੋਂ

ਇੰਦਰਬੀਰ ਸਿੰਘ

**ਫੇਅਰ ਪਰਾਇਸ ਮੈਡੀਸਨ ਸ਼ਾਪ**

ਅੱਡਾ ਬਸਤੀ ਗੁਜਾਂ ਜਲੰਧਰ ।


Sri Satguru Jagjit Singh Ji eLibrary NamdhariElibrary@gmail.com

# ਸਿੱਖ ਵਿਦਿਅਕ ਅਦਾਰੇ ਕਿਹੋ ਜਿਹੇ ਹੋਣ

ਡਾ. ਸੁਰਜੀਤ ਸਿੰਘ ਪਟਿਆਲਾ

ਸਿੱਖ ਧਰਮ ਦਾ ਉਦਭਵ ਕੂੜ ਅਮਾਵਸ ਦੇ ਯੁਗ ਵਿਚ ਹੋਇਆ। ਉਸ ਸਮੇਂ ਇਸਲਾਮੀ ਰਾਜ ਸਥਾਪਿਤ ਹੋਏ ਨੂੰ ਪੰਜ ਸੌ ਸਾਲ ਹੋ ਚੁੱਕੇ ਸਨ। ਭਾਰਤੀ ਵਿਦਿਆ ਕੇਂਦਰ ਜਿਵੇਂ ਟੈਕਸਲਾ, ਨਾਲੰਦਾ ਅਤੇ ਵਿਕ੍ਰਮ ਸ਼ਿਲਾ ਆਦਿ ਆਕ੍ਰਮਣਕਾਰੀਆਂ ਹੱਥੋਂ ਤਬਾਹ ਹੋ ਚੁੱਕੇ ਸਨ, ਅੰਧੀ ਰਈਅਤ ਗਿਆਨੁ ਵਿਹੂਣੀ ਮੁਰਦਾਰ ਦੀ ਤਰ੍ਹਾਂ ਜਿਉ ਰਹੀ ਸੀ। ਅਨਪੜ੍ਹਤਾ ਦੇ ਇਸ ਯੁਗ ਵਿਚ ਪਾਧਿਆਂ ਅਤੇ ਮੌਲਵੀਆਂ ਨੇ ਆਪਣੇ ਰੁਜਗਾਰ ਖਾਤਰ ਵਿਦਿਆ ਦਾ ਦੀਵਾ ਬਾਲਿਆ ਹੋਇਆ ਸੀ। ਮੁਸਲਮਾਨ ਹਿੰਦੂ ਗੁਰੂ ਕੋਲ ਨਹੀਂ ਸਨ ਜਾਂਦੇ, ਪਰ ਹਿੰਦੂ ਬੱਚੇ ਮੌਲਵੀਆਂ ਕੋਲ ਵੀ ਪੜ੍ਹਦੇ ਸਨ। ਗੁਰਮੁਖੀ ਅੱਖਰਾਂ ਦਾ ਪਰਚਲਨ ਗੁਰੂ ਸਾਹਿਬਾਨ ਨੇ ਕੀਤਾ। ਇਥੋਂ ਹੀ ਸਿੱਖ ਵਿਦਿਅਕ ਅਦਾਰਿਆਂ ਦਾ ਮੁੱਢ ਬੱਝਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਸਿੱਖਾਂ ਦੇ ਨਾਵਾਂ ਥਾਵਾਂ ਦੇ ਮਿਲਦੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਮੁੱਢਲੇ ਸਿੱਖ ਆਮ ਕਰਕੇ ਬ੍ਰਾਹਮਣਵਾਦੀ ਵੰਡ ਅਨੁਸਾਰ ਹੇਠਲੀਆਂ ਸ਼੍ਰੇਣੀਆਂ ਵਿਚੋਂ ਸਨ। ਜਰੂਰੀ ਹੈ ਕਿ ਜਦ ਘਰ ਘਰ ਅੰਦਰ ਧਰਮਸਾਲ ਸਥਾਪਿਤ ਹੋ ਗਈ ਤਾਂ ਉਥੇ ਗੁਰਸਿੱਖਾਂ ਨੂੰ ਗੁਰਮੁਖੀ ਅੱਖਰ ਪੜ੍ਹਾਏ ਜਾਣ ਲੱਗੇ। ਇਸ ਤਰ੍ਹਾਂ ਵਿਦਿਆ ਗੁਰੂ ਦਾ ਸਥਾਨ ਪਾਂਧਿਆਂ ਅਤੇ ਮੌਲਵੀਆਂ ਦੀ ਥਾਂ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨੇ ਲੈ ਲਿਆ। ਇਸ ਤਰ੍ਹਾਂ ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਵਿਦਿਆ ਉੱਚ ਵਰਣਾਂ ਤੋਂ ਪਾਰ ਆਮ ਲੋਕਾਂ ਤੱਕ ਪਹੁੰਚਣੀ ਸ਼ੁਰੂ ਹੋਈ। ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤਾ ਸਮਾਂ ਸਿੱਖਾਂ ਅੰਦਰ ਬੀਰਤਾ ਭਰਨ ਅਤੇ ਦੋਖੀਆਂ ਵੱਲੋਂ ਛੇੜੇ ਯੁੱਧਾਂ ਵਿਚ ਜੂਝਣ ਵਿਚ ਹੀ ਲੰਘ ਗਿਆ ਪਰ ਵਿਦਿਆ ਪ੍ਰਸਾਰ ਵੱਲ ਵੀ ਉਨ੍ਹਾਂ ਪੂਰਾ ਧਿਆਨ ਦਿੱਤਾ, ਉਨ੍ਹਾਂ ਦੇ ਦਰਬਾਰ ਵਿਚ ਅਨੇਕ ਕਵੀਆਂ ਅਤੇ ਵਿਦਵਾਨਾਂ ਦਾ ਹੋਣਾ ਹੀ ਇਸ ਗੱਲ ਦਾ ਪ੍ਰਮਾਣ ਹੈ, ਆਪਣੇ ਪੰਜ ਸਿੰਘ ਉੱਚ ਵਿਦਿਆ ਲਈ ਬਨਾਰਸ ਭੇਜੇ, ਇਨ੍ਹਾਂ ਸਿੰਘਾਂ ਦੇ ਉੱਦਮ ਨਾਲ ਸਿੱਖਾਂ ਅੰਦਰ ਉੱਚ ਵਿਦਿਆ ਦਾ ਪ੍ਰੇਮ ਜਾਗਿਆ। ਅੱਗੋਂ ਨਿਰਮਲੇ ਸਿੰਘਾਂ ਨੇ ਇਨ੍ਹਾਂ ਦੀ ਪਾਈ ਪਿਰਤ ਦੀ ਪਾਲਨਾ ਕਰਦੇ ਹੋਏ ਆਪਣੇ ਡੇਰਿਆਂ ਅੰਦਰ ਵਿਦਿਆ ਕਾਰਜ ਔਖੀਆਂ ਤੋਂ ਔਖੀਆਂ ਘੜੀਆਂ ਵਿਚ ਵੀ ਚਾਲੂ ਰਖਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਮਿਸਲਾਂ ਦਾ ਰਾਜ ਸਥਾਪਿਤ ਹੋਣ ਤੱਕ ਪੰਥ ਲਈ ਬੜਾ ਬਿਖੜਾ ਸਮਾਂ ਸੀ, ਇਸ ਸਮੇਂ ਜਦ ਪੰਥ ਮੁਗਲ ਰਾਜ ਦੀਆਂ ਜੜ੍ਹਾਂ ਪੁੱਟਣ ਅਤੇ ਨਾਦਰਾਂ ਅਤੇ ਅਬਦਾਲੀਆਂ ਵਰਗੇ ਜਾਬਰਾਂ ਨੂੰ ਨੱਥ ਪਾਉਣ ਲਈ ਜੂਝ ਰਿਹਾ ਸੀ ਤਾਂ ਵਿਦਿਆ ਦਾਨ ਦਾ ਕਾਰਜ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਚਾਲੂ ਸੀ। ਖ਼ਾਲਸਾ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਕੋਈ ਵਿਦਿਅਕ ਨੀਤੀ ਨਹੀਂ ਬਣਾਈ। ਰਾਜ ਕਾਜ ਦੀ ਭਾਸ਼ਾ ਫਾਰਸੀ ਹੀ ਰਹੀ। ਇਹ ਭੂਪਵਾਦੀ ਯੁਗ ਸੀ। ਲੋਕਾਂ ਲਈ ਵਿਦਿਆ ਦਾ ਪ੍ਰਬੰਧ ਕਰਨ ਦਾ ਕਾਰਜ ਸਰਕਾਰ ਦਾ ਮੰਨਿਆ ਹੀ ਨਹੀਂ ਜਾਂਦਾ ਸੀ। ਪਹਿਲਾਂ ਦੀ ਤਰ੍ਹਾਂ ਹੀ ਵਿਦਿਆ ਦਾਨ ਦਾ ਕਾਰਜ ਸਾਧਾਂ ਸੰਤਾਂ ਦੇ ਡੇਰੇ ਅਤੇ ਕੁਝ ਉੱਦਮੀ ਸਿੱਖ ਨਿਭਾਉਂਦੇ ਰਹੇ। ਇਨ੍ਹਾਂ ਵਿਦਿਆ ਕੇਂਦਰਾਂ ਵਿਚ ਵਿਦਿਆਰਥੀ ਅਤੇ ਗੁਰੂ ਦਾ ਰਿਸ਼ਤਾ ਪਿਉ ਪੁੱਤਰ ਵਰਗਾ ਹੁੰਦਾ ਸੀ। ਕਿਸੇ ਕਿਸਮ ਦਾ ਕੋਈ ਮਾਇਕ ਲੋਭ ਲਾਲਚ ਨਹੀਂ ਸੀ ਹੁੰਦਾ। ਮੁੱਖ ਰੂਪ ਵਿਚ ਗੁਰਬਾਣੀ ਹੀ ਪੜ੍ਹਾਈ ਜਾਂਦੀ ਸੀ। ਆਮ ਕਰਕੇ ਵਿਦਿਆਰਥੀ ਹਿਸਾਬ ਅਤੇ ਵਿਗਿਆਨ ਦੇ ਗਿਆਨ ਤੋਂ ਕੋਰੇ ਹੁੰਦੇ ਸਨ। ਇਸ



Sri Satguru Jagjit Singh Ji eLibrary NamdhariElibrary@gmail.com

ਕਰਕੇ ਸਾਰਾ ਬਲ ਧਾਰਮਿਕ ਵਿਦਿਆ ਉੱਤੇ ਹੀ ਹੁੰਦਾ ਸੀ । ਗੁਰਸਿੱਖ ਹੋ ਕੇ ਨਿਕਲਦੇ ਸਨ ।

ਪੰਜਾਬ ਸਭ ਤੋਂ ਪਿੱਛੋਂ ਅੰਗਰੇਜ਼ੀ ਰਾਜ ਦੇ ਅਧੀਨ ਹੋਇਆ । ਪਹਿਲਾਂ ਮੁਗਲ ਰਾਜ ਅਤੇ ਫੇਰ ਖ਼ਾਲਸਾ ਰਾਜ ਸਮੇਂ ਰਾਜ ਸੱਤਾ ਫਿਊਡਲ ਲਾਰਡਾਂ ਦੇ ਹੱਥ ਵਿਚ ਸੀ । ਇਸ ਦੀਆਂ ਵਿਦਿਅਕ ਲੋੜਾਂ ਹੋਰ ਸਨ । ਪਰ ਇਸ ਤੋਂ ਉਲਟ ਅੰਗਰੇਜ਼ੀ ਰਾਜ ਦਾ ਨਿਯੰਤਰਣ ਉਦਯੋਗਿਕ ਕ੍ਰਾਂਤੀ ਤੋਂ ਹੋਂਦ ਵਿਚ ਆਈ ਨਵੀਂ ਅਮੀਰ ਵਿਉਪਾਰੀ ਸ਼੍ਰੇਣੀ ਦੇ ਹੱਥਾਂ ਵਿਚ ਸੀ । ਇਸ ਦੀਆਂ ਲੋੜਾਂ ਫਿਊਡਲ ਸਮਾਜ ਨਾਲੋਂ ਬਿਲਕੁਲ ਅਲੱਗ ਸਨ । ਸੋ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਪੱਛਮੀ ਢੰਗ ਦੇ ਸਕੂਲ ਅਤੇ ਕਾਲਜ ਖੁਲਣੇ ਸ਼ੁਰੂ ਹੋ ਗਏ । ਨਵੇਂ ਰਾਜ ਭਾਗ ਵਿਚ ਹਿੱਸਾ ਵੰਡਾਉਣ ਲਈ ਅਤੇ ਈਸਾਈ ਧਰਮ ਪਰਚਾਰਕਾਂ ਦੇ ਪਰਚਾਰ ਦਾ ਟਾਕਰਾ ਕਰਨ ਲਈ ਧਰਮ ਵਿਚ ਪੁਨਰ ਜਾਗਰਣ ਲਿਆਉਣ ਲਈ ਪੰਜਾਬ ਦੇ ਹਿੰਦੂਆਂ, ਸਿੱਖਾਂ ਅਤੇ ਪਿੱਛੋਂ ਮੁਸਲਮਾਨਾਂ ਨੇ ਵੀ ਨਵੀਂ ਕਿਸਮ ਦੇ ਵਿਦਿਅਕ ਅਦਾਰਿਆਂ ਦੀ ਲੋੜ ਮਹਿਸੂਸ ਕੀਤੀ, ਇਸ ਤਰ੍ਹਾਂ ਆਰੀਆਂ, ਸਨਾਤਨ, ਖ਼ਾਲਸਾ ਅਤੇ ਬਾਅਦ ਵਿਚ ਇਸਲਾਮੀ ਸਕੂਲ ਅਤੇ ਕਾਲਜਾਂ ਦੀ ਸਥਾਪਨਾ ਹੋਣ ਲੱਗੀ, ਛੇਤੀ ਹੀ ਲਾਹੌਰ, ਅੰਮ੍ਰਿਤਸਰ, ਲੁਧਿਆਣਾ, ਰਾਵਲਪਿੰਡੀ ਅਤੇ ਪੰਜਾਬ ਦੇ ਕਈ ਹੋਰ ਸ਼ਹਿਰਾਂ ਅਤੇ ਵੱਡੇ ਪਿੰਡਾਂ ਵਿਚ ਵੀ ਦੂਜੇ ਧਰਮਾਂ ਦੀ ਤਰ੍ਹਾਂ ਖ਼ਾਲਸਾ ਵਿਦਿਅਕ ਸੰਸਥਾਵਾਂ ਦਾ ਬੋਲ ਬਾਲਾ ਹੋ ਗਿਆ । ਰਿਆਸਤੀ ਇਲਾਕੇ ਵਿਚ ਇਸ ਤਰ੍ਹਾਂ ਦੇ ਅਦਾਰੇ 1947 ਤੋਂ ਪਿਛੋਂ ਹੀ ਖੁੱਲ੍ਹੇ, ਇਨ੍ਹਾਂ ਸੰਸਥਾਵਾਂ ਵਿਚ ਪਾਠ ਪ੍ਰਣਾਲੀ ਯੂਨੀਵਰਸਿਟੀ ਦੀ ਲੋੜ ਅਨੁਸਾਰ ਹੀ ਸੀ । ਮੁੱਖ ਉਦੇਸ਼ ਰਾਜ ਕਾਜ ਵਾਸਤੇ ਵੱਡੇ ਅਤੇ ਛੋਟੇ ਕਰਮਚਾਰੀ ਪੈਦਾ ਕਰਨਾ ਹੀ ਸੀ। ਨਾਲ ਨਾਲ ਧਰਮ ਵੀ ਇਕ ਵਾਧੂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾਂਦਾ ਸੀ । ਪਰ ਧਰਮ ਦੇ ਵਿਸ਼ੇ ਅਤੇ ਅਧਿਆਪਕ ਦੀ ਕੋਈ ਪੁਛ ਪ੍ਰਤੀਤ ਨਹੀਂ ਸੀ । ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਪ੍ਰਧਾਨ ਸੀ, ਪੰਜਾਬੀ ਕਤਈ ਅਣਗੌਲੀ ਸੀ। ਇਨ੍ਹਾਂ ਸੰਸਥਾਵਾਂ ਨੇ ਪੱਛਮੀ ਢੰਗ ਦੀ ਵਿਦਿਆ ਨੂੰ ਪੰਜਾਬ ਦੇ ਪਿੰਡਾਂ ਵਿਚ ਵੀ ਦੂਰ ਦੂਰ ਤੱਕ ਪਹੁੰਚਦਾ ਕਰ ਦਿੱਤਾ, ਲੋਕਾਂ ਵਿਚ ਧਾਰਮਿਕ ਅਤੇ ਰਾਜਸੀ ਜਾਗ੍ਰਤੀ ਆਈ । ਕਈ ਉਘੇ ਸਿੱਖ ਵਿਦਵਾਨ ਇਨ੍ਹਾਂ ਸੰਸਥਾਵਾਂ ਨੇ ਪੰਜਾਬ ਨੂੰ ਦਿੱਤੇ ।

ਸਵਾਲ ਇਹ ਹੈ ਕਿ ਅੱਜ ਦੇਸ਼ ਦੇ ਆਜ਼ਾਦ ਹੋਣ ਦੇ ਲਗਭਗ ਪੰਜਾਹ ਸਾਲ ਪਿੱਛੋਂ ਪੰਜਾਬ ਸਮਾਜਕ ਵਿਕਾਸ ਦੇ ਕਿਸ ਪੜਾ ਉੱਤੇ ਪਹੁੰਚਿਆ ਹੈ ਅਤੇ ਇਸ ਦੀਆਂ ਵਿਦਿਅਕ ਲੋੜਾਂ ਕੀ ਹਨ? ਪੰਜਾਬ ਵਿਚ ਉਦਯੋਗੀਕਰਣ ਸਭ ਤੋਂ ਪਿੱਛੋਂ ਸ਼ੁਰੂ ਹੋਇਆ । ਦੇਸ਼ ਦੀ ਵੰਡ ਦੇ ਦੁਖਾਂਤ ਤੋਂ ਸੰਭਲਣ ਲਈ ਵੀ ਇਸ ਨੂੰ ਕਈ ਸਾਲ ਲੱਗੇ । ਦੋ ਭਾਰਤ ਪਾਕ ਜੰਗਾਂ ਅਤੇ ਪਿਛਲੇ ਦਸ ਸਾਲ ਦੇ ਸੰਕਟ ਨੇ ਵੀ ਇਸ ਦੇ ਵਿਕਾਸ ਨੂੰ ਧੱਕਾ ਲਾਇਆ । ਫਿਰ ਵੀ ਪੰਜਾਬ ਅੱਜ ਸਾਮੰਤੀ ਯੁਗ ਵਿਚੋਂ ਲੰਘ ਗਿਆ ਹੈ । ਪੰਜਾਬ ਦੀ ਆਪਣੀ, ਅੰਤਰਰਾਜੀ ਅਤੇ ਅੰਤਰ ਰਾਸ਼ਟਰੀ ਪੂੰਜੀ ਨਾਲ ਉਦਯੋਗਿਕ ਕ੍ਰਾਂਤੀ ਆ ਗਈ ਹੈ । ਇਕ ਨਵਾਂ ਪੂੰਜੀਪਤੀ ਵਰਗ ਪੈਦਾ ਹੋ ਗਿਆ ਹੈ । ਇਸ ਵਰਗ ਦੀ ਇਕ ਆਪਣੀ ਸ੍ਵੈ- ਕੇਂਦਰਿਤ ਸੋਚ ਹੈ । ਭੋਗਵਾਦੀ ਰੁਚੀਆਂ ਇਸ ਉੱਤੇ ਭਾਰੂ ਹਨ ਆਪਣੇ ਧਰਮ ਅਤੇ ਸਭਿਆਚਾਰ ਤੋਂ ਇਹ ਵਰਗ ਵਿਜੋਗਿਆ ਜਾ ਚੁੱਕਿਆ ਹੈ, ਸਾਮੰਤੀ ਯੁਗ ਵਿਚ ਸਮਾਜ ਦੀ ਅਗਵਾਈ ਭੂਮੀਪਤੀਆਂ ਦੇ ਹੱਥ ਹੁੰਦੀ ਸੀ। ਬਾਕੀ ਥੁੜੇ-ਟੁੱਟੇ ਲੋਕ ਇਨ੍ਹਾਂ ਦੀ ਜੀਵਨ ਜਾਚ ਦੀ ਹੀ ਨਕਲ ਕਰਦੇ ਸਨ । ਪਰ ਅੱਜ ਕੀ ਰਾਜਸੀ, ਕੀ ਸਾਮਾਜਿਕ ਤੇ ਕੀ ਧਾਰਮਿਕ ਅਗਵਾਈ ਪੂੰਜੀਪਤੀ ਵਰਗ ਦੇ ਹੱਥਾਂ ਵਿਚ ਚਲੀ



Sri Satguru Jagjit Singh Ji eLibrary NamdhariElibrary@gmail.com

ਜਾਂਦੀ ਹੈ, ਸਮਾਜ ਦੇ ਬਾਕੀ ਵਰਗ ਜਾਣੇ ਅਣਜਾਣੇ ਇਨ੍ਹਾਂ ਦੀ ਹੀ ਨਕਲ ਕਰਦੇ ਹਨ। ਲੋਕ ਦਿਨੋ ਦਿਨ ਆਪਣੇ ਸਭਿਆਚਾਰ ਨਾਲੋਂ ਟੁੱਟ ਰਹੇ ਹਨ। ਅਸੀਂ ਇਕੀਵੀਂ ਸਦੀ ਦੇ ਪਰਵੇਸ਼ ਦੁਆਰ ਉੱਤੇ ਖੜੇ ਹਾਂ। ਸਾਰੇ ਸੰਸਾਰ ਦੇ ਨਾਲ ਨਾਲ ਅੱਗੇ ਵਧਣਾ ਹੈ। ਨਵੀਆਂ ਕਦਰਾਂ ਕੀਮਤਾਂ ਧਾਰਨ ਕਰਨੀਆਂ ਹੀ ਪੈਣਗੀਆਂ। ਪਰ ਆਪਣੀਆਂ ਛੱਡਣੀਆਂ ਵੀ ਯੋਗ ਨਹੀਂ, ਇਸ ਤਰ੍ਹਾਂ ਇਕ ਸੰਕਟ ਵਿਚ ਦੀ ਅਸੀਂ ਲੰਘ ਰਹੇ ਹਾਂ। ਜਿਸ ਪੀੜ੍ਹੀ ਨੇ ਇਕੀਵੀਂ ਸਦੀ ਦੇ ਭਵਿਖ ਦਾ ਵਾਰਿਸ ਬਣਨਾ ਹੈ, ਉਹ ਇਸ ਸਮੇਂ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਹਨ ਜਾਂ ਪੜ੍ਹਨਾ ਸ਼ੁਰੂ ਕਰਨ ਵਾਲੇ ਹਨ। ਵਿਦਿਅਕ ਸੰਸਥਾਵਾਂ ਆਉਣ ਵਾਲੀ ਪੀੜ੍ਹੀ ਨੂੰ ਪੱਛਮੀ ਕਲਚਰ ਦੇ ਜ਼ਬਰਦਸਤ ਖਲਾਈ ਅਤੇ ਪ੍ਰਿੰਟਮੀਡੀਏ ਰਾਹੀਂ ਹੋ ਰਹੇ ਆਕਰਮਣ ਤੋਂ ਬਚਾ ਸਕਦੀਆਂ ਹਨ। ਸਰਕਾਰ ਕੀ ਕਰਦੀ ਹੈ ਇਹ ਸਵਾਲ ਅਲੱਗ ਹੈ, ਅਸੀਂ ਇਹ ਦੇਖਣਾ ਹੈ ਕਿ ਸਿੱਖ ਵਿਦਿਅਕ ਸੰਸਥਾਵਾਂ ਇਸ ਖੇਤਰ ਵਿਚ ਕੀ ਕਰ ਸਕਦੀਆਂ ਹਨ। ਕਿਵੇਂ ਸਿੱਖ ਨੌਜਵਾਨਾਂ ਨੂੰ ਹਰ ਪੱਖ ਤੋਂ ਤੀਬਰ ਗਤੀ ਨਾਲ ਬਦਲ ਰਹੇ ਭਵਿੱਖ ਵਿਚ ਜੀਵਨ ਘੋਲ ਲਈ ਤਿਆਰ ਕਰ ਸਕਦੀਆਂ ਹਨ।

ਸਭ ਤੋਂ ਪਹਿਲਾਂ ਇਹ ਦੇਖਣਾ ਹੈ ਕਿ ਵਰਤਮਾਨ ਸਿੱਖ ਵਿਦਿਅਕ ਸੰਸਥਾਵਾਂ ਦਾ ਸਰੂਪ ਕੀ ਹੈ। ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਹਰਿਆਣਾ ਅਤੇ ਦਿੱਲੀ, ਬੰਬਈ, ਕਾਨ੍ਹਪੁਰ ਆਦਿ ਸ਼ਹਿਰਾਂ ਵਿਚ ਅਨੇਕ ਖ਼ਾਲਸਾ ਸਕੂਲ ਤੇ ਕਾਲਜ ਖੁੱਲ੍ਹੇ ਹੋਏ ਹਨ। ਇਨ੍ਹਾਂ ਵਿਚੋਂ ਬਹੁਤਿਆਂ ਵਿਚ ਆਰਟਸ ਦੇ ਸਾਧਾਰਣ ਵਿਸ਼ੇ ਹੀ ਪੜ੍ਹਾਏ ਜਾਂਦੇ ਹਨ। ਵਿਗਿਆਨ ਦੀ ਪੜ੍ਹਾਈ ਦਾ ਵੀ ਪ੍ਰਬੰਧ ਕੁਝ ਇਕ ਕਾਲਜਾਂ ਨੂੰ ਛੱਡ ਕੇ ਬਾਕੀ ਵਿਚ ਆਮ ਕਰਕੇ ਹੁੰਦਾ ਹੀ ਹੈ। ਕਿਧਰੇ ਕਿਧਰੇ ਕਾਮਰਸ ਵਰਗੇ ਕਿੱਤਾ ਮੁੱਖੀ ਵਿਸ਼ੇ ਵੀ ਪੜ੍ਹਾਏ ਜਾਂਦੇ ਹਨ, ਹੁਣ ਪੰਜ ਦਸ ਸਾਲਾਂ ਤੋਂ ਅੰਗਰੇਜ਼ੀ ਮਾਧਿਅਮ ਦੇ ਮਾਡਲ ਜਾਂ ਪਬਲਿਕ ਸਕੂਲਾਂ ਦੀ ਇਕ ਪਰਬਲ ਧਾਰਾ ਵਗ ਤੁਰੀ ਹੈ, ਇਨ੍ਹਾਂ ਸਕੂਲਾਂ ਦੇ ਮਾਲਕ ਜਾਂ ਤਾਂ ਵਿਉਪਾਰੀ ਰੁਚੀਆਂ ਵਾਲੇ ਉੱਦਮੀ ਬੰਦੇ ਹਨ ਤੇ ਜਾਂ ਡੇਰਿਆਂ ਦੇ ਮਾਲਕ ਸਾਧ ਤੇ ਸੰਤ। ਇਹ ਸਕੂਲ ਆਮ ਕਰਕੇ ਪਿੰਡਾਂ ਵਿਚ ਖੁੱਲ੍ਹੇ ਹੋਏ ਹਨ ਅਤੇ ਖੁੱਲ ਰਹੇ ਹਨ।

ਇਨ੍ਹਾਂ ਸਿੱਖ ਵਿਦਿਅਕ ਸੰਸਥਾਵਾਂ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਬਿਨਾਂ ਕਿਸੇ ਦਾ ਨਾਂ ਲਏ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਕਈਆਂ ਨੇ ਚੋਟੀ ਦੇ ਵਿਦਵਾਨ ਪੈਦਾ ਕੀਤੇ ਹਨ। ਇਨ੍ਹਾਂ ਵਿਚ ਪੜ੍ਹੇ ਅਤੇ ਖੇਡੇ ਕਈ ਖਿਡਾਰੀਆਂ ਨੇ ਰਾਸ਼ਟਰੀ ਪੱਧਰ ਉੱਤੇ ਸਿੱਖੀ ਸਰੂਪ ਦਾ ਮਾਣ ਵਧਾਇਆ ਹੈ। ਵਿਦਿਆਰਥੀਆਂ ਦੇ ਧੁਰ ਮਨਾਂ ਅੰਦਰ ਗੁਰਮਤਿ ਲਈ ਸਤਿਕਾਰ ਭਰਿਆ ਹੈ। ਪੰਜਾਬ ਤੋਂ ਬਾਹਰ ਸਿੱਖੀ ਸਰੂਪ ਦੀ ਪਛਾਣ ਬਣਾਈ ਰੱਖੀ ਹੈ। ਪਰ ਘਾਟਿਆਂ ਉੱਤੇ ਨਜ਼ਰ ਮਾਰ ਲੈਣੀ ਵੀ ਕੁਥਾ ਨਹੀਂ ਹੋਵੇਗੀ। ਸਭ ਤੋਂ ਪਹਿਲਾਂ ਇਨ੍ਹਾਂ ਸੰਸਥਾਵਾਂ ਲਈ ਇਮਾਰਤਾਂ ਦੀ ਘਾਟ ਰੜਕਦੀ ਹੈ। ਇਹ ਠੀਕ ਹੈ ਕਿ ਸਰਕਾਰੀ ਸੰਸਥਾਵਾਂ ਦਾ ਇਸ ਤੋਂ ਵੀ ਮੰਦਾ ਹਾਲ ਹੈ। ਪਰ ਜੇ ਸਰਕਾਰ ਨੂੰ ਹੀ ਮਾਪਦੰਡ ਰਖਿਆ ਤਾਂ ਫੇਰ ਸਾਡੀ ਵਡਿਆਈ ਕੀ ਹੋਈ, ਇਸ ਦੇ ਮੁਕਾਬਲੇ ਉੱਤੇ ਹਿੰਦੂ ਸੰਸਥਾਵਾਂ ਦੀਆਂ ਬਿਲਡਿੰਗਾਂ ਖੁੱਲ੍ਹੀਆਂ ਅਤੇ ਚੰਗੀਆਂ ਹਨ। ਕਾਰਨ ਇਹ ਦੱਸਿਆ ਜਾਂਦਾ ਹੈ ਕਿ ਸਿੱਖ ਦਾਨੀ ਸੱਜਣ ਦਿਲ ਖੋਲ੍ਹ ਕੇ ਦਾਨ ਨਹੀਂ ਦਿੰਦੇ। ਇਹ ਗੱਲ ਨਹੀਂ ਕਿ ਸਿੱਖ ਅਮੀਰ ਘਰਾਣਿਆਂ ਕੋਲ ਧਨ ਦੀ ਕੋਈ ਕਮੀ ਹੈ, ਸਗੋਂ ਕਾਰਨ ਇਹ ਹੈ ਕਿ ਇਹ ਇਸ ਪਾਸੇ ਦਾਨ ਦੇਣ ਨਾਲੋਂ ਆਪਣੀ ਐਸ਼ ਇਸ਼ਰਤ ਉੱਤੇ ਖਰਚ ਕਰਨਾ ਵਧੇਰੇ ਚੰਗਾ ਸਮਝਦੇ ਹਨ। ਸਾਇੰਸ ਦੀਆਂ ਲੈਬਾਰਟਰੀਆਂ ਤਾਂ ਕਾਫੀ



Sri Satguru Jagjit Singh Ji eLibrary NamdhariElibrary@gmail.com

ਹਨ, ਪਰ ਸਮਾਨ ਨਹੀਂ। ਲਾਇਬਰੇਰੀਆਂ ਨਾ ਹੋਣ ਬਰਾਬਰ ਹਨ। ਬਹੁਤਿਆ ਕਲ ਖੁਲ੍ਹ ਮਦਾਨਾ ਦੀ ਅਣਹੋਂਦ ਹੈ। ਸਟਾਫ ਘੱਟ ਹੈ। ਸ਼੍ਰੇਣੀਆਂ ਵਿਚ ਜਮ ਘਟਾ ਬਹੁਤ ਹੁੰਦਾ ਹੈ, ਸੁਭਾਵਿਕ ਹੀ ਹੈ ਕਿ ਵਿਦਿਆ ਦਾ ਮਿਆਰ ਦਿਨੋਂ ਦਿਨ ਡਿਗਦਾ ਜਾ ਰਿਹਾ ਹੈ, ਦੂਜੀਆਂ ਸੰਸਥਾਵਾਂ ਦੇ ਮੁਕਾਬਲੇ ਵਿਚ ਖ਼ਾਲਸਾ ਸੰਸਥਾਵਾਂ ਦਾ ਮਾਨ ਸਤਿਕਾਰ ਘੱਟ ਹੈ।

ਤਥਾ ਕਥਿਤ ਅੰਗ੍ਰੇਜ਼ੀ ਮਾਧਿਅਮ ਜਾਂ ਪਬਲਿਕ ਸਕੂਲਾਂ ਦੀ ਹਾਲਤ ਹੋਰ ਵੀ ਮਾੜੀ ਹੈ, ਉਪਰਲੀ ਚਮਕ ਦਮਕ ਬਹੁਤ ਹੈ, ਪਰ ਅੰਦਰੋਂ ਢੋਲ ਖਾਲੀ ਹੈ। ਇਨ੍ਹਾਂ ਸੰਸਥਾਵਾਂ ਉੱਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ। ਬਿਲਡਿੰਗਾਂ ਜ਼ਰੂਰ ਚਮਕਦੀਆਂ ਨਜ਼ਰ ਆਉਂਦੀਆਂ ਹਨ, ਪਰ ਸਟਾਫ ਘੱਟ ਪੜ੍ਹਿਆ, ਅਸਥਾਈ, ਥੋੜਾ ਅਤੇ ਘੱਟ ਤੋਂ ਘੱਟ ਤਨਖਾਹ ਵਾਲਾ ਹੈ। ਅਧਿਆਪਕ ਆਪ ਮਾਲਕਾਂ ਦੀਆਂ ਹੁਦਰੀਆਂ ਤੋਂ ਡਰੇ ਹੋਏ ਅਤੇ ਥੁੜਾਂ ਦੇ ਮਾਰੇ ਹੁੰਦੇ ਹਨ। ਉਹ ਵਿਦਿਆਰਥੀਆਂ ਨੂੰ ਕੀ ਸੰਤੁਸ਼ਟ ਕਰਨਗੇ? ਵਿਦਿਆਰਥੀ ਵਰਦੀਆਂ ਵਿਚ ਸਜੇ ਸੰਵਰੇ ਸੁਹਣੇ ਤਾਂ ਲੱਗਦੇ ਹਨ, ਪਰ ਆਮ ਕਰਕੇ ਵਿਦਿਅਕ ਪੱਧਰ ਨੀਵਾਂ ਹੀ ਹੁੰਦਾ ਹੈ। ਸਭ ਤੋਂ ਵੱਧ ਗੱਲ ਹੈ ਕਿ ਵਿਦਿਆ ਬਹੁਤ ਮਹਿੰਗੀ ਹੈ। ਆਮ ਆਦਮੀ ਦੀ ਪਹੁੰਚ ਤੋਂ ਪਰੇ ਹੁੰਦੀ ਜਾ ਰਹੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਵਿੱਖ ਲਈ ਸਿੱਖ ਵਿਦਿਅਕ ਨੀਤੀ ਕਿਹੋ ਜਿਹੀ ਹੋਵੇ। ਉੱਤਰ ਇਹ ਹੈ ਕਿ ਭਵਿੱਖ ਵਿਚ ਉਹੋ ਨੀਤੀ ਸਫਲ ਰਹੇਗੀ ਜਿਹੜੀ ਤੀਬਰ ਗਤੀ ਨਾਲ ਬਦਲਦੇ ਸਮਾਜ ਦੀਆਂ ਲੋੜਾਂ ਦੀ ਪੂਰਤੀ ਕਰ ਸਕੇ। ਮਨੁੱਖ ਨੂੰ ਇਸ ਯੋਗ ਬਣਾ ਸਕੇ ਕਿ ਉਹ ਸਮਾਜ ਦਾ ਇਕ ਸਵਸਥ ਅੰਗ ਰਹਿੰਦਿਆਂ ਹੋਇਆਂ ਨਾ ਕੇਵਲ ਜੀਵਨ ਨਿਰਵਾਹ ਕਰੇ, ਸਗੋਂ ਕੁਝ ਪ੍ਰਾਪਤੀਆਂ ਵੀ ਕਰ ਦਿਖਾਵੇ। ਚੰਗੀਆਂ ਵਿਦਿਅਕ ਸੰਸਥਾਵਾਂ ਦੀ ਸਫਲਤਾ ਲਈ ਸਭ ਤੋਂ ਪਹਿਲੀ ਲੋੜ ਹਨ ਢੁਕਵੀਆਂ ਇਮਾਰਤਾਂ ਅਤੇ ਕਾਫੀ ਅਤੇ ਯੋਗ ਸਟਾਫ। ਇਹ ਮੰਨ ਲੈਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਕੁਝ ਇਕ ਵਿਦਿਅਕ ਸੰਸਥਾਵਾਂ ਨੂੰ ਛੱਡ ਕੇ, ਬਾਕੀ ਸਭ ਤੋਂ ਵਿਦਿਅਕ ਸੰਸਥਾਵਾਂ ਅਢੁਕਵੀਆਂ ਇਮਾਰਤਾਂ ਵਿਚ ਚਲ ਰਹੀਆਂ ਹਨ। ਕਾਰਨ ਇਹ ਹੈ ਕਿ ਅਸੀਂ ਵਿਦਿਆ ਨੂੰ ਇਕ ਵਾਧੂ ਜਿਹਾ ਕਾਰਜ ਮੰਨ ਬੈਠੇ ਹਾਂ। ਵਿਦਿਆ ਕਾਰਜਾਂ ਉੱਤੇ ਪੈਸਾ ਖਰਚਣ ਦੀ ਬਜਾਏ ਮੂੰਹ ਅਤੇ ਤਨ ਦੇ ਸੁਆਦਾਂ ਉੱਤੇ ਪੈਸਾ ਖਰਚਣਾ ਚੰਗਾ ਸਮਝਦੇ ਹਾਂ। ਆਪਣੀ ਧਾਰਮਿਕ ਹਉਮੈਂ ਦੀ ਪੂਰਤੀ ਲਈ ਅਸੀਂ ਨਿੱਤ ਨਵੇਂ ਉਸਰ ਰਹੇ ਗੁਰੂ ਘਰਾਂ ਦੀਆਂ ਇਮਾਰਤਾਂ ਉੱਤੇ ਤਾਂ ਕਰੋੜਾਂ ਰੁਪਏ ਖਰਚ ਕਰ ਰਹੇ ਹਾਂ। ਪਰ ਵਿਦਿਅਕ ਇਮਾਰਤਾਂ ਦੀ ਮਹੱਤਤਾ ਨੂੰ ਭੁਲਾਈ ਬੈਠੇ ਹਾਂ। ਪੈਸੇ ਦੀ ਕਮੀ ਨਹੀਂ ਕੇਵਲ ਸੋਚ ਬਦਲਣ ਦੀ ਲੋੜ ਹੈ। ਸੰਸਥਾਵਾਂ ਦੀਆਂ ਇਮਾਰਤਾਂ ਖੁੱਲ੍ਹੀਆਂ, ਹਵਾਦਾਰ ਅਤੇ ਵਿਦਿਆਰਥੀਆਂ ਦੀ ਸੰਖਿਆ ਅਨੁਸਾਰ ਹੋਣੀਆਂ ਜ਼ਰੂਰੀ ਹਨ। ਖੇਡਾਂ ਦੇ ਮੈਦਾਨ ਖਾਸ ਕਰਕੇ ਸ਼ਹਿਰਾਂ ਵਿਚ ਕਿਸੇ ਭਾਗਾਂ ਵਾਲੀ ਸੰਸਥਾ ਕੋਲ ਹੀ ਹੁੰਦੇ ਹਨ। ਖ਼ਾਲਸਾ ਸੰਸਥਾਵਾਂ ਆਮ ਕਰਕੇ ਪੇਂਡੂ ਵਿਦਿਆਰਥੀਆਂ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਦੀਆਂ ਹਨ। ਪੇਂਡੂ ਵਿਦਿਆਰਥੀ ਸ਼ਹਿਰੀਆਂ ਨਾਲੋਂ ਤਕੜੇ ਜੁੱਸੇ ਵਾਲੇ ਹੁੰਦੇ ਹਨ। ਜੇ ਖ਼ਾਲਸਾ ਸੰਸਥਾਵਾਂ ਕੋਲ ਖੇਡਾਂ ਦੇ ਮੈਦਾਨ ਹੋਣ ਤਾਂ ਇਹ ਬਹੁਤ ਤਕੜੇ ਸਿੱਖ ਖਿਡਾਰੀ ਪੈਦਾ ਕਰ ਸਕਦੀਆਂ ਹਨ।

ਅੱਗੇ ਗੱਲ ਚਲਦੀ ਹੈ ਅਧਿਆਪਕ ਵਰਗ ਦੀ। ਅਧਿਆਪਕ ਵਿਦਿਅਕ ਢਾਂਚੇ ਦੀ ਚੂਲ ਹੈ। ਇਸ ਦੇ ਸਹਿਯੋਗ ਤੋਂ ਬਿਨਾਂ ਨੀਤੀ ਕਿੰਨੀ ਵੀ ਉੱਤਮ ਹੋਵੇ, ਸਿਰੇ ਨਹੀਂ ਚੜ੍ਹਦੀ। ਪਰ ਸਚਾਈ ਇਹ ਹੈ ਕਿ ਇਹ ਸੰਸਥਾਵਾਂ ਇਸ ਪੱਖੋਂ ਵੀ ਸਰਕਾਰੀ ਸੰਸਥਾਵਾਂ ਦੇ ਮੁਕਾਬਲੇ



Sri Satguru Jagjit Singh Ji eLibrary NamdhariElibrary@gmail.com

ਉੱਤੇ ਕਾਫੀ ਊਣੀਆਂ ਹਨ । ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਵਿਚ ਅਧਿਆਪਕਾਂ ਦੀ ਸੰਖਿਆ ਨਿਰਧਾਰਤ ਕਰਨ ਵਿਚ ਵਿਦਿਅਕ ਮਹਿਕਮੇ ਦਾ ਦਖਲ ਬਹੁਤ ਹੈ । ਇਸ ਤਰ੍ਹਾਂ ਹੀ ਅਧਿਆਪਕਾਂ ਦੀ ਚੋਣ ਕਰਨ ਸਮੇਂ ਵੀ ਹੁੰਦਾ ਹੈ । ਫਿਰ ਵੀ ਮੁੱਖ ਭੂਮਿਕਾ ਤਾਂ ਪ੍ਰਬੰਧਕ ਕਮੇਟੀਆਂ ਦੀ ਹੀ ਹੁੰਦੀ ਹੈ । ਪੋਸਟਾਂ ਦੀ ਸੰਖਿਆ ਵਧਾਉਣ ਦੇ ਨਾਲ ਨਾਲ ਅਧਿਆਪਕਾਂ ਦੀ ਵਿਦਿਅਕ ਅਤੇ ਅਧਿਆਪਨ ਯੋਗਤਾ ਨੂੰ ਪਹਿਲ ਦੇਣਾ ਜਰੂਰੀ ਹੈ । ਚੋਣ ਕਰਨ ਸਮੇਂ ਭਾਈ ਭਤੀਜਾਵਾਦ ਤੋਂ ਬਚਣਾ ਜਰੂਰੀ ਹੈ । ਅਧਿਆਪਨ ਇਕ ਕਿੱਤਾ ਹੋਣ ਨਾਲੋਂ ਮਿਸ਼ਨਰੀ ਬਹੁਤਾ ਹੈ । ਕੇਵਲ ਮਿਸ਼ਨਰੀ ਭਾਵਨਾ ਵਾਲੇ ਅਧਿਆਪਕ ਹੀ ਕੌਮ ਦੇ ਰਹਿਬਰ ਬਣ ਸਕਦੇ ਹਨ । ਸਿੱਖ ਸੰਸਥਾਵਾਂ ਵਿਚ ਪੜ੍ਹਦੇ ਅਧਿਐਨਸ਼ੀਲ ਰੁਚੀਆਂ ਵਾਲੇ ਬੱਚੇ ਸਕੂਲ ਪੱਧਰ ਉੱਤੇ ਹੀ ਲਏ ਜਾਣ । ਫੇਰ ਉਨ੍ਹਾਂ ਨੂੰ ਅਧਿਆਪਕ ਬਣਾਉਣ ਦਾ ਉਦੇਸ਼ ਮੁੱਖ ਰਖਕੇ ਸ਼੍ਰੋਮਣੀ ਕਮੇਟੀ ਜਾਂ ਸਥਾਨਕ ਪ੍ਰਬੰਧਕ ਕਮੇਟੀਆਂ ਆਪਣੇ ਖਰਚੇ ਉੱਤੇ ਉੱਚੀ ਤੋਂ ਉੱਚੀ ਸਿੱਖਿਆ ਦਿਵਾਉਣ। ਬਾਹਰੀ ਅਤੇ ਭੀਤਰੀ ਆਚਰਣ ਗੁਰਮਤਿ ਦੇ ਸੰਚੇ ਵਿਚ ਢਾਲਿਆ ਜਾਵੇ । ਅਧਿਆਪਕਾਂ ਨੂੰ ਟਰੇਨਿੰਗ ਦੇਣ ਵਾਲੀਆਂ ਸਿੱਖ ਸੰਸਥਾਵਾਂ ਅੱਜ ਕੱਲ੍ਹ ਆਪਣਾ ਯੋਗਦਾਨ ਨਹੀਂ ਦੇ ਰਹੀਆਂ। ਮੁੱਖ ਉਦੇਸ਼ ਕਿਵੇਂ ਨਾ ਕਿਵੇਂ ਪੈਸਾ ਇਕੱਠਾ ਕਰਨਾ ਹੀ ਬਣਿਆ ਹੋਇਆ ਹੈ ।

ਕੀ ਪੜ੍ਹਾਇਆ ਜਾਵੇ? ਚੋਣ ਕਰਨ ਵਿਚ ਅਸੀਂ ਬਹੁਤੇ ਸੁਤੰਤਰ ਨਹੀਂ ਹਾਂ । ਸਰਕਾਰ ਇਕ ਵਿਦਿਅਕ ਨੀਤੀ ਨਿਰਧਾਰਤ ਕਰਦੀ ਹੈ, ਸਾਨੂੰ ਉਸ ਅਨੁਸਾਰ ਚਲਣਾ ਪੈਂਦਾ ਹੈ । ਪਰ ਨਿਰਧਾਰਤ ਵਿਸ਼ਿਆਂ ਵਿਚੋਂ ਅਸੀਂ ਲੋੜ ਅਨੁਸਾਰ ਚੋਣ ਕਰ ਸਕਦੇ ਹਾਂ । ਅੱਜ ਵਿਗਿਆਨ ਦਾ ਯੁੱਗ ਹੈ । ਇਕੀਵੀਂ ਸਦੀ ਦੇ ਦੌਰਾਨ ਤਾਂ ਜੀਵਨ ਵਿਚ ਵਿਗਿਆਨ ਦੀ ਪ੍ਰਧਾਨਤਾ ਹੋਰ ਵੀ ਵਧਣੀ ਹੈ । ਵਿਗਿਆਨ ਦੇ ਗਿਆਨ ਤੋਂ ਕੋਰਾ, ਭਾਵੇਂ ਯੂਨੀਵਰਸਿਟੀ ਦੀ ਡਿਗਰੀਧਾਰੀ ਵੀ ਹੋਵੇ ਹੋਰ ਦਸਾਂ ਸਾਲਾਂ ਨੂੰ ਅਣਪੜ੍ਹ ਹੋ ਜਾਣਾ ਹੈ । ਉਸ ਨੂੰ ਨਾ ਤਾਂ ਛੇਤੀ ਕੀਤੇ ਕੋਈ ਰੁਜ਼ਗਾਰ ਮਿਲਣਾ ਹੈ ਅਤੇ ਨਾ ਹੀ ਇਸ ਨੇ ਸਫਲਤਾ ਨਾਲ ਸਮਾਜ ਵਿਚ ਵਿਚਰ ਸਕਣਾ ਹੈ । ਇਸ ਕਰਕੇ ਸਿੱਖ ਸੰਸਥਾਵਾਂ ਵਿਚ ਵਿਗਿਆਨ ਦੇ ਵਿਸ਼ਿਆਂ ਦੀ ਪੜ੍ਹਾਈ ਨੂੰ ਪ੍ਰਧਾਨਤਾ ਮਿਲਣੀ ਚਾਹੀਦੀ ਹੈ । ਵਿਗਿਆਨ ਦੇ ਖੇਤਰ ਵਿਚ ਗਿਆਨ ਦਾ ਵਿਸਫੋਟ ਹੋ ਰਿਹਾ ਹੈ ਜੋ ਅੱਜ ਹੈ ਉਹ ਕੱਲ੍ਹ ਨਹੀਂ ਰਹਿਣਾ, ਇਸ ਕਰਕੇ ਸਾਨੂੰ ਨਵੀਨਤਮ ਸਹੂਲਤਾਂ ਵਾਲੀਆਂ ਲੈਬਾਰਟਰੀਆਂ ਬਣਾਉਣੀਆਂ ਪੈਣਗੀਆਂ । ਹੋਣਹਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਚੇਰੀ ਪੜ੍ਹਾਈ ਵਾਸਤੇ ਦੇਸ਼ ਅਤੇ ਦੇਸ਼ ਤੋਂ ਬਾਹਰ ਵਿਗਿਆਨ ਦੀ ਪੜ੍ਹਾਈ ਦੇ ਉੱਤਮ ਕੇਂਦਰਾਂ ਵਿਚ ਭੇਜਣਾ ਪਵੇਗਾ । ਇਸ ਉਦੇਸ਼ ਦੀ ਪੂਰਤੀ ਲਈ ਉੱਦਮ ਸਕੂਲ ਪੱਧਰ ਤੋਂ ਹੀ ਆਰੰਭਣਾ ਜਰੂਰੀ ਹੈ ।

ਸਿੱਖ ਧਰਮ ਦੀਆਂ ਜੜ੍ਹਾਂ ਪਿੰਡਾਂ ਵਿਚ ਹਨ । ਸਮਾਂ ਭਾਵੇਂ ਗੁਰੂ ਸਾਹਿਬਾਨ ਦਾ ਹੋਵੇ, ਬੰਦਾ ਬਹਾਦਰ ਦਾ, ਮਿਸਲਾਂ ਦਾ ਜਾਂ ਅੱਜ ਦਾ, ਜਦ ਵੀ ਪੰਥ ਉੱਤੇ ਭੀੜ ਬਣੀ ਹੈ ਤਾਂ ਕੁਰਬਾਨੀਆਂ ਦੇਣ ਲਈ ਪਿੰਡਾਂ ਵਾਲੇ ਸਿੰਘ ਹੀ ਅੱਗੇ ਨਿਤਰੇ ਹਨ । ਪਰ ਅਫਸੋਸ ਇਹ ਹੈ ਕਿ ਪਿੰਡਾਂ ਦੇ ਹੁੰਦੇ ਹੋਏ ਵੀ ਸਿੱਖ ਆਗੂਆਂ ਨੇ ਹੋਰ ਖੇਤਰਾਂ ਵਾਂਗੂ ਵਿਦਿਆ ਦੇ ਖੇਤਰ ਵਿਚ ਵੀ ਪਿੰਡਾਂ ਨੂੰ ਅਣਗੌਲਿਆ ਹੀ ਰਖਿਆ ਹੈ। ਸਾਡੇ ਨੇਤਾ ਚਲਾਕ ਸਿੱਖ ਸ਼ਹਿਰੀ ਸ਼੍ਰੇਣੀ ਅਤੇ ਅਫਸਰਸ਼ਾਹੀ ਨਾਲ ਰਲ ਕੇ ਆਪਣੀਆਂ ਜੜ੍ਹਾਂ ਨੂੰ ਹੀ ਭੁੱਲ ਜਾਂਦੇ ਹਨ । ਸਾਰੇ ਪੰਜਾਬ ਦੇ ਪਿੰਡਾਂ ਵਿਚ ਕਿਧਰੇ ਵੀ ਕੋਈ ਵਧੀਆ ਖ਼ਾਲਸਾ ਸਕੂਲ ਜਾਂ ਕਾਲਜ ਘੱਟ ਹੀ ਨਜ਼ਰ ਆਉਂਦਾ ਹੈ । ਸਾਡੇ ਵਿਦਿਅਕ ਨੀਤੀਵਾਨ ਸ਼੍ਰੋਮਣੀ ਕਮੇਟੀ ਅਤੇ ਸੰਤ ਸਮਾਜ ਵਾਲੇ ਇਹ ਯਾਦ ਰੱਖਣ

Sri Satguru Jagjit Singh Ji eLibrary NamdhariElibrary@gmail.com

ਕਿ ਗੁਰਦੁਆਰਿਆਂ ਅਤੇ ਡੇਰਿਆਂ ਦੀ ਆਮਦਨੀ ਪੇਂਡੂ ਲੋਕਾਂ ਦੇ ਚੜ੍ਹਾਵੇ ਤੋਂ ਹੁੰਦੀ ਹੈ, ਫਿਰ ਉਨ੍ਹਾਂ ਦਾ ਹੀ ਹਿੱਸਾ ਉਨ੍ਹਾਂ ਨੂੰ ਹੀ ਮੋੜਨ ਵਿਚ ਸੰਕੋਚ ਕਿਉਂ? ਇਥੋਂ ਖੋਲ੍ਹੋ ਵਧੀਆ ਤੋਂ ਵਧੀਆ ਸਕੂਲ ਤੇ ਕਾਲਜ, ਦਿਓ ਕਿਰਤੀ ਸਿੰਘਾਂ ਦੇ ਬੱਚਿਆਂ ਨੂੰ ਵਜ਼ੀਫੇ, ਫੇਰ ਦੇਖੋ ਪੰਥ ਦਾ ਨਾਮ ਉੱਚਾ ਕਰਨ ਲਈ ਕਿਵੇਂ ਪੈਦਾ ਹੁੰਦੇ ਹਨ, ਇੰਜੀਨੀਅਰ, ਡਾਕਟਰ, ਵਿਗਿਆਨੀ ਤੇ ਸੱਚੇ ਅਰਥਾਂ ਵਿਚ ਬੁੱਧੀਜੀਵੀ। ਪੇਂਡੂ ਖ਼ਾਲਸਾ ਸਕੂਲਾਂ ਅਤੇ ਕਾਲਜਾਂ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਪੇਂਡੂ ਵਿਦਿਅਕ ਕੌਂਸਲ ਜਾਂ ਕੌਂਸਲਾਂ ਦਾ ਬਣਨਾ ਬਹੁਤ ਜਰੂਰੀ ਹੈ।

ਹੁਣ ਸਵਾਲ ਇਹ ਹੈ ਕਿ ਸਿੱਖ ਵਿਦਿਅਕ ਸੰਸਥਾਵਾਂ ਵਿਚ ਸਿਖਿਆ ਦਾ ਮਾਧਿਅਮ ਕੀ ਹੋਵੇ? ਇਸ ਸਮੇਂ ਸਕੂਲ ਕਾਲਜ ਅਤੇ ਯੂਨੀਵਰਸਿਟੀ ਪੱਧਰ ਉੱਤੇ, ਆਰਟਸ ਦੇ ਵਿਸ਼ੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਰਾਹੀਂ ਪੜ੍ਹਾਏ ਜਾ ਰਹੇ ਹਨ। ਵਿਗਿਆਨ, ਮੈਡੀਕਲ ਅਤੇ ਇੰਜੀਨਰਿੰਗ ਦੇ ਵਿਸ਼ਿਆਂ ਲਈ ਅੰਗਰੇਜ਼ੀ ਹੀ ਯੋਗ ਮੰਨੀ ਜਾਂਦੀ ਹੈ, ਭਾਸ਼ਾ ਦੇ ਆਧਾਰ ਉੱਤੇ ਪੁਨਰ ਗਠਿਤ ਪੰਜਾਬ ਅੰਦਰ ਸਾਰੇ ਵਿਸ਼ੇ ਪੰਜਾਬੀ ਰਾਹੀਂ ਹੀ ਪੜ੍ਹਾਏ ਜਾਣੇ ਉਚਿਤ ਹਨ। ਪਰ ਅਸਲ ਸਥਿਤੀ ਕੁਝ ਹੋਰ ਹੈ। ਅੰਗਰੇਜ਼ੀ ਦੇ ਹਾਮੀ ਇਹ ਕਹਿੰਦੇ ਹਨ ਕਿ ਅੰਗਰੇਜ਼ੀ ਅੰਤਰ-ਰਾਸ਼ਟਰੀ ਭਾਸ਼ਾ ਹੈ ਤੇ ਬਹੁਤ ਵਿਕਸਤ ਹੈ। ਪੰਜਾਬੀ ਕੇਵਲ ਪੰਜਾਬ ਤੱਕ ਹੀ ਸੀਮਤ ਹੈ ਅਤੇ ਅਵਿਕਸਤ ਹੈ। ਇਸ ਕਰਕੇ ਉੱਚ ਸਿਖਿਆ ਅੰਗਰੇਜ਼ੀ ਰਾਹੀਂ ਹੀ ਦਿੱਤੀ ਜਾ ਸਕਦੀ ਹੈ ਅਤੇ ਦੇਣੀ ਵੀ ਚਾਹੀਦੀ ਹੈ। ਇਹ ਦਲੀਲਾਂ ਇਕ ਦਮ ਰੱਦ ਕੀਤੀਆਂ ਜਾਂ ਸਕਦੀਆਂ ਹਨ। ਪਰ ਸਾਡੇ ਉੱਤੇ ਇਕ ਵਿਸ਼ੇਸ਼ ਵਰਗ ਰਾਜ ਕਰ ਰਿਹਾ ਹੈ। ਵਰਗ ਤੋਂ ਭਾਵ ਕੋਈ ਧਰਮ ਜਾਂ ਪ੍ਰਾਂਤ ਨਹੀਂ ਹੈ। ਸਗੋਂ ਇਸ ਦਾ ਭਾਵ ਉਤਲੀ ਅਫਸਰ ਸ਼ਾਹੀ ਅਤੇ ਰਾਜ ਕਰ ਰਹੇ ਰਾਜਨੀਤਕ ਨੇਤਾਵਾਂ ਦੀ ਇਕ ਵਿਸ਼ੇਸ਼ ਸ਼੍ਰੇਣੀ ਹੈ। ਅੰਗਰੇਜ਼ੀ ਪ੍ਰਧਾਨ ਵਰਗੇ ਅਮੀਰ ਦੇਸ਼ਾਂ ਨਾਲ ਇਨ੍ਹਾਂ ਨੇ ਆਪਣੇ ਹਿਤ ਜੋੜੇ ਹੋਏ ਹਨ। ਰਾਜ ਪ੍ਰਬੰਧ ਉੱਤੇ ਅੰਗਰੇਜ਼ੀ ਦਾ ਜੱਫਾ ਹੈ। ਬਿਨਾਂ ਧਰਮ ਦੇ ਵਿਤਕਰੇ ਤੋਂ ਪੂੰਜੀਪਤੀ ਸ਼੍ਰੇਣੀ ਆਪਣਾ ਸਾਰਾ ਕਾਰੋਬਾਰ ਅੰਗਰੇਜ਼ੀ ਭਾਸ਼ਾ ਵਿਚ ਕਰਦਾ ਹੈ, ਹੁਣ ਸਥਿਤੀ ਇਹ ਹੈ ਕਿ ਬਿਨਾਂ ਅੰਗਰੇਜ਼ੀ ਭਾਸ਼ਾ ਵਿਚ ਪਰਪਕ ਹੋਏ, ਨਾ ਤਾਂ ਕਿਸੇ ਨੂੰ ਉੱਚ ਸਰਕਾਰੀ ਅਹੁਦਾ ਮਿਲ ਸਕਦਾ ਹੈ ਅਤੇ ਨਾ ਹੀ ਪ੍ਰਾਈਵੇਟ ਕਾਰੋਬਾਰੀ ਅਦਾਰਿਆਂ ਵਿਚ ਕੋਈ ਥਾਂ ਮਿਲਦੀ ਹੈ। ਇਸ ਉਤਲੇ ਵਰਗ ਦਾ ਹਿਤ ਇਸ ਵਿਚ ਹੀ ਹੈ ਕਿ ਕੇਵਲ ਉਨ੍ਹਾਂ ਦੇ ਹੀ ਪੁੱਤਰ ਧੀਆਂ ਅੰਗਰੇਜ਼ੀ ਮਾਧਿਅਮ ਦੇ ਸਹਾਰੇ ਉਪਰਲੀਆਂ ਪਦਵੀਆਂ ਹਥਿਆ ਸਕਣ। ਸਾਧਾਰਣ ਵਰਗ ਦੇ ਲੋਕਾਂ ਨੂੰ ਪ੍ਰਾਂਤਕ ਭਾਸ਼ਾਵਾਂ ਦੇ ਘੇਰੇ ਤੋਂ ਬਾਹਰ ਨਾ ਨਿਕਲਣ ਦਿੱਤਾ ਜਾਵੇ, ਹਿੰਦੀ ਭਾਵੇਂ ਰਾਸ਼ਟਰੀ ਭਾਸ਼ਾ ਹੈ, ਪਰ ਅੰਗਰੇਜ਼ੀ ਦੇ ਮੁਕਾਬਲੇ ਵਿਚ ਇਸ ਦੀ ਸਥਿਤੀ ਵੀ ਪ੍ਰਾਂਤਕ ਭਾਸ਼ਾਵਾਂ ਨਾਲੋਂ ਬਿਹਤਰ ਨਹੀਂ ਹੈ।

ਵਰਤਮਾਨ ਸਥਿਤੀ ਵਿਚ ਸਿੱਖ ਅਦਾਰੇ ਕੀ ਕਰਨ? ਇਹ ਗੱਲ ਚਿੱਟੇ ਦਿਨ ਵਾਂਗ ਪ੍ਰਤੱਖ ਹੈ ਕਿ ਸਿੱਖਾਂ ਨਾਲੋਂ ਵੱਧ ਕੌਮੀ ਭਾਸ਼ਾ ਦਾ ਹਿਤੈਸ਼ੀ, ਪਰ ਭਾਸ਼ਾਈ ਅਤੇ ਧਾਰਮਿਕ ਪੱਖਪਾਤ ਤੋਂ ਮੁਕਤ ਹੋਣ ਦੀ ਭਾਵਨਾ ਵਾਲਾ ਹੋਰ ਕੋਈ ਧਰਮ ਨਹੀਂ ਹੈ। ਜਿਸ ਸਮੇਂ ਅਜੇ ਰਾਸ਼ਟਰੀ ਭਾਸ਼ਾ ਜਾਂ ਰਾਸ਼ਟਰ ਪ੍ਰੇਮ ਦੀ ਭਾਵਨਾ ਜਨਮ ਹੀ ਨਹੀਂ ਸੀ ਹੋਇਆ, ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਸਾਡੀ ਮਾਨਸਿਕ ਅਧੋਗਤੀ ਉੱਤੇ ਅਫਸੋਸ ਪ੍ਰਗਟ ਕਰਦਿਆਂ ਫੁਰਮਾਇਆ ਸੀ ਕਿ ਖੱਤਰੀਆਂ ਨੇ ਆਪਣਾ ਧਰਮ ਛੱਡ ਦਿੱਤਾ ਹੈ ਅਤੇ ਮਲੇਛ ਭਾਖਿਆ ਅਪਨਾ ਲਈ ਹੈ। ਆਪਣੀ ਭਾਸ਼ਾ ਨੂੰ ਪਿਆਰ ਕਰਦੇ ਹੋਏ ਸਿੱਖਾਂ ਨੇ ਕਦੇ ਕਿਸੇ ਭਾਸ਼ਾ ਨੂੰ ਨਫਰਤ ਨਹੀਂ ਕੀਤੀ, ਸਿੱਖਾਂ ਦਾ ਬਹੁਤਾ ਧਾਰਮਿਕ ਸਾਹਿਤ ਬ੍ਰਿਜ ਭਾਸ਼ਾ ਵਿਚ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸੰਸਕ੍ਰਿਤ ਬ੍ਰਿਜ ਭਾਸ਼ਾ ਅਤੇ ਫਾਰਸੀ ਦੇ ਵਿਦਵਾਨਾਂ ਦਾ ਪੂਰਨ ਮਾਨ ਸਤਿਕਾਰ



Sri Satguru Jagjit Singh Ji eLibrary NamdhariElibrary@gmail.com

ਸੀ. ਅੱਜ ਵੀ ਸਿੱਖਾਂ ਨੂੰ ਅੰਗਰੇਜ਼ੀ ਅਤੇ ਹਿੰਦੀ ਪੰਜਾਬੀ ਜਿੰਨੀਆਂ ਹੀ ਪਿਆਰੀਆਂ ਹਨ। ਇਸ ਸਮੇਂ ਭਾਵੁਕ ਹੋਣ ਨਾਲੋਂ ਯਥਾਰਥਵਾਦੀ ਹੋਣ ਦੀ ਲੋੜ ਹੈ। ਸਿੱਖ ਭਾਰਤ ਦੇ ਹਰ ਪ੍ਰਾਂਤ ਵਿਚ ਹਨ ਅਤੇ ਸੰਸਾਰ ਦੇ ਹਰ ਕੋਣੇ ਵਿਚ ਫੈਲੇ ਹੋਏ ਹਨ, ਜੇ ਅਸੀਂ ਕਾਰੋਬਾਰੀ ਅਦਾਰਿਆਂ ਵਿਚ ਆਪਣੀ ਥਾਂ ਬਣਾਉਣੀ ਹੈ, ਰਾਜ ਪ੍ਰਬੰਧ ਵਿਚ ਉੱਚ ਪਦਵੀਆਂ ਪ੍ਰਾਪਤ ਕਰਨੀਆਂ ਹਨ ਤਾਂ ਅੰਗਰੇਜ਼ੀ ਅਤੇ ਕੁਝ ਹੱਦ ਤੱਕ ਹਿੰਦੀ ਨਵੀਂ ਉੱਚ ਵਿਦਿਆ ਲਈ ਮਾਧਿਅਮ ਵਜੋਂ ਅਪਨਾਉਣਾ ਹੀ ਪਵੇਗਾ।

ਅੱਜ ਦਾ ਭਖਦਾ ਮਸਲਾ ਇਹ ਹੈ ਕਿ ਸ਼ੁਰੂ ਤੋਂ ਹੀ ਬੱਚੇ ਦੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੋਵੇ ਜਾਂ ਮਾਤਰ ਭਾਸ਼ਾ ਪੰਜਾਬੀ ? ਬਿਨਾਂ ਗੰਭੀਰਤਾ ਨਾਲ ਵਿਚਾਰ ਕੀਤਿਆਂ ਫੈਸਲਾ ਅੰਗਰੇਜ਼ੀ ਦੇ ਹੱਕ ਵਿਚ ਕਰ ਦਿੱਤਾ ਗਿਆ ਹੈ, ਨਤੀਜਾ ਇਹ ਹੈ ਕਿ ਲੋਕਾਂ ਨੂੰ ਅੰਗਰੇਜ਼ੀ ਮਾਧਿਅਮ ਰਾਹੀਂ ਸਿਖਿਆ ਦਾ ਸ਼ੁਦਾ ਜਿਹਾ ਹੋ ਗਿਆ ਹੈ। ਸ਼ਹਿਰਾਂ ਅਤੇ ਪਿੰਡਾਂ ਵਿਚ ਥਾਂ-ਥਾਂ ਤਥਾ ਕਥਿਤ ਅੰਗਰੇਜ਼ੀ ਮਾਧਿਅਮ ਸਕੂਲ ਖੁੱਲ੍ਹ ਰਹੇ ਹਨ। ਇਥੇ ਨਾ ਲੋੜੀਂਦੀ ਯੋਗਤਾ ਪ੍ਰਾਪਤ ਸਟਾਫ ਹੈ ਅਤੇ ਨਾ ਵਾਤਾਵਰਨ । ਸਸਤੇ ਅਤੇ ਕੱਚ ਘਰੜ ਅਧਿਆਪਕ ਅੰਗਰੇਜ਼ੀ ਦੀ ਗਲਤ ਠੀਕ ਤੋਤਾ ਰਟਵੀਂ ਕਰਾਈ ਜਾ ਰਹੇ ਹਨ। ਫੀਸਾਂ ਅਤੇ ਹੋਰ ਖਰਚਿਆਂ ਦੇ ਨਾਂ ਉੱਤੇ ਮਾਪਿਆਂ ਤੋਂ ਮੋਟੀਆਂ ਰਕਮਾਂ ਵਸੂਲ ਕੀਤੀਆਂ ਜਾ ਰਹੀਆਂ ਹਨ। ਦੋ ਚਾਰ ਸ਼ਬਦ ਅੰਗਰੇਜ਼ੀ ਦੇ ਬੋਲਦੇ ਸੁਣ ਕੇ ਅਤੇ ਟਾਈਆਂ ਅਤੇ ਨਿਕਰਾਂ ਵਿਚ ਕਸੇ ਬੱਚੇ ਨੂੰ ਦੇਖ ਕੇ ਮਾਂ ਬਾਪ ਸਮਝਦੇ ਹਨ ਬੱਚਾ ਵੱਡਾ ਅਫਸਰ, ਡਾਕਟਰ ਜਾਂ ਇੰਜਨੀਅਰ ਬਣਨ ਦੇ ਰਾਹ ਪੈ ਗਿਆ ਹੈ। ਪਰ ਉਹ ਨਹੀਂ ਜਾਣਦੇ ਕਿ ਉਸ ਦਾ ਮਾਨਸਿਕ ਵਿਕਾਸ ਰੁਕ ਗਿਆ ਹੈ, ਦੁਨੀਆਂ ਦਾ ਕੋਈ ਦੇਸ਼ ਨਹੀਂ ਜਿੱਥੇ ਬੱਚੇ ਦੀ ਸਿਖਿਆ ਦਾ ਆਰੰਭ ਮਾਂ ਬੋਲੀ ਦੀ ਥਾਂ ਕਿਸੇ ਹੋਰ ਬੋਲੀ ਵਿਚ ਕੀਤਾ ਜਾਵੇ। 'ਮੇਰਾ ਭਾਰਤ ਮਹਾਨ' ਹੀ ਕੇਵਲ ਅਜਿਹਾ 'ਭਾਗਸ਼ਾਲੀ' ਦੇਸ਼ ਹੈ। ਵਿਦਿਅਕ ਮਾਹਿਰਾਂ ਦੀ ਇਹ ਰਾਇ ਹੈ ਕਿ ਬੱਚੇ ਲਈ ਸਭ ਤੋਂ ਸਫਲ ਵਿਦਿਅਕ ਮਾਧਿਅਮ ਉਸ ਦੀ ਮਾਤ ਭਾਸ਼ਾ ਹੀ ਹੈ। ਜਿੰਨੀ ਅੰਗਰੇਜ਼ੀ ਬੱਚਾ ਪਹਿਲੇ ਪੰਜ-ਸੱਤ ਸਾਲ ਵਿਚ ਬੜਾ ਮੱਥਾ ਮਾਰ ਕੇ ਸਿਖਦਾ ਹੈ, ਉਹੀ ਵੱਡਾ ਹੋ ਕੇ ਇਕ ਸਾਲ ਵਿਚ ਸਿਖ ਜਾਂਦਾ ਹੈ। ਸੋ ਵਿਦਿਅਕ ਮਾਹਿਰਾਂ ਦੀ ਰਾਇ ਦਾ ਅਨੁਸਰਣ ਕਰਦੇ ਹੋਏ ਖ਼ਾਲਸਾ ਸਕੂਲਾਂ ਵਿਚ ਘੱਟ ਤੋਂ ਘੱਟ ਮਿਡਲ ਸ਼੍ਰੇਣੀਆਂ ਤੱਕ ਮਾਧਿਅਮ ਮਾਤਰੀ ਭਾਸ਼ਾ ਹੀ ਹੋਵੇ। ਉਸ ਤੋਂ ਅੱਗੇ ਛੋਟ ਹੋਵੇ, ਕੋਈ ਅੰਗਰੇਜ਼ੀ ਮਾਧਿਅਮ ਰੱਖੇ, ਕੋਈ ਪੰਜਾਬੀ। ਹਰ ਬੱਚਾ ਵਿਦੇਸ਼ੀ ਭਾਸ਼ਾ ਵਿਚ ਨਿਪੁੰਨ ਹੋ ਵੀ ਨਹੀਂ ਸਕਦਾ। ਜਿਹੜੇ ਹੋਣਹਾਰ ਹਨ, ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿਚ ਸਫਲਤਾ ਪ੍ਰਾਪਤ ਕਰਨ ਲਈ ਅੰਗਰੇਜ਼ੀ ਮਾਧਿਅਮ ਰਾਹੀਂ ਵਿਦਿਆ ਮਿਲਣੀ ਹੀ ਚਾਹੀਦੀ ਹੈ। ਅੰਗਰੇਜ਼ੀ ਦੀ ਪੜ੍ਹਾਈ ਉੱਤੇ ਪੂਰਾ ਬਲ ਦੇਣਾ ਚਾਹੀਦਾ ਹੈ ਤਾ ਕਿ ਅੱਗੋਂ ਮਾਧਿਅਮ ਵਜੋਂ ਚੁਣਨ ਵਿਚ ਕੋਈ ਔਖ ਨਾ ਹੋਵੇ।

ਅੰਗਰੇਜ਼ੀ ਮਾਧਿਅਮ ਸਕੂਲਾਂ ਦੇ ਜਨੂਨ ਅਤੇ ਪ੍ਰਾਈਵੇਟ ਇੰਜੀਨਰਿੰਗ ਅਤੇ ਮੈਡੀਕਲ ਕਾਲਜਾਂ ਨੇ ਵਿਦਿਆ ਦਾ ਵਿਉਪਾਰੀਕਰਣ ਕਰ ਦਿੱਤਾ ਹੈ। ਡੋਨੇਸ਼ਨ ਅਤੇ ਉੱਚੀਆਂ ਫੀਸਾਂ ਨੇ ਉੱਚ ਸਿਖਿਆ ਨੂੰ ਆਮ ਆਦਮੀ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਅਨੇਕ ਖ਼ਾਲਸਾ ਸੰਸਥਾਵਾਂ ਵੀ ਇਸ ਮਾਇਆ ਦੌੜ ਵਿਚ ਸ਼ਾਮਿਲ ਹਨ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜਦ ਬਾਹਰਲੇ ਰਾਜਾਂ ਵਿਚ ਪੰਜਾਬ ਦੇ ਸਿੱਖ ਵਿਦਿਆਰਥੀ ਡੋਨੇਸ਼ਨਾਂ ਦੇ ਕੇ ਪੜ੍ਹ ਰਹੇ ਹਨ ਤਾਂ ਅਜਿਹੀਆਂ ਸੰਸਥਾਵਾਂ ਪੰਜਾਬ ਵਿਚ ਹੀ ਖੋਲ੍ਹ ਕੇ ਪੂੰਜੀ ਬਾਹਰ ਜਾਣ ਤੋਂ ਕਿਉਂ ਨਾ ਰੋਕੀ ਜਾਵੇ? ਉਦੇਸ਼ ਮਾੜਾ ਨਹੀਂ, ਪਰ ਸਾਧਨ ਘਟੀਆ ਹਨ। ਕਦੇ ਇਹ ਵੀ ਸੋਚਿਆ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਡੋਨੇਸ਼ਨਾਂ ਦੇ ਕੇ ਪੜ੍ਹੇ ਅਮੀਰਾਂ ਦੇ ਨਾਲਾਇਕ ਬੱਚੇ ਭਵਿੱਖ ਵਿਚ ਅਤੇ ਪੰਥ ਅਤੇ ਪੰਜਾਬ ਦਾ ਕਿੰਨਾ ਕੁ ਨਾਂ ਉੱਚਾ ਕਰਨਗੇ । ਸਿੱਖ ਧਰਮ ਮੂਲ ਰੂਪ ਵਿਚ ਲਾਲੋਆਂ ਦਾ ਹੈ। 'ਭਾਗੋਆਂ' ਦਾ ਨਹੀਂ । ਇਸ ਪੈਸਾ ਕਮਾਊ ਰੁਚੀ ਅਧੀਨ ਚਲ ਰਹੀਆਂ ਜਾਂ ਅੱਗੋਂ ਚੱਲਣ ਵਾਲੀਆਂ ਸਿੱਖ ਸੰਸਥਾਵਾਂ ਦੇ ਨੇੜੇ ਭਾਈ ਲਾਲੋਆਂ ਦੀ ਸੰਤਾਨ ਕਿਥੋਂ ਢੁਕ ਸਕੇਗੀ। ਫੇਰ ਸਿੱਖੀ ਸਪਿਰਟ ਦਾ ਕੀ ਬਣੇਗਾ? ਚਾਹੀਦਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਾਈਵੇਟ ਟਰਸਟਾਂ ਅਤੇ ਸਿੱਖਾਂ ਸੰਤਾਂ ਵੱਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਉਸ ਰੋੜ੍ਹ ਵਿਚ ਨਾਂ ਰੁੜਨ, ਦਾਖਲੇ ਮੈਰਿਟ ਦੇ ਅਧਾਰ ਉੱਤੇ ਕੀਤੇ ਜਾਣ, ਸਿੱਖ ਵਿਦਿਆਰਥੀਆਂ ਲਈ ਸੀਟਾਂ ਰਾਖਵੀਆਂ ਰੱਖੀਆਂ ਜਾ ਸਕਦੀਆਂ ਹਨ । ਆਖਰ ਇੰਨ੍ਹਾਂ ਸੰਸਥਾਵਾਂ ਦੀ ਇਕ ਵਿਸ਼ੇਸ਼ ਪਛਾਣ ਤਾਂ ਹੋਣੀ ਚਾਹੀਦੀ ਹੈ।

ਅੰਤ ਵਿਚ ਵਿਚਾਰ ਗੋਚਰਾ ਸਵਾਲ ਇਹ ਹੈ ਕਿ ਸਿੱਖ ਵਿਦਿਅਕ ਸੰਸਥਾਵਾਂ ਵਿਚ ਧਾਰਮਿਕ ਅਤੇ ਨੈਤਿਕ ਸਿਖਿਆ ਦਾ ਕੀ ਸਥਾਨ ਹੋਵੇ । ਸਿਖਿਆ ਬੋਰਡ ਅਤੇ ਯੂਨੀਵਰਸਿਟੀਆਂ ਵੱਲੋਂ ਧਰਮ ਇਕ ਵਿਸ਼ੇ ਦੇ ਰੂਪ ਵਿਚ ਪਹਿਲਾਂ ਹੀ ਪੜ੍ਹਾਇਆ ਜਾ ਰਿਹਾ ਹੈ, ਪਰ ਨਾ ਖ਼ਾਲਸਾ ਅਤੇ ਨਾ ਹੋਰ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਨੈਤਿਕਤਾ ਉੱਤੇ ਕੋਈ ਸਾਰਥਕ ਪ੍ਰਭਾਵ ਪੈਂਦਾ ਦਿਖਾਈ ਨਹੀਂ ਦਿੰਦਾ। ਕਾਰਨ ਇਹ ਹੈ ਕਿ ਵਰਤਮਾਨ ਸਥਿਤੀ ਵਿਚ ਧਰਮ ਕੇਵਲ ਪਰੀਖਿਆ ਉਪਯੋਗੀ ਵਿਸ਼ਾ ਹੈ । ਦੂਜੇ ਵਿਸ਼ਿਆਂ ਵਾਂਗ ਹੀ ਇਸ ਵਿਚ ਪਾਸ ਹੋਣ ਲਈ ਸਾਰੇ ਗਲਤ ਢੰਗ ਵਰਤੇ ਜਾ ਰਹੇ ਹਨ । ਕਈ ਥਾਈਂ ਤਾਂ ਇਸ ਦੇ ਪੜ੍ਹਾਉਣ ਲਈ ਯੋਗ ਅਧਿਆਪਕ ਨੀਯਤ ਨਹੀਂ ਕੀਤੇ ਜਾਂਦੇ । ਚੋਣਵਾਂ ਵਿਸ਼ਾ ਹੋਣ ਕਰਕੇ ਬਹੁਤ ਘੱਟ ਵਿਦਿਆਰਥੀ ਇਹ ਵਿਸ਼ਾ ਚੁਣਦੇ ਹਨ । ਇਸ ਸੰਸਥਾਵਾਂ ਦੇ ਸੰਚਾਲਕ ਧਰਮ ਦੇ ਅਧਿਆਪਕਾਂ ਦੀ ਨਿਯੁਕਤੀ ਨੂੰ ਇਕ ਵਾਧੂ ਆਰਥਿਕ ਬੋਝ ਹੀ ਮੰਨਦੇ ਹਨ । ਇਸ ਅਵਸਥਾ ਵਿਚ ਸਿੱਖ ਸੰਸਥਾਵਾਂ ਦਾ ਭਵਿੱਖ ਮੁੱਖੀ ਸੋਚ ਦੀ ਰੌਸ਼ਨੀ ਵਿਚ ਇਕ ਵਿਸੇਸ਼ ਫਰਜ਼ ਬਣਦਾ ਹੈ, ਉਹ ਫਰਜ਼ ਹੈ ਵਿਗਿਆਨਕ ਅਤੇ ਕਿੱਤਾ ਮੁਖੀ ਵਿਦਿਆ ਵਿਚ ਨਿਪੁੰਨਤਾ ਦਾ ਟੀਚਾ ਸਾਹਮਣੇ ਰੱਖਦੇ ਹੋਏ ਸਿੱਖ ਵਿਦਿਆਰਥੀਆਂ ਅੰਦਰ ਸਿੱਖੀ ਸਰੂਪ ਲਈ ਭਾਵਨਾ ਨੂੰ ਪਰਪੱਕ ਕਰਨਾ । ਇਸ ਉਦੇਸ਼ ਦੀ ਪੂਰਤੀ ਲਈ ਸਿੱਖ ਸੰਸਥਾਵਾਂ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਵਾਰਾਂ, ਦਸਮ ਗ੍ਰੰਥ ਅਤੇ ਗੌਰਵ ਮਈ ਸਿੱਖ ਇਤਿਹਾਸ ਵਿਚੋਂ ਸੁਚੱਜੀ ਚੋਣ ਕਰਕੇ ਇਕ ਆਪਣਾ ਵਿਸ਼ੇਸ਼ ਕੋਰਸ ਤਿਆਰ ਕਰਨ, ਇਸ ਨੂੰ ਪੜ੍ਹਾਉਣ ਲਈ ਯੋਗ ਅਤੇ ਮਿਸ਼ਨਰੀ ਭਾਵਨਾ ਵਾਲੇ ਅਧਿਆਪਕ ਨਿਯੁਕਤ ਕਰਨ, ਸਿੱਖ ਵਿਦਿਆਰਥੀਆਂ ਲਈ ਇਹ ਵਿਸ਼ਾ ਲਾਜ਼ਮੀ ਹੋਵੇ । ਬਾਕੀਆਂ ਨੂੰ ਪੜ੍ਹਨ ਦੀ ਕੋਈ ਮਨਾਹੀ ਨਾ ਹੋਵੇ, ਸਗੋਂ ਪ੍ਰੇਰਿਤ ਕੀਤਾ ਜਾਵੇ । ਸਿੱਖ ਸੰਸਥਾਵਾਂ ਆਪ ਇਸ ਵਿਸ਼ੇ ਦਾ ਇਮਤਿਹਾਨ ਲੈਣ ਤੇ ਸਰਟੀਫੀਕੇਟ ਦੇਣ। ਮੁੱਢਲੀਆਂ ਸ਼੍ਰੇਣੀਆਂ ਤੋਂ ਹੀ ਇਸ ਪਾਸੇ ਧਿਆਨ ਦਿੱਤਾ ਜਾਵੇ । ਧਰਮ ਦੀ ਸਿਖਿਆ ਨੂੰ ਜੀਵਨ ਨਾਲ ਜੋੜਿਆ ਜਾਵੇ । ਸਿੱਖ ਵਿਦਿਆਰਥੀਆਂ ਨੂੰ ਵਿਸ਼ੇਸ਼ ਕਰਕੇ, ਗੁਰਪੁਰਬਾਂ ਉੱਤੇ ਜੁੜੀ ਸੰਗਤ ਦੀ ਸੇਵਾ ਦਾ ਮੌਕਾ ਦਿੱਤਾ ਜਾਵੇ । ਲੰਗਰ ਵਰਤਾਉਣ, ਜੋੜੇ ਝਾੜਨ, ਜਲ ਵਰਤਾਉਣ ਅਤੇ ਸਫਾਈ ਰੱਖਣ ਦੀ ਸੇਵਾ ਰਾਹੀਂ ਸਿੱਖ ਧਰਮ ਦੇ ਕਿਤਾਬੀ ਨਹੀਂ ਸਾਕਾਰ ਦਰਸ਼ਨ ਹੁੰਦੇ ਹਨ । 'ਪੜ੍ਹਿਆ ਬੂਝੈ ਸੋ ਪਰਵਾਣੁ' ਅਤੇ ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਰਗੇ ਗੁਰਵਾਕਾਂ ਨੂੰ ਵਿਦਿਆ ਦਾ ਆਦਰਸ਼ ਮੰਨਿਆ ਜਾਵੇ । ਯਾਦ ਰੱਖੋ ਅਸੀਂ ਸੰਸਾਰ ਤੋਂ ਪਿਛੇ ਵੀ ਨਹੀਂ ਰਹਿਣਾ, ਪਰ ਅੱਗੇ ਵਧਦੇ ਹੋਏ ਆਪਣਾ ਸ਼ਾਨਦਾਰ ਵਿਰਸਾ ਵੀ ਨਹੀਂ ਭੁੱਲਣਾ ।

-0-

Sri Satguru Jagjit Singh Ji eLibrary NamdhariElibrary@gmail.com

# ਇਕੀਵੀਂ ਸਦੀ ਦਾ ਚੈਲਿੰਜ ਅਤੇ ਸਿੱਖ ਵਿਦਿਅਕ ਨੀਤੀ

ਡਾ. ਖੜਕ ਸਿੰਘ ਚੰਡੀਗੜ੍ਹ

ਸਿੱਖ ਕੌਮ ਅੱਜ ਇਕ ਇਤਿਹਾਸਕ ਮੋੜ ਤੇ ਖੜੀ ਹੈ । ਕੌਮ ਦੇ ਸਿਆਸੀ, ਸਮਾਜੀ, ਆਰਥਿਕ ਅਤੇ ਵਿਦਿਅਕ ਖੇਤਰ ਨਿਰਣਾਇਕ ਸੇਧ ਮੰਗਦੇ ਹਨ । ਵਿਦਿਅਕ ਖੇਤਰ ਕਿਉਂਕਿ ਹਰ ਖੇਤਰ ਤੇ ਆਪਣਾ ਪ੍ਰਭਾਵ ਰੱਖਦਾ, ਇਸ ਲਈ ਇਹ ਪਹਿਲ ਦਾ ਹੱਕਦਾਰ ਹੈ ।

ਵਿਦਿਆ ਦੇ ਖੇਤਰ ਵਿਚ ਅੱਜ ਦੀਆਂ ਲੋੜਾਂ ਵਖਰੀਆਂ ਹਨ । ਸਾਧਾਰਣ ਸਕੂਲ ਤੇ ਕਾਲਜ ਜਿਨ੍ਹਾਂ ਨੇ ਵੀਹਵੀਂ ਸਦੀ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ, ਇਕੀਵੀਂ ਸਦੀ ਦੀਆਂ ਲੋੜਾਂ ਦੀ ਪੂਰਤੀ ਲਈ ਕਾਫੀ ਨਹੀਂ ਹਨ । ਰੋਟੀ ਰੋਜ਼ੀ ਦਾ ਮਾਮਲਾ ਮਨੁੱਖੀ ਲੋੜਾਂ ਵਿਚ ਪਹਿਲ ਮੰਗਦਾ ਹੈ । ਰੁਜ਼ਗਾਰੀ ਮੌਕੇ ਘਟ ਹਨ । ਸਵੈ-ਨਿਰਭਰਤਾ ਕਿਸੇ ਵੀ ਸਮਾਜੀ ਵਰਗ ਦੀ ਤਰੱਕੀ ਦਾ ਸੂਚਕ ਹੈ । ਸਿੱਖਾਂ ਨੂੰ ਵੀ ਕੌਮੀ ਰੂਪ ਵਿਚ ਇਸ ਮਸਲੇ ਤੇ ਵਿਚਾਰ ਦੀ ਵੱਡੀ ਲੋੜ ਹੈ । ਅੱਜ ਦੀ ਖੇਤੀ, ਅੱਜ ਦੀ ਦਸਤਕਾਰੀ ਅਤੇ ਅੱਜ ਦੀਆਂ ਸੇਵਾਵਾਂ ਟੈਕਨੀਕਲ ਵਿਦਿਆ ਦੀ ਮੰਗ ਕਰਦੀਆਂ ਹਨ । ਇਸ ਉਪਰ ਗੰਭੀਰ ਵਿਚਾਰ ਕਰਨ ਦੀ ਲੋੜ ਹੈ । ਪਰ ਸਿੱਖ ਸਮਾਜ ਦੇ ਸਮੁੱਚੇ ਵਿਦਿਅਕ ਖੇਤਰ ਤੇ ਨਜ਼ਰ ਮਾਰਨੀ, ਪੁਰਾਣੇ ਤੇ ਨਵੇਂ ਮਾਹੌਲ ਦੀ ਸਾਰ ਲੈਣੀ ਅਤੇ ਨਵੀਆਂ ਰਾਹਾਂ ਉਲੀਕਣੀਆਂ ਵੀ ਸਾਡੇ ਕਾਰਜ ਖੇਤਰ ਤੋਂ ਬਾਹਰ ਨਹੀਂ ਰਹਿ ਸਕਦੇ । ਨਵੇਂ ਅਦਾਰੇ ਕਰਨ ਦੇ ਨਾਲ-ਨਾਲ ਪੁਰਾਣੇ ਅਦਾਰਿਆਂ ਦੀ ਕਾਰਗੁਜ਼ਾਰੀ ਉਪਰ ਵੀ ਨੇੜਿਉਂ ਝਾਤੀ ਮਾਰਨੀ ਜ਼ਰੂਰੀ ਹੈ । ਜੋ ਸੈਂਕੜਿਆਂ ਸਕੂਲ ਤੇ ਕਾਲਜ ਕੌਮ ਨੇ ਅਰਬਾਂ ਰੁਪਏ ਖਰਚ ਕਰਕੇ ਖੋਲ੍ਹੇ, ਉਨ੍ਹਾਂ ਦਾ ਲੇਖਾ ਜੋਖਾ ਕਰਨਾ ਵੀ ਬਣਦਾ ਹੈ । ਇਨ੍ਹਾਂ ਦਾ ਮਨੋਰਥ ਦੁਨਿਆਵੀ ਪੜ੍ਹਾਈ ਤੋਂ ਇਲਾਵਾ ਇਹ ਵੀ ਸੀ ਕਿ ਸਿੱਖ ਧਰਮ ਦਾ ਪਰਚਾਰ ਹੋਵੇ ਅਤੇ ਇਨ੍ਹਾਂ ਅਦਾਰਿਆਂ ਵਿਚੋਂ ਗੁਰਮੁਖ ਸਿੱਖ ਨਿਕਲਣ ਜੋ ਆਪਣੇ ਉਚੇ ਜੀਵਨ ਅਤੇ ਖ਼ਾਲਸਈ ਰੂਪ ਰਾਹੀਂ ਮਨੁੱਖਤਾ ਦੀ ਸੇਵਾ ਕਰ ਸਕਣ ਅਤੇ ਸਿੱਖੀ ਦਾ ਮਹਾਨ ਸੰਦੇਸ਼ ਬਾਕੀ ਦੁਨੀਆਂ ਨਾਲ ਸਾਂਝਾ ਕਰ ਸਕਣ । ਇਹ ਮਕਸਦ ਕਿਸ ਹਦ ਤੱਕ ਪੂਰਾ ਹੋ ਰਿਹਾ ਹੈ? ਇਹ ਜਾਨਣ ਲਈ ਕਿਸੇ ਲੰਮੇ ਚੌੜੇ ਸਰਵੇ ਜਾਂ ਖੋਜ ਦੀ ਲੋੜ ਨਹੀਂ । ਕਿਸੇ ਕਾਲਜ ਵਿਚੋਂ ਇਕ ਵੇਰ ਲੰਘ ਜਾਣਾ ਹੀ ਕਾਫੀ ਹੈ । ਸ਼ਾਇਦ ਹੀ ਕੋਈ ਬੱਚਾ ਜਾਂ ਨੌਜਵਾਨ ਸਾਬਤ ਸੂਰਤ ਸਿੱਖੀ ਰੂਪ ਵਿਚ ਨਜ਼ਰ ਆਵੇ । ਅਧਿਆਪਕਾਂ ਨੂੰ ਇਸ ਗਲ ਦੀ ਕੋਈ ਪਰਵਾਹ ਨਹੀਂ । ਬਹੁਤੇ ਆਪ ਪਤਿਤ ਹਨ, ਧਾਰਮਿਕ ਵਿਦਿਆ ਦਾ ਕੋਈ ਪ੍ਰਬੰਧ ਨਹੀ। ਸਿੱਖੀ ਰਹੁਰੀਤ ਲਾਗੂ ਕਰਨ ਦਾ ਕੋਈ ਠੋਸ ਉਪਰਾਲਾ ਨਹੀਂ । ਪਤਿਤਪੁਣਾ ਇਸ ਹਦ ਤੱਕ ਪਹੁੰਚ ਗਿਆ ਹੈ ਕਿ ਵਿਆਹ ਸ਼ਾਦੀਆਂ ਦੇ ਇਸ਼ਤਿਹਾਰਾਂ ਵਿਚ ਖੁਲ੍ਹਮ ਖੁਲ੍ਹਾ 'ਕਲੀਨ ਸ਼ੇਵਨ' ਹੋਣ ਦਾ ਜ਼ਿਕਰ ਆਮ ਹੈ। ਬੀਬੀਆਂ ਵੀ ਪਿਛਾਂਹ ਨਹੀਂ ਰਹੀਆਂ । ਉਹ ਵੀ ਅਕਸਰ ਸਫਾ ਚਟ ਵਰ ਢੂੰਡਦੀਆਂ ਹਨ।

ਇਸ ਅਧੋਗਤੀ ਲਈ ਕੌਣ ਜ਼ਿੰਮੇਵਾਰ ਹੈ? ਇਲਜ਼ਾਮ ਕੇਵਲ ਬਚਿਆਂ ਦੇ ਸਿਰ ਨਹੀਂ ਥੋਪਿਆ ਜਾ ਸਕਦਾ, ਅਸੀਂ ਆਪ ਵੀ ਇਸੇ ਤੋਂ ਮੁਕਤ ਨਹੀਂ ਹੋ ਸਕਦੇ । ਘਰਾਂ ਵਿਚ ਅਸੀਂ ਸਿੱਖੀ ਮਾਹੌਲ ਨਹੀਂ ਦੇ ਸਕੇ । ਅਧਿਆਪਕ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਸਕੇ । ਪ੍ਰਬੰਧਕਾਂ ਨੇ ਗਲਤ ਕਿਸਮ ਦਾ ਅਮਲਾ ਭਰਤੀ ਕਰ ਲਿਆ । ਐਸਾ ਵਾਤਾਵਰਨ ਬਣ ਗਿਆ, ਜਿਸ ਵਿਚ ਬਚਿਆਂ ਨੂੰ ਸਿੱਖੀ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਅਤੇ ਉਹ ਸਿੱਖੀ ਸਰੂਪ ਵਿਚ ਫਖਰ ਮਹਿਸੂਸ ਕਰਨ ਦੀ ਥਾਂ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਪਤਿਤ ਹੋ ਗਏ । ਇਸ ਤਰ੍ਹਾਂ



Sri Satguru Jagjit Singh Ji eLibrary NamdhariElibrary@gmail.com

ਇਹ ਅਦਾਰੇ ਜਿਥੋਂ ਆਦਰਸ਼ਕ ਸਿੱਖ ਨਿਕਲਣੇ ਸਨ, ਪਤਿਤਪੁਣੇ ਦੇ ਕੇਂਦਰ ਬਣ ਗਏ । ਇਸ ਦੁਖਦਾਈ ਅਵਸਥਾ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ ।

ਨਵੇਂ ਅਦਾਰੇ ਜ਼ਰੂਰ ਖੋਲ੍ਹਣੇ ਚਾਹੀਦੇ ਹਨ । ਇਨ੍ਹਾਂ ਤੋਂ ਬਗੈਰ ਅਸੀਂ ਪਿਛੇ ਰਹਿ ਜਾਵਾਂਗੇ। ਪਰ ਨਾਲ ਨਾਲ ਪੁਰਾਣੇ ਅਦਾਰਿਆਂ ਨੂੰ ਸੰਭਾਲਣ ਦੀ ਲੋੜ ਹੈ । ਸਕੂਲਾਂ ਅਤੇ ਕਾਲਜਾਂ ਵਿਚ ਪਤਿਤਪੁਣੇ ਨੂੰ ਠਲ੍ਹ ਪਾਉਣਾ ਪੰਥ ਦੀ ਪਹਿਲੀ ਲੋੜ ਹੈ । ਇਸ ਲਈ ਪੰਥਕ ਪਧਰ ਤੇ ਇਕ ਭਰਪੂਰ ਲਹਿਰ ਦੀ ਲੋੜ ਹੈ । ਹਰ ਸਕੂਲ/ ਕਾਲਜ ਵਿਚ ਕੈਂਪ ਲਗਣੇ ਚਾਹੀਦੇ ਹਨ, ਜਿਨ੍ਹਾਂ ਵਿਚ ਬੱਚਿਆਂ ਨੂੰ ਸਿੱਖੀ ਸਰੂਪ ਤੇ ਰਹਿਤ ਵਲ ਪ੍ਰੇਰਿਆ ਜਾਵੇ, ਸਭ ਵਿਦਿਅਕ ਅਦਾਰਿਆਂ ਵਿਚ ਧਾਰਮਿਕ ਵਿਦਿਆ ਦਾ ਯੋਗ ਪ੍ਰਬੰਧ ਕੀਤਾ ਜਾਵੇ ਅਤੇ ਸਟਾਫ ਤੇ ਵਿਦਿਆਰਥੀਆਂ ਲਈ ਸਿੱਖੀ ਰਹਿਤ ਲਾਜ਼ਮੀ ਕਰਾਰ ਦਿੱਤੀ ਜਾਵੇ । ਇਹ ਚੀਜ਼ਾਂ ਸਮੁੱਚੇ ਪੰਥ ਦਾ ਧਿਆਨ ਮੰਗਦੀਆਂ ਹਨ ।

ਵਿਦਿਅਕ ਅਦਾਰਿਆਂ ਦਾ ਮਾਇਕ ਪਹਿਲੂ ਧਿਆਨ ਗੋਚਰਾ ਹੈ । ਸਕੂਲ ਕਾਲਜ ਲਈ ਇਮਾਰਤ ਖੜੀ ਕਰ ਦੇਣਾ ਬਹੁਤ ਮੁਸ਼ਕਿਲ ਨਹੀਂ ਹੈ । ਉਸ ਨੂੰ ਯੋਗ ਢੰਗ ਨਾਲ ਚਲਾਉਣਾ ਵਧੇਰੇ ਮੁਸ਼ਕਲ ਹੈ । ਲੋੜੀਂਦੀ ਮਾਇਆ ਅਕਸਰ ਉਪਲਬਧ ਨਹੀਂ ਹੁੰਦੀ । ਨਤੀਜਾ ਇਹ ਹੈ ਕਿ ਬਹੁਤ ਸਾਰੇ ਅਦਾਰੇ ਕੁਝ ਚਿਰ ਲੁੜ੍ਹਕਦੇ ਹਨ ਅਤੇ ਹੌਲੇ ਹੌਲੇ ਸਰਕਾਰ ਦੇ ਹਵਾਲੇ ਹੋ ਜਾਂਦੇ ਹਨ ਜਾਂ ਸਰਕਾਰ ਵਲੋਂ ਗ੍ਰਾਂਟ ਦੀ ਖਾਤਰ ਆਪਣੀ ਪਛਾਣ ਖੋਹ ਬੈਠਦੇ ਹਨ । ਸਟਾਫ ਦੀ ਭਰਤੀ, ਵਿਦਿਆਰਥੀਆਂ ਦਾ ਦਾਖਲਾ ਆਦਿ ਸਭ ਸਰਕਾਰੀ ਨਿਯਮਾਂ ਅਧੀਨ ਚਲਾ ਜਾਂਦਾ ਹੈ ਅਤੇ ਮੁਢਲੇ ਮਨੋਰਥ ਸਿੱਖੀ ਪਰਚਾਰ ਆਦਿ ਛਿਕੇ ਵਿਚ ਟੰਗ ਦਿੱਤੇ ਜਾਂਦੇ ਹਨ । ਟੈਕਨੀਕਲ ਕਾਲਜਾਂ ਵਿਚ ਪੇਂਡੂ ਜਾਂ ਲੋੜਵੰਦ ਗਰੀਬ ਬਚਿਆਂ ਨੂੰ ਤਰਜੀਹ ਦੇਣ ਜਾਂ ਸੀਟਾ ਰਾਖਵੀਆਂ ਰੱਖਣ ਦੇ ਮਨਸੂਬੇ ਪੂਰੇ ਨਹੀਂ ਹੋ ਸਕਦੇ । ਦਾਖਲਾ ਨੰਬਰਾਂ ਤੇ ਹੀ ਹੁੰਦਾ ਹੈ । ਹੋਣਾ ਵੀ ਇਸੇ ਤਰ੍ਹਾਂ ਚਾਹੀਦਾ ਹੈ । ਇਸ ਸਥਿਤੀ ਵਿਚ ਸਪੱਸ਼ਟ ਹੈ ਕਿ ਜ਼ੋਰ ਮੌਜੂਦਾ ਸਕੂਲਾਂ ਵਿਚ ਸਿੱਖਿਆ ਪੱਧਰ ਨੂੰ ਉੱਚਾ ਕਰਨ 'ਤੇ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਖ਼ਾਲਸਾ ਸਕੂਲਾਂ ਦੇ ਜਾਂ ਪਿੰਡਾਂ ਦੇ ਬਚੇ ਦੂਸਰਿਆਂ ਦਾ ਮੁਕਾਬਲਾ ਕਰ ਸਕਣ ਅਤੇ ਮੌਜੂਦਾ ਕੌਮੀ ਟੈਕਨੀਕਲ ਅਦਾਰਿਆਂ ਵਿਚ ਦਾਖਲਾ ਲੈ ਸਕਣ । ਹਰ ਸਕੂਲ ਵਿਚ, ਵਧੀਕ ਕਾਬਲ ਅਧਿਆਪਕ ਲਗਾਏ ਜਾਣ। ਲੋੜੀਂਦੀ ਸਿਖਿਆ ਸਮਗਰੀ ਮੁਹਈਆ ਕੀਤੀ ਜਾਵੇ ਅਤੇ ਹੋਣਹਾਰ ਬਚਿਆਂ ਲਈ ਉਚੇਚੀਆਂ ਕਲਾਸਾਂ ਦਾ ਪ੍ਰਬੰਧ ਕੀਤਾ ਜਾਵੇ । ਇਸ ਤੋਂ ਇਲਾਵਾ ਛੁੱਟੀਆਂ ਵਿਚ ਸਮਰ ਸਕੂਲਾਂ ਰਾਹੀਂ ਬਚਿਆਂ ਨੂੰ ਉੱਚ ਪੱਧਰ ਦਾਖਲਿਆਂ ਅਤੇ ਸੇਵਾਵਾਂ ਦੇ ਮੁਕਾਬਲਿਆਂ ਲਈ ਤਿਆਰ ਕੀਤਾ ਜਾਵੇ । ਨਵੇਂ ਅਦਾਰੇ ਖੋਲ੍ਹਣ ਨਾਲ ਜਰੂਰੀ ਨਹੀਂ ਕਿ ਉਨ੍ਹਾਂ ਵਿਚ ਦਾਖਲਾ ਲੋੜਵੰਦ ਪੇਂਡੂ ਜਾਂ ਸਿੱਖ ਬਚਿਆਂ ਨੂੰ ਹੀ ਮਿਲੇ । ਸੋ ਲੋੜ ਹੈ ਬਚਿਆਂ ਨੂੰ ਚੰਗੇਰੀ ਸਿਖਿਆ ਰਾਹੀਂ ਦਾਖਲੇ ਦੇ ਯੋਗ ਬਣਾਇਆ ਜਾਵੇ ।

ਸਾਡੀ ਇਕ ਵੱਡੀ ਕੌਮੀ ਕਮਜ਼ੋਰੀ ਹੈ—ਪੜ੍ਹਨ ਦੀ ਆਦਤ ਦੀ ਘਾਟ । ਚੰਗੀ ਤੋਂ ਚੰਗੀ ਪੁਸਤਕ 1000 ਤੋਂ ਵਧ ਨਹੀਂ ਛਪਦੀ । ਇਸ ਵਿਚੋਂ ਵੀ ਅਧ ਪਰਚੱਧੀਆਂ ਮੁਫਤ ਵੰਡਣੀਆਂ ਪੈਂਦੀਆਂ ਹਨ । ਪੜ੍ਹਨ ਵਾਲੇ ਬਹੁਤ ਘੱਟ ਹਨ । ਇਸ ਤਰ੍ਹਾਂ ਚੰਗੇ ਤੋਂ ਚੰਗੇ ਵਿਦਵਾਨਾਂ ਦੇ ਯਤਨ ਵੀ ਨਿਸਫਲ ਰਹਿ ਜਾਂਦੇ ਹਨ । ਇਹ ਦਸ਼ਾ ਚਿੰਤਾਜਨਕ ਹੈ । ਪੜ੍ਹਨ ਦੀ ਆਦਤ ਸਕੂਲਾਂ ਅਤੇ ਕਾਲਜਾਂ ਵਿਚ ਹੀ ਪਾਈ ਜਾ ਸਕਦੀ ਹੈ, ਇਸ ਲਈ ਕੌਮੀ ਅਦਾਰਿਆਂ ਤੇ ਅਧਿਆਪਕਾਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ।



Sri Satguru Jagjit Singh Ji eLibrary NamdhariElibrary@gmail.com

ਵਿਦਿਆ ਦਾ ਖੇਤਰ ਸਕੂਲ/ਕਾਲਜ ਜਾਂ ਯੂਨੀਵਰਸਿਟੀ ਤੱਕ ਮਹਿਦੂਦ ਨਹੀਂ । ਮਨੁੱਖ ਤੇ ਸਮਾਜ ਦਾ ਸਮੁੱਚਾ ਜੀਵਨ ਇਸ ਦੀ ਸੀਮਾ ਵਿਚ ਆ ਜਾਂਦਾ ਹੈ । ਸੋ ਜਿਹੜੇ ਲੋਕ ਵਡੇਰੀ ਉਮਰ ਵਿਚ ਵੀ ਵਿਦਿਆ ਤੋਂ ਵਾਂਝੇ ਹਨ, ਉਨ੍ਹਾਂ ਵਲ ਵੀ ਧਿਆਨ ਦੇਣਾ ਜਰੂਰੀ ਹੈ । ਸਿੱਖੀ ਦਾ ਅਨਪੜ੍ਹਤਾ ਨਾਲ ਕੋਈ ਮੇਲ ਨਹੀਂ । ਲੋੜ ਹੈ ਸਾਖਰਤਾ ਮੁਹਿੰਮ ਦੀ, ਜਿਸ ਦਾ ਟੀਚਾ ਹੋਵੇ 1999 (ਖ਼ਾਲਸਾ ਜੀ ਦਾ 300ਵਾਂ ਜਨਮ ਦਿਨ) ਤੱਕ ਸੌ ਫੀਸਦੀ ਸਾਖਰਤਾ । ਸਰਕਾਰ ਵਲੋਂ ਵੀ ਇਹ ਪ੍ਰੋਗਰਾਮ ਚਲ ਰਿਹਾ ਹੈ । ਇਸ ਵਿਚ ਸਹਿਯੋਗ ਦੇਣਾ ਲਾਭਵੰਦ ਰਹੇਗਾ ।

ਸਮੁੱਚੇ ਪੰਥ ਦੇ ਪਖ ਤੋਂ ਸਿੱਖੀ ਪਰਚਾਰ ਵਿਦਿਆ ਦਾ ਅਹਿਮ ਅੰਗ ਹੈ । ਸਿੱਖੀ ਸੰਸਾਰ ਅਤੇ ਭਵਿਖ ਦਾ ਧਰਮ ਹੈ । ਇਹ ਇਕ ਓਅੰਕਾਰ ਦਾ ਧਰਮ ਹੈ, ਜੋ ਰਚਨਹਾਰ ਹੈ, ਰਚਨਾ ਵਿਚ ਸਮਾਇਆ ਹੋਇਆ ਹੈ ਅਤੇ ਰਚਨਾ ਦੀ ਦੇਖ ਭਾਲ ਕਰਕੇ ਖੁਸ਼ ਹੁੰਦਾ ਹੈ । ਇਹ ਧਰਮ ਮਨੁੱਖ ਨੂੰ ਉਸੇ ਜੋਤੀ ਦਾ ਸਰੂਪ ਦੱਸਦਾ ਹੈ ਅਤੇ ਆਪਣਾ ਮੂਲ ਪਛਾਨਣ ਦੀ ਪ੍ਰੇਰਨਾ ਦਿੰਦਾ ਹੈ । ਉਸ ਨੂੰ ਨਿਰਭਉ ਨੂੰ ਜਪ ਕੇ ਨਿਰਭੈਤਾ ਅਤੇ ਨਿਰਵੈਰਤਾ ਦਾ ਉਪਦੇਸ਼ ਦਿੰਦਾ ਹੈ ਅਤੇ ਰੱਬੀ ਗੁਣ ਗ੍ਰਹਿਣ ਕਰਕੇ ਜੂਨਾਂ ਤੋਂ ਉਪਰ ਉਠਾ ਕੇ ਅਜੂਨੀ ਪਦ ਤੇ ਲੈ ਜਾਂਦਾ ਹੈ । 'ਘਾਲ ਖਾਇ ਕਿਛ ਹਥਹੁ ਦੇਇ' ਨੂੰ ਹੀ ਰਾਹ ਪਛਾਨਣ ਦਾ ਸਾਧਨ ਦਸਦਾ ਹੈ । ਜਾਤ-ਪਾਤ ਦੇ ਬੰਧਨਾਂ ਤੋਂ, ਭਰਮਾਂ ਤੋਂ ਅਤੇ ਫੋਕਟ ਰਸਮਾਂ ਤੋਂ ਮੁਕਤੀ ਪ੍ਰਦਾਨ ਕਰਦਾ ਹੈ । 'ਏਕ ਪਿਤਾ ਏਕਸ ਕੇ ਹਮ ਬਾਰਕ' ਦੇ ਆਧਾਰ ਤੇ ਸਮੂਹ ਮਨੁੱਖਤਾ ਨੂੰ ਇਕ ਭਾਈਚਾਰੇ ਵਿਚ ਪਰੋ ਦਿੰਦਾ ਹੈ, ਜਿਸ ਵਿਚ ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਉ । ਇਹ ਉਹ ਧਰਮ ਹੈ, ਜਿਸ ਵਿਚ ਜਨਮ ਕਰਕੇ ਸਭ ਬਰਾਬਰ ਹਨ । ਕੋਈ ਵਿਤਕਰਾ ਨਹੀਂ ਹੈ । ਮੁਕੰਮਲ ਇਨਸਾਫ ਹੈ । ਪਰਾਇਆ ਹਕ ਹਰਾਮ ਹੈ, ਜਿਵੇਂ ਮੁਸਲਮਾਨ ਸੂਰ ਦਾ ਮਾਸ ਅਤੇ ਹਿੰਦੂ ਨੂੰ ਗਊ ਦਾ ਮਾਸ । ਕੋਈ ਧੱਕਾ ਨਹੀਂ, ਸਗੋਂ ਗਰੀਬ ਦੀ ਰੱਖਿਆ ਲਈ ਪੁਰਜਾ ਪੁਰਜਾ ਕਟ ਮਰਨ ਦਾ ਉਪਦੇਸ਼ ਹੈ । ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ, ਜੋ ਉਸ ਦੇ ਬਾਣੇ ਵਿਚ ਪ੍ਰਗਟਿਆ ਹੈ, ਅਤੇ ਉਸ ਦੀ ਰਜ਼ਾ ਵਿਚ ਆਪਾ ਵਾਰਨ ਲਈ ਹਰ ਸਮੇਂ ਤਤਪਰ ਹੈ ।

ਸੰਸਾਰ ਭਰ ਦੀ ਮਨੁੱਖਤਾ ਇਸ ਸੰਦੇਸ਼ ਦੀ ਉਡੀਕ ਵਿਚ ਹੈ । ਸਾਡਾ ਫਰਜ਼ ਹੈ ਇਹ ਵਿਰਸਾ ਅਸੀਂ ਦੂਸਰਿਆਂ ਨਾਲ ਸਾਂਝਾ ਕਰੀਏ । ਇਸ ਲਈ ਲੋੜ ਹੈ, ਆਪਣੇ ਧਰਮ ਦੀ ਖੋਜ ਦੀ- ਬਾਣੀ ਦੇ ਅਧਿਅਨ ਦੀ- ਸਿੱਖ ਇਤਿਹਾਸ ਦੀ ਪੜਚੋਲ ਦੀ, ਸਾਹਿਤ ਪ੍ਰਕਾਸ਼ਨ ਦੀ, ਪ੍ਰਚਾਰਕਾਂ ਦੀ ਸਿਖਿਆ ਦੀ, ਆਧੁਨਿਕ ਮਾਧਿਅਮ ਦੀ ਵਰਤੋਂ ਦੀ ਅਤੇ ਪੰਥਕ ਦਰਦ ਰੱਖਣ ਵਾਲੇ ਉਚੇ ਜੀਵਨ ਵਾਲੇ ਵਚਨਬਧ ਵਿਅਕਤੀਆਂ ਦੀ । ਇਸ ਪ੍ਰੋਗਰਾਮ ਨੂੰ ਸਾਕਾਰ ਕਰਨ ਲਈ ਇਕ ਵਡੀ ਸੰਸਾਰ ਪਧਰ ਦੀ ਇੰਸਟੀਚਿਊਟ ਦੀ ਲੋੜ ਹੈ । ਇਸ ਪਾਸੇ ਫੌਰੀ ਧਿਆਨ ਦੇਣ ਦੀ ਲੋੜ ਹੈ ।

ਗੁਰੂ ਗ੍ਰੰਥ ਸਾਹਿਬ ਜੀ ਜੋ ਜੁਗੋ ਜੁਗ ਅਟਲ ਪ੍ਰਤੱਖ ਗੁਰੂ ਹਨ, ਦੀ ਖੋਜ ਉਚੇਰੀ ਵਿਦਿਆ ਦਾ ਮੁਖ ਅੰਗ ਹੈ । ਗੁਰਬਾਣੀ ਦੇ ਤਰਜਮੇ ਸੰਸਾਰ ਦੀਆਂ ਮੁੱਖ ਬੋਲੀਆਂ ਵਿਚ ਹੋਣੇ ਚਾਹੀਦੇ ਹਨ । ਕਈ ਪ੍ਰੇਮੀਆਂ ਨੇ ਬਾਣੀ ਦਾ ਕੰਪਿਊਟਰੀਕਰਨ ਕੀਤਾ ਹੈ । ਇਹ ਯਤਨ ਸ਼ਲਾਘਾ ਯੋਗ ਹੈ, ਪਰ ਇਸ ਵਿਚ ਗਲਤੀਆਂ ਦੀ ਵੱਡੀ ਸੰਭਾਵਨਾ ਹੈ । ਇਸ ਲਈ ਜ਼ਰੂਰੀ ਹੈ ਕਿ ਪੰਥ ਦੀ ਕੋਈ ਸ਼੍ਰੋਮਣੀ ਜਥੇਬੰਦੀ ਇਹ ਜ਼ਿੰਮੇਵਾਰੀ ਆਪਣੇ ਹਥ ਵਿਚ ਲਵੇ । ਇਸ ਦਿਸ਼ਾ ਵਿਚ ਦੇਰੀ ਨਾਲ ਸਥਿਤੀ ਹਥ ਵਿਚੋਂ ਨਿਕਲ ਜਾਵੇਗੀ ।

ਅੱਜ ਦਾ ਵਿਦਿਆ ਦਾ ਖੇਤਰ ਬਹੁਤ ਵਿਸ਼ਾਲ ਹੈ । ਜਨਤਾ ਵਿਚ ਸਹੀ ਕਿਸਮ ਦਾ



Sri Satguru Jagjit Singh Ji eLibrary NamdhariElibrary@gmail.com

ਪ੍ਰਚਾਰ ਵੀ ਇਸ ਵਿਚ ਸ਼ਾਮਿਲ ਹੈ । ਪਰਸਾਰ ਲਈ ਖੋਜ ਜਰੂਰੀ ਹੈ ਅਤੇ ਪਰਸਾਰ ਤੋਂ ਬਿਨਾਂ ਖੋਜ ਵਿਅਰਥ ਹੈ । ਇਹ ਪਹਿਲੂ ਹੁਣ ਤੱਕ ਨਜ਼ਰਅੰਦਾਜ਼ ਹੋਇਆ ਹੈ । ਖੋਜ ਲਈ ਇਕ ਉਚ ਪਧਰੀ ਇੰਸਟੀਚਿਊਟ ਅਤਿ ਜਰੂਰੀ ਹੈ । ਪਰਸਾਰ ਲਈ ਇਹ ਸਾਧਨ ਲਾਜ਼ਮੀ ਹਨ :-

1. ਰੋਜ਼ਾਨਾ ਅਖ਼ਬਾਰ ਅੰਗਰੇਜ਼ੀ ਅਤੇ ਪੰਜਾਬੀ ਵਿਚ ਜਾਰੀ ਕੀਤਾ ਜਾਵੇ, ਜੋ ਸਿੱਖ ਆਵਾਜ਼ ਤੇ ਸਿੱਖ ਹੱਕਾਂ ਦੀ ਰਾਖੀ ਲਈ ਵਚਨਬਧ ਹੋਵੇ ।

2. ਆਧੁਨਿਕ ਇਲੈਕਟ੍ਰਾਨਿਕ ਮੀਡੀਆ ਦੀ ਭਰਪੂਰ ਵਰਤੋਂ ਲਈ ਇਕ ਟੀ. ਵੀ. ਚੈਨਲ ਜਾਰੀ ਕੀਤਾ ਜਾਵੇ ਅਤੇ ਸਿੱਖ ਧਰਮ, ਇਤਿਹਾਸ ਅਤੇ ਵਿਗਿਆਨ ਨਾਲ ਸੰਬੰਧਿਤ ਫਿਲਮਾਂ ਤਿਆਰ ਕਰਵਾਈਆਂ ਜਾਣ ।

3. ਪਰਸਾਰ ਸਾਹਿਤ ਤਿਆਰ ਕਰਨ ਲਈ ਲਿਖਾਰੀਆਂ ਦੀ ਹੌਂਸਲਾ ਅਫਜ਼ਾਈ ਅਤੇ ਉਨ੍ਹਾਂ ਦੀਆਂ ਲਿਖਤਾਂ ਦੀ ਛਪਾਈ ਦਾ ਪ੍ਰਬੰਧ ਕੀਤਾ ਜਾਵੇ ।

4. ਸਿੱਖੀ ਪਰਚਾਰ ਲਈ ਇਕ ਮੁਅੱਸਰ ਸੰਗਠਨ ਕਾਇਮ ਕੀਤਾ ਜਾਵੇ ਜੋ ਸੰਸਾਰ ਭਰ ਵਿਚ ਸਿੱਖ ਮਿਸ਼ਨ ਦੀਆਂ ਲੋੜਾਂ ਪੂਰੀਆਂ ਕਰੇ ।

ਪੰਥ ਦੇ ਸਾਹਮਣੇ ਮਸਲੇ ਬੇਸ਼ੁਮਾਰ ਹਨ । ਉਪਰੋਕਤ ਵਿਸ਼ੇ ਫੌਰੀ ਗੰਭੀਰ ਵਿਚਾਰ ਦੇ ਪਾਤਰ ਹਨ । ਵਿਦਿਆ ਦੇ ਖੇਤਰ ਵਿਚ ਖਾਸ ਕਰਕੇ ਪਹਿਲਾਂ ਅਸਥਾਪਤ ਕੀਤੇ ਅਦਾਰਿਆਂ ਨੂੰ ਸੰਭਾਲਣ ਦੀ ਲੋੜ ਹੈ । ਸਿੱਖੀ ਪਰਚਾਰ ਰਾਹੀਂ ਉਚੇਰੇ ਕੈਂਪਾਂ ਰਾਹੀਂ ਪਤਿਤਪੁਣੇ ਨੂੰ ਠਲ੍ਹ ਪਾਉਣ ਦੀ ਲੋੜ ਹੈ । ਤਕਨੀਕੀ ਵਿਦਿਆ ਲਈ ਨਵੇਂ ਅਦਾਰੇ ਸਰਕਾਰ ਪਾਸੋਂ ਖੁਲ੍ਹਵਾਉਣੇ ਚਾਹੀਦੇ ਹਨ । ਉਨ੍ਹਾਂ ਤੋਂ ਲਾਭ ਉਠਾਉਣ ਲਈ ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਉਪਰ ਚੁਕਣਾ ਚਾਹੀਦਾ ਹੈ । ਲੋੜੀਂਦੀਆਂ ਸਹੂਲਤਾਂ, ਸਮਰ ਸਕੂਲਜ਼ ਅਤੇ ਉਚੇਰੀਆਂ ਕਲਾਸਾਂ ਦੀ ਲੋੜ ਹੈ ਜੋ ਬਚਿਆਂ ਨੂੰ ਤਕਨੀਕੀ ਅਦਾਰਿਆਂ ਵਿਚ ਦਾਖਲੇ ਦੇ ਯੋਗ ਬਣਾ ਸਕਣ । ਇਹ ਕਾਮਨਾ ਕਰਦਾ ਹਾਂ ਕਿ ਭਵਿਖ ਵਿਚ ਸਿੱਖਾਂ ਦੇ ਐਜੂਕੇਸ਼ਨਲ ਅਦਾਰੇ ਅਕਾਦਮਿਕ ਪੜ੍ਹਾਈ ਪਖੋਂ ਸ਼੍ਰੋਮਣੀ ਹੋਣ, ਅਧਿਆਪਕਾਂ ਦਾ ਪੱਧਰ ਇਖਲਾਕੀ ਉਚ ਮਿਆਰੀ ਹੋਵੇ । ਇਨ੍ਹਾਂ ਅਦਾਰਿਆਂ ਵਿਚੋਂ ਨਿਕਲੇ ਭਵਿਖ ਦੇ ਨੌਨਿਹਾਲ ਇਨ੍ਹਾਂ ਅਦਾਰਿਆਂ ਨੂੰ ਗੌਰਵ ਦੇ ਸਕਣ ਤੇ ਸਭ ਤੋਂ ਵਧ, ਇਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਖ਼ਾਲਸੇ ਦੇ ਨਾਂ 'ਤੇ ਚਲਣ ਵਾਲੇ ਅਦਾਰੇ ਗੁਰੂ ਨਾਨਕ ਦੇ ਸੰਦੇਸ਼ ਦਾ ਸੋਮਾ ਬਣ ਕੇ ਸਾਰੇ ਜਗਤ ਨੂੰ ਪ੍ਰਭਾਵਿਤ ਕਰਨ ।

—0—

ਪੰਜਾਬੀ ਗੁਰੂਆਂ, ਭਗਤਾਂ ਅਤੇ ਮਹਾਂਪੁਰਸ਼ਾਂ ਦੀ ਬੋਲੀ ਹੈ ।
ਇਸ ਲਈ ਪੰਜਾਬੀ ਪੜ੍ਹੋ, ਪੰਜਾਬੀ ਬੋਲੋ ਅਤੇ ਪੰਜਾਬੀ ਲਿਖੋ ।

Sri Satguru Jagjit Singh Ji eLibrary NamdhariElibrary@gmail.com

# ਇਕੀਵੀਂ ਸਦੀ ਲਈ ਸਿੱਖ ਵਿਦਿਅਕ ਨੀਤੀ

ਡਾ. ਸੁਰਜੀਤ ਸਿੰਘ ਭੱਟੀ ਅੰਮ੍ਰਿਤਸਰ

ਅੱਜ ਸਿੱਖ ਕੌਮ ਦੇ ਸਾਹਮਣੇ ਇਕ ਗੰਭੀਰ ਸੁਆਲ ਹੈ ਕਿ ਇਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਸਮੇਂ ਸਿੱਖ ਜਾਂ ਪੰਜਾਬੀ ਵਿਦਿਆਰਥੀ ਲਈ ਵਿਦਿਆ ਕਿਸ ਤਰ੍ਹਾਂ ਦੀ ਹੋਵੇ, ਜਿਸ ਨਾਲ ਉਹ ਨਾ ਸਿਰਫ ਅੱਜ ਦੀ ਵਿਗਿਆਨਕ ਦੁਨੀਆਂ ਵਿਚ ਕਾਮਯਾਬ ਇੰਜੀਨੀਅਰ, ਡਾਕਟਰ, ਸਾਇੰਸਦਾਨ, ਸਨਅਤਕਾਰ, ਖੇਤੀ-ਮਾਹਿਰ, ਵਿਦਵਾਨ, ਨੀਤੀਵਾਨ, ਹੁਕਮਰਾਨ, ਪ੍ਰਬੰਧਕ, ਜੱਜ, ਵਕੀਲ ਜਾਂ ਹੋਰ ਪੱਖਾਂ ਵਿਚ ਸਿਰਕੱਢ ਵਿਅਕਤੀ ਹੀ ਬਣ ਸਕਣ, ਬਲਕਿ ਉੱਚੇ ਆਚਰਣ ਦੇ ਨਾਲ ਸ਼ਿੰਗਾਰੇ ਹੋਏ ਇਨਸਾਨ ਵੀ ਹੋਣ ।

ਮੇਰੇ ਵਿਚਾਰ ਵਿਚ ਇਸ ਮਕਸਦ ਲਈ ਸਾਨੂੰ ਕੁਝ ਗੱਲਾਂ ਨੂੰ ਆਧਾਰ ਮੰਨ ਕੇ ਤੁਰਨਾ ਪਵੇਗਾ । ਇਕ ਤਾਂ ਇਹ ਕਿ ਵਿਦਿਅਕ ਵਿਉਂਤਬੰਦੀ ਅੰਸੀ ਹੋਣੀ ਚਾਹੀਦੀ ਹੈ, ਜਿਹੜੀ ਕਿਸੇ ਵਿਅਕਤੀ ਨੂੰ ਇਜ਼ਤ ਨਾਲ ਉਸ ਦੀਆਂ ਮੁੱਢਲੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਦੇ ਸਮਰਥ ਕਰ ਸਕੇ । ਦੂਸਰੀ ਗੱਲ ਇਹ ਕੀ ਸਾਇੰਸ-ਟੈਕਨਾਲੋਜੀ ਦੇ ਇਸ ਦੌਰ ਵਿਚ ਤਰਕ-ਹੀਨ ਧਰਮ ਕਿਸੇ ਕੌਮ ਰਸਤਾ ਨਹੀਂ ਵਿਖਾ ਸਕਦਾ ।

ਅੱਜ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਚੁਗਿਰਦੇ ਵਿਚ ਮੌਜੂਦਾ ਸਾਧਨਾਂ ਨੂੰ ਧਿਆਨ ਵਿਚ ਰਖ ਕੇ, ਉਨ੍ਹਾਂ ਕਿੱਤਿਆਂ-ਕੰਮਾਂ, ਮਜ਼ਮੂਨਾਂ, ਸਨਅਤਾਂ, ਧੰਦਿਆਂ ਦੀ ਨਿਸ਼ਾਨਦੇਹੀ ਕਰੀਏ, ਜਿਨ੍ਹਾਂ ਨਾਲ ਬੇਰੁਜ਼ਗਾਰੀ ਖ਼ਤਮ ਕੀਤੀ ਜਾ ਸਕੇ । ਇਸ ਲਈ ਸਨਅਤਕਾਰਾਂ ਨੂੰ ਆਪਣੀਆਂ ਮਿੱਲਾਂ ਤੇ ਫੈਕਟਰੀਆਂ ਵਿਚ ਬੈਠ ਕੇ ਸਿਰਫ਼ ਮੁਨਾਫਾ ਵਧਾਉਣ ਬਾਰੇ ਹੀ ਨਹੀਂ ਸੋਚੀ ਜਾਣਾ ਚਾਹੀਦਾ, ਬਲਕਿ ਵਿਦਿਅਕ ਅਦਾਰਿਆਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿਹੜੇ ਕੋਰਸ ਜਾਂ ਮਜ਼ਮੂਨ ਪੜ੍ਹਾਉਣ । ਦੂਸਰੇ ਪਾਸੇ ਵਿਦਿਅਕ ਅਦਾਰਿਆਂ ਦਾ ਵੀ ਕੰਮ ਹੋਣਾ ਚਾਹੀਦਾ ਹੈ ਕਿ ਉਹ ਲਕੀਰ ਦੇ ਫ਼ਕੀਰ ਬਣਨ ਦੀ ਬਜਾਏ ਸਨਅਤ, ਖੇਤੀ, ਸਿਹਤ ਜਾਂ ਦੂਸਰੇ ਸਮਾਜੀ ਪ੍ਰਬੰਧਾਂ ਲਈ ਸਲਾਹ ਨਾਲ ਢੁਕਵੇਂ ਕੋਰਸ ਤਿਆਰ ਕਰਨ । ਇਹ ਕੰਮ ਹਰ ਪੱਧਰ ਤੇ ਹੋਣਾ ਜ਼ਰੂਰੀ ਹੈ ।

ਸਕੂਲਾਂ ਵਿਚ ਜਿਹੜੇ ਬੱਚੇ ਰਵਾਇਤੀ ਪੜ੍ਹਾਈ ਵਿਚ ਘੱਟ ਦਿਲਚਸਪੀ ਲੈਣ ਉਨ੍ਹਾਂ ਨੂੰ ਦਸਤਕਾਰੀ ਜਾਂ ਤਕਨੀਕੀ ਵਿਦਿਆ ਦਿੱਤੀ ਜਾਵੇ । ਇਸੇ ਤਰ੍ਹਾਂ ਕਾਲਜਾਂ ਵਿਚ ਜੇ ਵਿਦਿਆਰਥੀ ਐਨਕਾਂ ਦੇ ਸ਼ੀਸ਼ੇ ਬਣਾਉਣ ਤੋਂ ਲੈ ਕੇ ਮਾਈਕਰੋਸਕੋਪ ਤੇ ਟੈਲੀਸਕੋਪ ਬਣਾਉਣ ਅਤੇ ਰਿਪੇਅਰ ਕਰਨ ਦੀ ਟਰੇਨਿੰਗ ਲੈ ਸਕੇ ਜਾਂ ਇਲੈਕਟਰਾਨਿਕਸ ਯੰਤਰਾਂ ਦੀ, ਨਾ ਸਿਰਫ ਕਿਤਾਬੀ ਜਾਣਕਾਰੀ ਬਲਕਿ ਰਿਪੇਅਰ ਜਾਂ ਬਣਾਉਣ ਦੀ ਮੁਹਾਰਤ ਹਾਸਿਲ ਕਰ ਸਕੇ ਜਾਂ ਰੈਫਰਿਜਰੇਟਰ ਅਤੇ ਏਅਰ-ਕੰਡੀਸ਼ਨਰਾਂ ਵਿਚ ਗੈਸ ਭਰਨਾ ਜਾਂ ਸਕੂਟਰ-ਕਾਰਾਂ ਨੂੰ ਠੀਕ ਕਰਨਾ ਜਾਂ ਫੋਟੋਗ੍ਰਾਫੀ ਜਾਂ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਡੱਬੇ-ਬੰਦ ਕਰਨਾ ਜਾਂ ਨਵੇਂ ਬੀਜ ਤਿਆਰ ਕਰਨਾ ਜਾਂ ਹੋਰ ਇਸ ਕਿਸਮ ਦਾ ਸਾਇੰਸ-ਟੈਕਨਾਲੌਜੀ ਉੱਤੇ ਆਧਾਰਿਤ ਕੰਮ ਸਿਖ ਸਕੇ ਤਾਂ ਹੀ ਉਸ ਡਿਗਰੀ ਦਾ ਕੋਈ ਮਤਲਬ ਨਿਕਲ ਸਕੇਗਾ ।

ਜਿਥੋਂ ਤੱਕ ਵਧੇਰੇ ਗੁਣਵਾਨ ਅਤੇ ਹੋਣਹਾਰ ਬੱਚਿਆਂ ਦਾ ਸੰਬੰਧ ਹੈ ਉਨ੍ਹਾਂ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਨਵੀਂ ਸੋਚ, ਨਵੀਂ ਖੋਜ ਅਤੇ ਨਵੀਂ ਟੈਕਨਾਲੌਜੀ ਨੂੰ ਅਪਨਾਉਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ । ਕੋਈ ਵੀ ਕੌਮ ਤਰੱਕੀ ਤਾਂ ਕਰ ਸਕੇਗੀ



Sri Satguru Jagjit Singh Ji eLibrary NamdhariElibrary@gmail.com

ਜੋ ਉਹ ਐਸੇ ਇੰਜੀਨੀਅਰ, ਸਾਇੰਸਦਾਨ ਤੇ ਡਾਕਟਰ ਪੈਦਾ ਕਰ ਸਕੇ, ਜਿਹੜੇ ਨਾ ਸਿਰਫ ਨਵੀਂ ਟੈਕਨਾਲੋਜੀ ਅਪਣਾ ਸਕਣ, ਬਲਕਿ ਖ਼ੁਦ ਨਵੀਆਂ ਈਜਾਦਾਂ ਕਰਨ ਦੇ ਸਮਰਥ ਹੋਣ। ਨਹੀਂ ਤੇ ਇਕੀਵੀਂ ਸਦੀ ਵਿਚ ਵਧ-ਰਹੇ ਵਪਾਰਕ ਮੁਕਾਬਲੇ ਵਿਚ ਅਸੀਂ ਪੱਛੜ ਕੇ ਉਨ੍ਹੀਵੀਂ ਸਦੀ ਵਲ ਤੁਰੇ ਜਾਂਦੇ ਨਜ਼ਰ ਆ ਰਹੇ ਹੋਵਾਂਗੇ।

ਸਿੱਖ ਜਾਂ ਪੰਜਾਬੀ ਨੌਜਵਾਨ ਨਸਲ ਦੀ ਵਿਦਿਆ ਭਾਰਤ ਦੇ ਬਾਕੀ ਲੋਕਾਂ ਦੀ ਵਿਦਿਆ ਤੋਂ ਬਹੁਤੀ ਵੱਖਰੀ ਵੀ ਨਹੀਂ ਹੋ ਸਕਦੀ। ਫ਼ਰਕ ਇਹ ਪਵੇਗਾ ਕਿ ਸਾਡੇ ਕੁਦਰਤੀ ਵਸੀਲੇ ਦੂਸਰੇ ਸੂਬਿਆਂ ਤੋਂ ਵੱਖਰੇ ਹੋਣ ਕਰਕੇ ਸਾਨੂੰ ਰੁਜ਼ਗਾਰ ਵਧਾਉਣ ਦੇ ਵੱਖਰੇ ਢੰਗ ਸੋਚਣੇ ਪੈਣਗੇ। ਗਰੀਬਾਂ ਅਤੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੇ ਬੱਚਿਆਂ ਵੱਲ ਖ਼ਾਸ ਧਿਆਨ ਦੇਣਾ ਪਵੇਗਾ-ਜਿਵੇਂ ਕਿ ਚੀਫ ਖ਼ਾਲਸਾ ਦੀਵਾਨ ਨੇ ਟੈਕਨੀਕਲ ਸਕੂਲ ਖੋਲ੍ਹ ਕੇ ਇਕ ਚੰਗੀ ਸ਼ੁਰੂਆਤ ਕੀਤੀ ਹੈ। ਬੇਰੁਜ਼ਗਾਰੀ ਨੂੰ ਦੂਰ ਕਰਨ ਵਾਲੀ ਵਿਦਿਆ, ਦੁਨੀਆਂ ਦੀ ਸਾਇੰਸ-ਟੈਕਨਾਲੋਜੀ ਨਾਲ ਮੁਕਾਬਲਾ ਕਰ ਸਕਣ ਵਾਲੀ ਤਕਨੀਕੀ ਅਤੇ ਮੈਡੀਕਲ ਪੜ੍ਹਾਈ ਅਤੇ ਕਾਨੂੰਨ, ਖੇਤੀ ਅਤੇ ਅਰਥਸ਼ਾਸਤਰ ਦੇ ਮਾਹਿਰ ਪੈਦਾ ਕਰਕੇ ਵੀ ਜੇ ਅਸੀਂ ਚੰਗੇ ਇਨਸਾਨ, ਚੰਗੇ ਪੰਜਾਬੀ ਅਤੇ ਚੰਗੇ ਸਿੱਖ ਨਾ ਬਣਾ ਸਕੀਏ ਤਾਂ ਵੀ ਸਾਡੀ ਸਾਰੀ ਮਿਹਨਤ ਵਿਅਰਥ ਹੈ। ਇਸ ਲਈ ਧਾਰਮਿਕ ਵਿਦਿਆ ਦਿੱਤੀ ਜਾਣੀ ਵੀ ਬਹੁਤ ਜ਼ਰੂਰੀ ਹੈ। ਪਰ ਇਹ ਵਿਦਿਆ ਕਹਾਣੀਆਂ-ਕਿੱਸਿਆਂ, ਵਾਦ-ਵਿਵਾਦ, ਇਕ ਦੂਸਰੇ ਉੱਤੇ ਚਿੱਕੜ ਸੁੱਟਣ ਜਾਂ ਫਿਰ ਅੰਧ-ਵਿਸ਼ਵਾਸ ਉੱਤੇ ਆਧਾਰਿਤ ਰਾਜਨੀਤੀ ਤੋਂ ਪ੍ਰੇਰਿਤ ਨਹੀਂ ਹੋਣੀ ਚਾਹੀਦੀ। ਮਜ਼ਹਬ ਅਲਗ ਹੋ ਸਕਦੇ ਹਨ, ਪਰ ਇਨਸਾਨ ਦਾ ਧਰਮ ਇਕੋ ਹੈ।

ਇਸ ਧਾਰਮਿਕ ਵਿਦਿਆ ਦਾ ਆਧਾਰ ਉਹ ਮਹਾਨ ਮਨੁੱਖੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਦਾ ਸੰਸਾਰ ਦਾ ਹਰ ਧਰਮ ਸਮਰਥਨ ਕਰਦਾ ਹੈ। ਜਿਵੇਂ ਸੱਚ ਬੋਲਣਾ, ਇਨਸਾਫ਼ ਕਰਨਾ, ਨਸ਼ਿਆਂ ਤੋਂ ਬਚਣਾ, ਇਸਤਰੀ ਦਾ ਸਮਾਜ ਅਤੇ ਘਰ ਵਿਚ ਸਨਮਾਨ ਕਰਨਾ, ਕਿਰਤ ਕਰਕੇ ਕਿਸੇ ਗ਼ਰੀਬ ਦੀ ਸਹਾਇਤਾ ਕਰਨਾ, ਪਰਮਾਤਮਾ ਦਾ ਸ਼ੁਕਰਾਨਾ ਕਰਨਾ, ਸੰਸਾਰ ਵਿਚ ਵਿਚਰਦਿਆਂ ਹੋਇਆਂ ਇਸ ਦੀਆਂ ਬੁਰਾਈਆਂ ਤੋਂ ਨਿਰਲੇਪ ਰਹਿਣਾ। ਇਹ ਕੁਝ ਐਸੀਆਂ ਗੱਲਾਂ ਹਨ, ਜਿਨ੍ਹਾਂ ਨੂੰ ਪਦਾਰਥਕ ਦੌੜ ਵਿਚ ਪੈ ਕੇ ਭੁਲਿਆ ਨਹੀਂ ਜਾ ਸਕਦਾ। ਪਰ ਸਿੱਖ ਧਰਮ ਇਨ੍ਹਾਂ ਗੱਲਾਂ ਤੋਂ ਅਗਾਂਹ ਜਾ ਕੇ ਸਾਨੂੰ ਹੋਰ ਵੀ ਉਚਾ ਜੀਵਨ ਬਿਤਾਉਣ ਦਾ ਰਸਤਾ ਦੱਸਦਾ ਹੈ। ਸ਼੍ਰੋਮਣੀ ਕਮੇਟੀ ਇਹ ਪ੍ਰਬੰਧ ਕਰੇ ਕਿ ਸਾਡੇ ਵਿਦਿਅਕ ਅਦਾਰਿਆਂ ਵਿਚ ਜਿਥੇ ਵਧੀਆ ਤੋਂ ਵਧੀਆ ਨਵੀਂ ਤਨ ਸਾਇੰਸੀ ਅਤੇ ਆਰਥਿਕ ਵਿਦਿਆ ਮਿਲੇ, ਉਥੇ ਸਿੱਖੀ ਅਤੇ ਇਨਸਾਨੀ ਆਦਰਸ਼ਾਂ ਬਾਰੇ ਵੀ ਸੁਚੱਜੇ ਅਤੇ ਅਸਰਦਾਇਕ ਤਰੀਕੇ ਨਾਲ ਗਿਆਨ ਦਿੱਤਾ ਜਾਵੇ। ਨੌਜਵਾਨ ਪੀੜ੍ਹੀ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਅੱਜ ਸਾਇੰਸ ਦੀ ਕਸਵੱਟੀ ਉੱਤੇ ਪਰਖ ਰਹੀ ਹੈ। ਜੇ ਸਿੱਖ ਨੌਜਵਾਨ ਇਹ ਪੁੱਛਣ ਕਿ ਕੀ ਗੁਰਬਾਣੀ ਜਾਂ ਸਿੱਖ ਫ਼ਿਲਾਸਫ਼ੀ ਸਾਇੰਸੀ ਸੋਚ ਅਨੁਸਾਰ ਹੈ ਜਾਂ ਨਹੀਂ (?) ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਮੈਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨਾਲ ਸਹਿਮਤ ਨਹੀਂ, ਜਿਥੇ ਉਨ੍ਹਾਂ ਕਿਹਾ ਹੈ: (ਸਿੱਖ ਧਰਮ ਦਰਸ਼ਨ, ਪੰਜਾਬੀ ਯੂਨੀਵਰਸਿਟੀ, 1967) :

"ਸਿੱਖ ਧਰਮ ਨੂੰ ਵਿਗਿਆਨਕ ਜਾਂ ਫ਼ਿਲਾਸਫ਼ੀ ਵਿਚਾਰਾਂ ਦੀ ਓਟ ਲੈਣ ਦੀ ਉਕੀ ਲੋੜ ਨਹੀਂ"। ਸਾਡਾ ਮੰਤਵ ਵਾਦ-ਵਿਵਾਦ ਜਾਂ ਕਿਸੇ ਐਸੀ ਗੂੜ੍ਹੀ ਫ਼ਿਲਾਸਫ਼ੀ ਵਿਚ ਪੈਣਾ ਨਹੀਂ ਹੋਣਾ ਚਾਹੀਦਾ, ਜਿਸ ਨੂੰ ਸਾਧਾਰਣ ਸਿੱਖ ਸਮਝ ਨਾ ਸਕੇ। ਪਰ ਮੇਰਾ ਇਹ ਦ੍ਰਿੜ ਵਿਸ਼ਵਾਸ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਗੁਰੂ ਨਾਨਕ ਬਾਣੀ ਤਰਕ-ਸੰਗਤ ਹੋਣ ਕਾਰਣ ਅੱਜ ਦੇ ਸਾਇੰਸੀ ਦੌਰ ਦੇ ਬਿਲਕੁਲ ਮੁਤਾਬਿਕ ਹੈ। ਜਾਂ ਇਹ ਕਿ ਸਾਇੰਸ ਦਾ ਗਿਆਨ ਗੁਰੂ ਨਾਨਕ ਬਾਣੀ ਵਿਚ ਦੱਸੀਆਂ ਸਚਾਈਆਂ ਦੇ ਉਲਟ ਨਹੀਂ ਹੈ। ਲੋੜ ਸਿਰਫ ਇਹ ਹੈ ਕਿ ਅਸੀਂ ਇਸ ਤੱਥ ਨੂੰ ਆਪਣੀ ਨੌਜਵਾਨ ਪੀੜ੍ਹੀ ਤੱਕ ਉਸ ਨਵੇਂ ਵਿਦਿਅਕ ਢਾਂਚੇ ਰਾਹੀਂ ਠੀਕ ਤਰ੍ਹਾਂ ਨਾਲ ਪਹੁੰਚਾ ਸਕੀਏ, ਜਿਸ ਦੀ ਅੱਜ ਇਥੇ ਗੱਲ ਹੋ ਰਹੀ ਹੈ।

ਆਪਣੇ ਇਸ ਵਿਸ਼ਵਾਸ ਦੇ ਕੁਝ ਪ੍ਰਮਾਣ ਮੈਂ ਆਪ ਦੀ ਸੇਵਾ ਵਿਚ ਪੇਸ਼ ਕਰਨਾ ਚਾਹੁੰਦਾ ਹਾਂ। ਬ੍ਰਹਿਮੰਡ ਦੀ ਉਤਪਤੀ ਬਾਰੇ ਜਿਹੜੀਆਂ ਦੋ ਥਿਊਰੀਆਂ ਅੱਜ ਸਾਇੰਸ ਦਿੰਦੀ ਹੈ ਉਹ ਹਨ; ਇਕ ਨਿਰੰਤਰ ਉਤਪਤੀ ਅਤੇ ਤਬਾਹੀ ਦੀ ਥਿਊਰੀ ਅਤੇ ਦੂਸਰੀ ਇਕ ਖ਼ਾਸ ਸ਼ੁਰੂਆਤ ਤੇ ਵਿਨਾਸ਼ ਦੀ ਥਿਊਰੀ। ਪੰਜ ਸੌ ਸਾਲ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਿਹਾ ਹੈ:

ਸ੍ਰਿਸਟਿ ਉਪਾਇ ਕੀਆ ਪਾਸਾਰਾ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1038)
ਕਈ ਬਾਰ ਪਸਰਿਓ ਪਾਸਾਰ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 276)
ਖਿਨ ਮਹਿ ਢਾਹੇ ਫੇਰਿ ਉਸਾਰੇ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1034)

ਜਾਰਜ ਗੰਮੋ ਵਲੋਂ ਦਿੱਤੀ ਥਿਊਰੀ ਦਾ ਵੀ ਇਹੋ ਸਾਰ ਹੈ ਕਿ ਬ੍ਰਹਿਮੰਡ ਦੀ ਉਤਪਤੀ ਦਾ ਇਕ ਸਮਾਂ ਸੀ, ਇਸ ਦਾ ਅੰਤ ਵੀ ਹੋਵੇਗਾ ਅਤੇ ਇਸ ਵਿਚਾਰ ਨੂੰ ਹੁਣ ਬਣਾਉਟੀ ਉਪਗ੍ਰਹਿਾਂ ਤੋਂ ਪ੍ਰਾਪਤ ਜਾਣਕਾਰੀ ਨੇ ਠੀਕ ਸਿੱਧ ਕੀਤਾ ਹੈ।

ਇਸੇ ਤਰ੍ਹਾਂ ਆਈਨਸਟੀਨ ਅਤੇ ਜੇਮਸ ਜੀਨ ਨੇ ਇਹ ਸਿੱਧ ਕੀਤਾ ਹੈ ਕਿ ਜਿਸ ਬ੍ਰਹਿਮੰਡ ਦੀ ਅਸੀਂ ਗੱਲ ਕਰ ਰਹੇ ਹਾਂ, ਉਸ ਤੋਂ ਇਲਾਵਾ ਅਨੇਕ ਹੋਰ ਬ੍ਰਹਿਮੰਡ ਮੌਜੂਦ ਹਨ, ਪਰ ਸਾਡੇ ਪਾਸ ਉਨ੍ਹਾਂ ਦੀ ਹੋਂਦ ਨੂੰ ਪ੍ਰਮਾਣਿਤ ਕਰਨ ਦਾ ਕੋਈ ਤਰੀਕਾ ਅਜੇ ਈਜਾਦ ਨਹੀਂ ਹੋ ਸਕਿਆ। ਇਹੋ ਗੱਲ ਗੁਰੂ ਨਾਨਕ ਦੇਵ ਜੀ ਪਹਿਲੇ ਸਮਝਾ ਚੁੱਕੇ ਹਨ।

ਕਈ ਕੋਟਿ ਅਕਾਸ ਬ੍ਰਹਮੰਡ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 272)

ਇਸ ਤਰ੍ਹਾਂ ਦੇ ਸੈਂਕੜੇ ਹੋਰ ਪ੍ਰਮਾਣ ਗੁਰਬਾਣੀ ਤੋਂ ਦਿੱਤੇ ਜਾ ਸਕਦੇ ਹਨ, ਜਿਨਾਂ ਤੋਂ ਇਹ ਪਤਾ ਲਗਦਾ ਹੈ ਕਿ ਸਿੱਖ ਧਰਮ ਕੋਈ ਅੰਧ—ਵਿਸ਼ਵਾਸ, ਜਾਦੂ—ਟੂਣੇ, ਕਰਮ—ਕਾਂਡ ਜਾਂ ਤਰਕ—ਹੀਣ ਗੱਲਾਂ ਜੋੜ ਕੇ ਬਣਾਇਆ ਗਿਆ ਗੈਰ—ਵਿਗਿਆਨਕ ਅਤੇ ਪਿਛਾਂਹ—ਖਿਚੂ ਵਾਲਾ ਧਰਮ ਨਹੀਂ ਹੈ। ਗੁਰਬਾਣੀ ਵਿਚ ਉਹ ਗੱਲਾਂ ਪੰਜ ਸੌ ਵਰ੍ਹੇ ਪਹਿਲਾਂ ਦੱਸ ਚੁੱਕੀ ਹੈ, ਜਿਹੜੀਆਂ ਅੱਜ ਵੀ ਸਾਇੰਸ ਹੁਣ ਲੱਭ ਰਹੀ ਹੈ। ਇਹ ਇਕ ਨਵਾਂ ਜਿਉਂਦਾ ਜਾਗਦਾ, ਅਗਾਂਹਵਧੂ ਅਤੇ ਚੇਤੰਨ ਜੀਵਨ—ਮਾਰਗ ਦੱਸਣ ਵਾਲਾ ਧਰਮ ਹੈ।

ਇਥੇ ਮੈਂ ਇਹ ਕਹਿਣਾ ਚਾਹਾਂਗਾ ਕਿ ਸਾਡਾ ਮੰਤਵ ਕਿਸੇ ਦੂਸਰੇ ਮਜ਼ਹਬ ਨਾਲ ਤੁਲਣਾ ਕਰਨਾ ਨਹੀਂ ਹੋਣਾ ਚਾਹੀਦਾ। ਨਾ ਹੀ ਅਸੀਂ ਕਿਸੇ ਨੂੰ ਮਾੜਾ ਕਹੀਏ। ਸਾਡਾ ਕੰਮ ਆਪਣੇ ਬੱਚਿਆਂ ਨੂੰ ਇਹ ਦੱਸਣਾ ਹੈ ਕਿ ਗੁਰਬਾਣੀ ਸਾਰੀ ਮਨੁੱਖਤਾ ਲਈ ਇਕ ਅਦੁੱਤੀ ਚਾਨਣ ਮੁਨਾਰਾ ਹੈ ਅਤੇ ਅੱਜ ਦੀ ਸਾਇੰਸ ਦੇ ਵਿਰੁੱਧ ਨਹੀਂ ਹੈ। ਇਹ ਕੰਮ ਅਸੀਂ ਤਾਂ ਕਰ ਸਕਦੇ ਹਾਂ ਜੇ ਪਹਿਲੇ ਸਾਨੂੰ ਖ਼ੁਦ ਨੂੰ ਇਤਨੀ ਸੋਝੀ ਹੋਵੇ, ਫਿਰ ਸਾਡਾ ਜੀਵਨ ਬਤੌਰ ਅਧਿਆਪਕ, ਕਾਨੂੰਨ-ਦਾਨ ਜਾਂ ਲੀਡਰ ਹੋਣ ਦੇ, ਇਤਨਾ ਉੱਚਾ ਹੋਵੇ ਕਿ ਆਉਣ ਵਾਲੀ ਨਸਲ ਸਾਡੇ ਆਚਰਣ ਤੋਂ ਪ੍ਰਭਾਵਿਤ ਹੋ ਕੇ ਸਾਡੀ ਗਲ ਮੰਨਣ ਲਈ ਮਜਬੂਰ ਹੋ ਜਾਵੇ।



Sri Satguru Jagjit Singh Ji eLibrary NamdhariElibrary@gmail.com

# ਅਜੋਕੀ ਸਿੱਖ ਵਿਦਿਆ ਪ੍ਰਣਾਲੀ ਕਿਹੋ ਜਿਹੀ ਹੋਵੇ

ਡਾ: ਐਚ. ਕੇ.ਮਨਮੋਹਨ ਸਿੰਘ ਪਟਿਆਲਾ

ਅਜੋਕੇ ਯੁਗ ਵਿਚ ਸਿੱਖਿਆ ਨੂੰ ਆਮ ਕਰਕੇ ਅਤੇ ਸਿੱਖ ਵਿਦਿਅਕ ਸੰਸਥਾਵਾਂ ਨੂੰ ਵਿਸ਼ੇਸ਼ ਕਰਕੇ ਕਈ ਪ੍ਰਕਾਰ ਦੀਆਂ ਨਵੀਆਂ ਵੰਗਾਰਾਂ ਅਤੇ ਸਮੱਸਿਆਵਾਂ ਦਰਪੇਸ਼ ਹਨ। ਇਨ੍ਹਾਂ ਚੁਣੌਤੀਆਂ ਨਾਲ ਨਾ ਕੇਵਲ ਪੰਜਾਬ ਸਗੋਂ ਦੇਸ਼ ਦਾ ਭਵਿੱਖ ਜੁੜਿਆ ਹੋਇਆ ਹੈ ।

ਮੋਟੇ ਅਰਥਾਂ ਵਿਚ ਵਿਦਿਆ ਦਾ ਸੰਬੰਧ ਚਰਿੱਤਰ ਨਿਰਮਾਣ ਦੀ ਪ੍ਰਕਿਰਿਆ ਨਾਲ ਹੈ, ਪਰ ਇਹ ਸਮਝਣਾ ਇੰਨਾ ਸੁਖਾਲਾ ਨਹੀਂ । ਵਿੱਦਿਆ ਦੇ ਪ੍ਰਭਾਵ ਨੂੰ ਸਮੇਂ ਅਤੇ ਸਥਾਨ ਦੀਆਂ ਹੱਦਾਂ ਵਿਚ ਰੱਖ ਕੇ ਨਾਪਿਆ ਤੋਲਿਆ ਨਹੀਂ ਜਾ ਸਕਦਾ । ਸੁਤੰਤਰਤਾ ਉਪਰੰਤ ਸਿੱਖਿਆ ਪ੍ਰਣਾਲੀ ਜਿਸ ਢੰਗ ਨਾਲ ਵਿਕਸਤ ਹੋਈ ਹੈ, ਉਸ ਨਾਲ ਇਹ ਦਿਸ਼ਾਹੀਣ ਵੀ ਹੋ ਗਈ ਹੈ ਤੇ ਮੰਤਵ–ਹੀਨ ਵੀ। ਕਿਉਂਕਿ ਸਿੱਖ ਵਿਦਿਅਕ ਸੰਸਥਾਵਾਂ ਦਾ ਨੈਤਿਕ ਆਧਾਰ ਵਧੇਰੇ ਸ਼ਕਤੀਸ਼ਾਲੀ ਰਿਹਾ ਹੈ, ਇਸ ਲਈ ਇਸ ਪੱਖੋਂ ਇਨ੍ਹਾਂ ਦੀ ਮੁਕਾਬਲਤਨ ਵਧੇਰੇ ਗਿਲਾਨੀ ਹੋਈ ਹੈ। ਵਿਦਵਾਨਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਤਰੀਕਿਆਂ ਅਤੇ ਸਾਧਨਾਂ ਬਾਰੇ ਸੋਚਣ ਜਿਨ੍ਹਾਂ ਨਾਲ ਸਿੱਖ ਸੰਸਥਾਵਾਂ ਨੂੰ ਬਲ ਮਿਲ ਸਕੇ ਤਾਂ ਜੋ ਇਹ ਕੌਮ ਨੂੰ ਸ਼ਦਾਚਾਰਕ , ਸਾਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਉੱਚਾ ਚੁਕਣ ਵਿਚ ਆਪਣਾ ਯੋਗਦਾਨ ਦੇ ਸਕਣ । ਸਿੱਖ ਕੌਮ ਨੂੰ ਇਹ ਨਿਸਚਿਤ ਕਰਨਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਦੀਆਂ ਨਵੀਆਂ ਸੰਸਥਾਵਾਂ ਖੋਲੀਆਂ ਜਾਣ ਤਾਂ ਜੋ ਇਹ ਸਿੱਖਿਆ ਪ੍ਰਣਾਲੀ ਸਮੁੱਚੇ ਤੌਰ 'ਤੇ ਕੌਮ ਦੀਆਂ ਵਧ ਰਹੀਆਂ ਲੋੜਾਂ ਦੀ ਪੂਰਤੀ ਕਰ ਸਕੇ ।

ਆਧੁਨਿਕ ਸਕੂਲਾਂ ਤੇ ਕਾਲਜਾਂ ਨੂੰ ਪਹਿਲਾਂ ਪਹਿਲ ਚਰਚ ਨੇ ਈਸਾਈ ਮੱਤ ਦੇ ਪ੍ਰਚਾਰ ਲਈ ਸਥਾਪਿਤ ਕੀਤਾ ਸੀ । ਜਿਹੜੇ ਸੱਜਣਾਂ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਉਹ ਇਸੇ ਵਾਸਤੇ ਪ੍ਰੋਫੈਸਰ ਅਖਵਾਏ ; ਜਿਨ੍ਹਾਂ ਨੇ ਇਸ ਵਿਚ ਹੋਰ ਤਰ੍ਹਾਂ ਦੀ ਦਿਲਚਸਪੀ ਲਈ ਉਨ੍ਹਾਂ ਨੂੰ ਕੈਨਨਜ਼ , ਫੈਲੋਜ਼ ਅਤੇ ਸਟੂਡੈਂਟ ਕਿਹਾ ਗਿਆ । ਆਕਸਫੋਰਡ ਦੇ ਕ੍ਰਾਈਸਟ ਚਰਚ ਵਿਚ ਕਾਲਜ ਫੈਕਲਟੀ ਦੇ ਕਈ ਮੈਂਬਰਾਂ ਨੂੰ ਅਜੇ ਵੀ ਸਟੂਡੈਂਟ ਦੇ ਤੌਰ ਤੇ ਜਾਣਿਆ ਜਾਂਦਾ ਹੈ। ਮੈਂ ਇਹ ਪਿਛੋਕੜ ਇਸ ਨੁਕਤੇ ਨੂੰ ਉਭਾਰਨ ਲਈ ਦੇ ਰਿਹਾ ਹਾਂ ਕਿ ਆਧੁਨਿਕ ਵਿਦਿਅਕ ਅਦਾਰੇ, ਸਮਾਜ ਨੇ ਮੂਲ ਤੌਰ 'ਤੇ ਉਨ੍ਹਾਂ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਬਣਾਏ ਸਨ, ਜਿਨ੍ਹਾਂ ਨੂੰ ਸਮਾਜ ਸਥਾਈ ਤੇ ਸਦੀਵੀ ਸਮਝਦਾ ਸੀ । ਇਹ ਵੱਖਰੀ ਗੱਲ ਹੈ ਕਿ ਈਸਾਈ ਸਮਾਜ ਵਿਚ ਇਨ੍ਹਾਂ ਕਦਰਾਂ ਕੀਮਤਾਂ ਦਾ ਮੁੱਖ ਪ੍ਰਯੋਜਨ ਪਵਿੱਤਰ ਬਾਈਬਲ ਦੇ ਸਿਧਾਂਤਾਂ ਨੇ ਪ੍ਰਦਾਨ ਕੀਤਾ । ਕਰੀਬ ਪੰਜਾਹ ਸਾਲ ਪਹਿਲਾਂ ਜਦੋਂ ਮੈਂ ਖ਼ਾਲਸਾ ਸਕੂਲ ਦਾ ਵਿਦਿਆਰਥੀ ਸਾਂ, ਉਥੇ ਧਾਰਮਿਕ ਸਿਖਿਆ ਦਾ ਇਕ ਜ਼ਰੂਰੀ ਵਿਸ਼ਾ ਸੀ, ਭਾਵੇਂ ਉਹ ਪ੍ਰਾਂਤਕ ਏਜੰਸੀਆਂ ਦੁਆਰਾ ਪ੍ਰਵਾਨਿਤ ਪਾਠ–ਕ੍ਰਮ ਦਾ ਹਿੱਸਾ ਨਹੀਂ ਸੀ । ਕਦਰਾਂ–ਕੀਮਤਾਂ ਦੇ ਪੱਖੋਂ ਸਾਡੀਆਂ ਸੰਸਥਾਵਾਂ ਨੇ ਹੱਦ ਤੋਂ ਜ਼ਿਆਦਾ ਨੁਕਸਾਨ ਉਠਾਇਆ ਹੈ । ਭਾਰਤ ਸਰਕਾਰ ਦੁਆਰਾ 1964 ਵਿਚ ਨਿਯੁਕਤ ਕੀਤੇ ਗਏ ਇਸ ਐਜੂਕੇਸ਼ਨ ਕਮਿਸ਼ਨ ਨੇ ਆਪਣੀਆਂ ਸਿਫਾਰਸ਼ਾਂ ਵਿਚ ਨੈਤਿਕ ਸਿੱਖਿਆ ਤੇ ਜ਼ੋਰ ਦਿੱਤਾ ਸੀ । ਪਰ ਇਸ ਦੀ ਇਹ ਸਿਫਾਰਸ਼ ਅਵੱਗਿਆ ਦੀ ਹੱਦ ਤੱਕ ਵਿਸਾਰੀ ਜਾ ਚੁੱਕੀ ਹੈ । ਸਾਡੇ ਸਿੱਖਿਆ ਯੋਜਨਾਕਾਰਾਂ ਨੇ ਜ਼ਿਦ ਕਰਕੇ ਨੈਤਿਕ ਸਿੱਖਿਆ



Sri Satguru Jagjit Singh Ji eLibrary NamdhariElibrary@gmail.com

ਨੂੰ ਅਤੇ ਵਿਸ਼ੇਸ਼ ਕਰਕੇ ਇਸ ਦੇ ਧਾਰਮਿਕ ਅੰਸ਼ਾਂ ਨੂੰ ਆਪਣੀ ਆਧੁਨਿਕੀ ਕਰਨ ਦੀ ਦੌੜ ਦੇ ਉਲਟ ਸਮਝਿਆ ਹੈ । ਅਜੋਕੀ ਵਿਗਿਆਨਕ ਤੇ ਤਕਨੀਕੀ ਸਿੱਖਿਆ ਦਾ ਮੂਲ ਤੱਤ ਪਦਾਰਥਵਾਦ ਹੈ । ਪਰ ਸਿੱਖ ਮਤ ਵਿਚ ਅਧਿਆਤਮਵਾਦ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਪਦਾਰਥਵਾਦ ਅਤੇ ਅਧਿਆਤਮਵਾਦ ਨੂੰ ਇਕ ਦੂਜੇ ਦੇ ਪੂਰਕ ਮੰਨਣ ਦੀ ਬਜਾਏ ਵਿਰੋਧੀ ਮੰਨਿਆ ਜਾਂਦਾ ਹੈ। ਹੱਥੀਂ ਕੰਮ ਕਰਨ ਦਾ ਅਰਥ ਹੈ ਹੱਥਾਂ ਦਾ ਮੈਲਾ ਹੋਣਾ ਜਿਸ ਨੂੰ ਮਾਨਯੋਗ ਨਹੀਂ ਸਮਝਿਆ ਜਾਂਦਾ । ਇਸ ਲਈ ਅਜਿਹੇ ਅਪਮਾਨਜਨਕ ਕਾਰਜ ਸਿਰਫ ਅਨਪੜ੍ਹਾਂ ਜ਼ਿੰਮੇ ਲਾਏ ਜਾਂਦੇ ਹਨ । ਰਾਜਿਆਂ ਤੇ ਮਹਾਂਰਾਜਿਆਂ ਦੀ ਸੇਵਾ ਵਿਚ ਪੇਸ਼ਾਵਰ ਕਲਮਕਾਰ ਹੁੰਦੇ ਸਨ। ਦੂਜੇ ਲੋਕ ਵੀ ਉਨ੍ਹਾਂ ਨੂੰ ਉਜਰਤ ਦੇ ਕੇ ਰੱਖ ਸਕਦੇ ਸਨ । ਇਤਿਹਾਸਕਾਰ ਦੱਸਦੇ ਹਨ ਕਿ ਚੀਨ, ਮਿਸਰ, ਯੂਨਾਨ ਤੇ ਭਾਰਤ ਦੀਆਂ ਮਹਾਨ ਸਭਿਆਤਾਵਾਂ ਦੇ ਨਿਸਫਲ ਹੋ ਜਾਣ ਦਾ ਕਾਰਨ ਹੀ ਇਹ ਸੀ ਕਿ ਇਨ੍ਹਾਂ ਵਿਚ ਹੱਥੀਂ ਕੀਤੀ ਕਿਰਤ ਲਈ ਕੋਈ ਸਤਿਕਾਰ ਨਹੀਂ ਸੀ ਰਿਹਾ। ਇਸੇ ਕਰਕੇ ਇਥੇ ਕੋਈ ਸਨਅਤੀ ਇਨਕਲਾਬ ਨਹੀਂ ਆ ਸਕਿਆ ।

ਲੋਕ ਸੇਵਾ, ਜਿਸ ਨੂੰ ਸਾਡੀਆਂ ਸਭਨਾਂ ਸਾਮਾਜਿਕ ਤੇ ਧਾਰਮਿਕ ਲਹਿਰਾਂ ਨੇ ਮੰਨਿਆ ਸੀ ਉਹ ਸਾਡੇ ਵਿਦਿਅਕ ਅਦਾਰਿਆਂ ਵਿਚੋਂ ਲਗਭਗ ਅਲੋਪ ਹੋ ਚੁੱਕੀ ਹੈ । ਕੌਮੀ ਸੇਵਾ ਪਰਿਯੋਜਨਾ ਤੇ ਇਸ ਵਰਗੀਆਂ ਹੋਰ ਸਕੀਮਾਂ ਨੇ ਇਸ ਨੂੰ ਪੁਨਰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਪਰ ਇਨ੍ਹਾਂ ਦਾ ਪ੍ਰਭਾਵ ਸੀਮਿਤ ਜਿਹਾ ਹੀ ਹੈ ।

ਕਦਰਾਂ-ਕੀਮਤਾਂ ਲਈ ਪ੍ਰਤੀਬੱਧਤਾ ਵਿਚ ਜੋ ਨਿਘਾਰ ਆਇਆ ਹੈ ਉਸ ਦਾ ਇਕ ਕਾਰਨ ਜਗਤ ਵਿਚ ਪੱਛਮੀ ਦੇਸ਼ਾਂ ਦੇ ਵਿਕਾਸ ਮਾਡਲਾਂ ਨੂੰ ਲਾਗੂ ਕਰਨਾ ਹੈ । ਇਹ ਮਾਡਲ ਮਨੁੱਖੀ ਗੁਣਾਂ ਨੂੰ ਵਿਕਸਿਤ ਕਰਨ ਦੀ ਬਜਾਏ ਪਦਾਰਥਕ ਗੱਲਾਂ ਤੇ ਵਧੇਰੇ ਜ਼ੋਰ ਦਿੰਦੇ ਹਨ ਅਤੇ ਆਮ ਤੌਰ ਤੇ ਨੈਤਿਕ, ਸਾਮਾਜਿਕ ਤੇ ਧਾਰਮਿਕ ਕਦਰਾਂ ਕੀਮਤਾਂ ਤੋਂ ਲਾਪਰਵਾਹੀ ਕਰਦੇ ਹਨ। ਨਤੀਜੇ ਵਜੋਂ ਅਜਿਹਾ ਮਾਹੌਲ ਬਣ ਜਾਂਦਾ ਹੈ ਜਿਥੇ ਵਿਅਕਤੀ ਖੁਦਗਰਜ਼ ਹੋ ਕੇ ਅਜਿਹੀ ਸਭਿਅਤਾ ਨੂੰ ਵਿਕਸਿਤ ਕਰਦੇ ਹਨ ਜੋ ਮਾਨਵੀ ਘੱਟ ਤੇ ਮਕਾਨਕੀ ਵਧੇਰੇ ਹੁੰਦੀ ਹੈ ।

ਸਾਡੀ ਵਿਦਿਅਕ ਗਤੀ ਵਿਧੀ ਦੇ ਦੋ ਪ੍ਰਮੁੱਖ ਨਿਸ਼ਾਨੇ ਹਨ । ਪਹਿਲਾ ਮਾਨਸਿਕ ਸ਼ਕਤੀਆਂ ਦਾ ਵਿਕਾਸ ਅਤੇ ਦੂਜਾ ਆਰਥਿਕ ਉਸਾਰੀ ਲਈ ਯੋਗਤਾ ਪੈਦਾ ਕਰਨਾ । ਇਨ੍ਹਾਂ ਦੋ ਮੁਦਿਆਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ । ਪਰ ਇਹ ਤਾਂ ਸਪੱਸ਼ਟ ਹੀ ਹੈ ਕਿ ਸਾਡੇ ਵਰਗੇ ਗਰੀਬ ਸਮਾਜ ਵਿਚ ਵੱਖ-ਵੱਖ ਕਾਰਜਾਂ ਲਈ ਮੁਹਾਰਤ ਪੈਦਾ ਕਰਨ ਉੱਤੇ ਜ਼ੋਰ ਦੇਣਾ ਚਾਹੀਦਾ ਹੈ । ਪੰਜਾਬ ਵਿਚ ਤਾਂ ਪਹਿਲਾਂ ਹੀ ਪੜ੍ਹੇ ਲਿਖੇ ਬੇਰੁਜਗਾਰਾਂ ਦੀ ਗਿਣਤੀ ਦੀ ਦਰ ਰੁਜ਼ਗਾਰ ਦਰ ਨਾਲੋਂ ਪ੍ਰਤੱਖ ਤੌਰ 'ਤੇ ਵਧਦੀ ਜਾ ਰਹੀ ਹੈ । ਮਰਦਮ ਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਦੀ ਵਸੋਂ ਦਾ 76.3 ਫ਼ੀਸਦੀ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਹੈ । ਇਹ ਕਿਸੇ ਵਿਸ਼ੇਸ਼ ਸੂਬੇ 'ਚ ਰਹਿਣ ਵਾਲੇ ਭਾਸ਼ਾਈ ਸਮੂਹ ਦੀ ਸਭ ਤੋਂ ਘੱਟ ਫੀਸਦੀ ਹੈ ਜਿਸ ਦਾ ਮਤਲਬ ਹੈ ਕਿ ਪੰਜਾਬੀਆਂ ਦਾ ਰੁਝਾਨ ਬਾਹਰ ਵਲ ਨੂੰ ਹੈ । ਪੰਜਾਬੀਆਂ ਲਈ ਰੁਜ਼ਗਾਰ ਦੇ ਦੋ ਸੋਮੇ ਸਨ—ਫ਼ੌਜ ਵਿਚ ਭਰਤੀ ਹੋਣਾ ਤੇ ਪੱਛਮੀ ਏਸ਼ੀਆ ਤੇ ਅਫਰੀਕਨ ਮੁਲਕਾਂ ਵਲ ਪਰਵਾਸ । ਅਫਸੋਸ ਦੀ ਗੱਲ ਹੈ ਕਿ ਇਹ ਦੋਵੇਂ ਸੋਮੇ ਅਲੋਪ ਹੋ ਰਹੇ ਹਨ—ਪਹਿਲਾ ਕੌਮੀ ਨੀਤੀ ਤਹਿਤ ਕੀਤੇ ਫੈਸਲਿਆਂ ਕਰਕੇ ਤੇ ਦੂਜਾ ਅੰਤਰ ਰਾਸ਼ਟਰੀ ਪੱਧਰ 'ਤੇ ਹੋ ਰਹੇ ਵਿਕਾਸ ਨਾਲ ਜੁੜੇ ਕਾਰਨਾਂ ਕਰਕੇ । ਇਸ ਨਾਲ ਪੜ੍ਹੇ ਲਿਖੇ ਲੋਕਾਂ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੋਰ ਗੰਭੀਰ ਹੋ ਜਾਵੇਗੀ, ਕਿਉਂਕਿ ਸਿੱਖਾਂ ਦੀ ਬਹੁਤ ਸਾਰੀ ਗਿਣਤੀ

ਪੰਜਾਬ ਵਿਚ ਸੀਮਤ ਹੈ, ਇਸ ਲਈ ਆਉਣ ਵਾਲੇ ਕੁਝ ਸਮੇਂ ਵਿਚ ਜੇ ਇਨ੍ਹਾਂ ਦੇ ਵਿੱਦਿਅਕ ਅਦਾਰੇ ਆਪਣੇ ਮੌਜੂਦਾ ਪ੍ਰੋਗਰਾਮਾਂ ਅਨੁਸਾਰ ਹੀ ਚਲਦੇ ਰਹੇ ਤਾਂ ਉਹ ਆਪਣੀ ਸਾਰਥਿਕਤਾ ਗੁਆ ਬੈਠਣਗੇ। ਸਿੱਖਾਂ ਦੀ ਵੱਡੀ ਲੋੜ ਹੈ ਕਿ ਉਹ ਇੰਜੀਨਰਿੰਗ, ਡਾਕਟਰੀ ਤੇ ਵਣਜ ਦੀ ਪੜ੍ਹਾਈ ਰਾਹੀਂ ਉਨ੍ਹਾਂ ਮੌਕਿਆਂ ਤੋਂ ਫਾਇਦਾ ਉਠਾਉਣ ਜੋ ਨਵੀਆਂ ਨੀਤੀਆਂ ਨੇ ਉਨ੍ਹਾਂ ਨੂੰ ਪ੍ਰਦਾਨ ਕੀਤੇ ਹਨ।

ਉਚੇਰੀ ਸਿੱਖਿਆ ਲਈ ਦਾਖਲ ਹੋਣ ਵਾਲੀਆਂ ਕੁੜੀਆਂ ਦੀ ਗਿਣਤੀ ਵਿਚ ਹੋਣ ਵਾਲਾ ਲਗਾਤਾਰ ਵਾਧਾ ਅਤੇ ਅਨੁਸੂਚਿਤ ਜਾਤੀਆਂ ਦੇ ਯੋਗ ਉਮੀਦਵਾਰਾਂ ਦੀ ਥੋੜ੍ਹੀ ਗਿਣਤੀ ਅਜਿਹੀਆਂ ਦੋ ਮਹੱਤਵਪੂਰਨ ਗੱਲਾਂ ਹਨ ਜਿਨ੍ਹਾਂ ਵਲ ਸਾਨੂੰ ਫੌਰੀ ਧਿਆਨ ਦੇਣਾ ਚਾਹੀਦਾ ਹੈ। ਇਸ ਸੰਬੰਧੀ ਸਾਨੂੰ ਆਪਣੇ ਸਿੱਖਿਆ ਪ੍ਰਬੰਧ ਵਿਚ ਲੋੜੀਂਦੀਆਂ ਬੁਨਿਆਦੀ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ। ਇਹ ਜਾਣੀ ਪਛਾਣੀ ਸਚਾਈ ਹੈ ਕਿ ਪੰਜਾਬ ਵਿਚ ਔਰਤਾਂ ਦੀ ਪੜ੍ਹਾਈ ਕਾਫੀ ਪਹਿਲਾਂ ਸ਼ੁਰੂ ਹੋ ਗਈ ਸੀ ਜਿਸ ਦਾ ਵੱਡਾ ਕਾਰਨ ਸਿੱਖ ਗੁਰੂ ਸਾਹਿਬਾਨ ਦੀ ਦਾਰਸ਼ਨਿਕ ਵਿਚਾਰਧਾਰਾ ਹੈ। ਇਸ ਕਾਰਜ ਨੂੰ ਬਾਅਦ ਵਿਚ ਸਿੰਘ ਸਭਾ ਲਹਿਰ ਨੇ ਸਾਰਥਕ ਰੂਪ ਦਿੱਤਾ। ਤਾਜ਼ਾ ਤਰੀਨ ਅੰਕੜੇ ਦੱਸਦੇ ਹਨ ਕਿ ਦਾਖਲਾ ਲੈਣ ਵਾਲੇ ਕੁਲ ਵਿਦਿਆਰਥੀਆਂ ਦਾ 31 ਫੀਸਦੀ ਕੁੜੀਆਂ ਹਨ। ਫਿਲਹਾਲ ਕਲਿਆਣਕਾਰੀ, ਰਿਹਾਇਸ਼ੀ ਡਾਕਟਰੀ ਸਹਾਇਤਾ ਅਤੇ ਖੇਡਾਂ ਆਦਿ ਦੇ ਖੇਤਰਾਂ ਵਿਚ ਮੁੰਡਿਆਂ ਨਾਲੋਂ ਕੁੜੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਘੱਟ ਹਨ। ਇਸੇ ਤਰ੍ਹਾਂ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਪ੍ਰਤਿਸ਼ਤਤਾ ਮੁਲਕ ਦੇ ਬਾਕੀ ਸੂਬਿਆਂ ਨਾਲੋਂ ਸਭ ਤੋਂ ਵਧ ਹੈ (ਲਗਭਗ 27 ਫੀਸਦੀ), ਪਰ ਉਨ੍ਹਾਂ ਦੀ ਸਾਖਰਤਾ ਦੀ ਦਰ ਪ੍ਰਦੇਸ਼ ਦੇ ਦੂਸਰੇ ਸਾਮਾਜਿਕ ਸਮੂਹਾਂ ਨਾਲੋਂ ਘੱਟ ਹੈ। (ਕੇਵਲ 16 ਫ਼ੀਸਦੀ) ਉਚੇਰੀ ਸਿੱਖਿਆ ਵਿਚ ਉਨ੍ਹਾਂ ਦੇ ਦਾਖ਼ਲੇ 5 ਫ਼ੀਸਦੀ ਨਾਲੋਂ ਵਧ ਨਹੀਂ ਹਨ।

ਯੂਨੈਸਕੋ ਨੇ ਇਕ ਅਜਿਹੀ ਖੋਜ ਰਾਹੀਂ ਸਿੱਖਿਆ ਦੇ ਤਿੰਨ ਨਵੇਂ ਪੱਖਾਂ ਵੱਲ ਸਾਡਾ ਧਿਆਨ ਖਿੱਚਿਆ ਹੈ। ਪਹਿਲਾਂ, 'ਮਨੁੱਖਤਾ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਵਿਸ਼ਵ ਪੱਧਰ 'ਤੇ ਸਿੱਖਿਆ ਦਾ ਵਿਕਾਸ ਆਰਥਿਕਤਾ ਤੋਂ ਪਿੱਛੋਂ ਨਹੀਂ ਸਗੋਂ ਪਹਿਲਾਂ ਹੋਇਆ ਹੈ'। ਦੂਜਾ, 'ਇਤਿਹਾਸ ਵਿਚ ਪਹਿਲੀ ਵਾਰ, ਸਿੱਖਿਆ, ਲੋਕਾਂ ਨੂੰ ਉਸ ਤਰ੍ਹਾਂ ਦੇ ਸਮਾਜ ਵਾਸਤੇ ਤਿਆਰ ਕਰ ਰਹੀ ਹੈ ਜੋ ਹਾਲੀ ਵਜੂਦ ਵਿਚ ਹੀ ਨਹੀਂ ਆਇਆ'। ਤੀਜੇ, 'ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਈ ਸਮਾਜਾਂ ਨੇ ਸੰਸਥਾਪਿਤ ਸਿਖਿਆ ਸੰਸਥਾਵਾਂ ਦੁਆਰਾ ਤਿਆਰ ਕੀਤੇ ਵਿਅਕਤੀਆਂ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ ਹੈ'। ਇਹ ਤੱਥ ਇਸ ਗੱਲ ਦੀ ਲੋੜ ਨੂੰ ਪੁਖ਼ਤਗੀ ਨਾਲ ਸਿੱਧ ਕਰਦੇ ਹਨ ਕਿ ਸਾਡੇ ਸਿੱਖਿਆ ਪ੍ਰੋਗਰਾਮਾਂ ਨੂੰ ਸਾਵਧਾਨੀ ਨਾਲ ਵਿਉਂਤਬੱਧ ਕੀਤਾ ਜਾਵੇ। ਭਾਵੇਂ ਰਾਜ ਯੋਜਨਾ ਬੋਰਡ ਰਾਜ ਦੀ ਇਕ ਵਿਵਸਥਿਤ ਸੰਸਥਾ ਵਜੋਂ 1970 ਦੇ ਸ਼ੁਰੂ ਤੋਂ ਕੰਮ ਕਰ ਰਿਹਾ ਹੈ, ਪਰ ਅੱਜ ਤੱਕ ਰਾਜ ਕੋਲ ਕੋਈ ਮਨੁੱਖੀ-ਸ਼ਕਤੀ ਬਾਰੇ ਬਜਟ ਨਹੀਂ ਹੈ, ਜਿਸ ਦੇ ਫਲਸਰੂਪ ਕਿਸੇ ਨੂੰ ਮਾੜਾ ਮੋਟਾ ਵੀ ਇਹ ਖ਼ਿਆਲ ਆ ਸਕੇ ਕਿ ਭਵਿੱਖ ਵਿਚ ਸਾਨੂੰ ਕਿਹੋ ਜਿਹੇ ਨਿਪੁੰਨ ਕਾਰਜ ਕਰਤਾ ਚਾਹੀਦੇ ਹੋਣਗੇ ਤਾਂ ਜੋ ਸਿੱਖਿਆ ਪ੍ਰਬੰਧ ਉਹੋ ਜਿਹੇ ਪ੍ਰੋਗਰਾਮ ਉਲੀਕ ਸਕੇ ਜਿਨ੍ਹਾਂ ਨਾਲ ਰੁਜ਼ਗਾਰ ਦੀ ਚੰਗੇ ਮੌਕੇ ਪ੍ਰਦਾਨ ਕੀਤੇ ਜਾ ਸਕਣ। ਆਪਣੇ ਵਿਕਾਸ ਕਾਰਜਾਂ ਦੇ ਖ਼ਰਚੇ ਦਾ ਲਗਪਗ ਇਕ ਤਿਹਾਈ ਹਿੱਸਾ (32.07% 1986-87 ਅਤੇ 29.80% 1988-89) ਸਿੱਖਿਆ ਉੱਤੇ ਖ਼ਰਚ ਕਰਨ ਦੇ ਬਾਵਜੂਦ ਰਾਜ ਦੀ ਇਸ ਬਾਰੇ ਬੇਰੁਖ਼ੀ ਸਮਝ ਵਿਚ ਨਹੀਂ ਆਉਂਦੀ।

ਯੂਨੇਸਕੋ ਦੀ ਖੋਜ ਦੇ ਨਾਲ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਗਿਆਨ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ ਤੇ ਜੋ ਸਾਡੇ ਵਿਦਿਅਕ ਅਦਾਰੇ ਮੌਜੂਦਾ ਸਮੇਂ ਪੜ੍ਹਾ ਰਹੇ ਹਨ, ਉਹ ਤਾਂ ਵਿਸ਼ੇਸ਼ ਤੌਰ 'ਤੇ ਸਾਇੰਸ ਦਾ ਗਿਆਨ ਹਰ 15 ਸਾਲ ਮਗਰੋਂ ਦੁੱਗਣਾ ਹੋ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੋ ਕੁਝ ਕੋਈ ਅੱਜ ਸਿੱਖਦਾ ਹੈ ਉਸ ਦਾ ਅੱਧਾ ਤਾਂ ਛੇ ਸੱਤ ਸਾਲ ਮਗਰੋਂ ਉਸ ਲਈ ਬੇਲੋੜਾ ਹੋ ਜਾਵੇਗਾ। ਮੈਂ ਹੁਣ ਤੱਕ ਉਠਾਏ ਗਏ ਮੁੱਖ ਮੁੱਦਿਆਂ ਨੂੰ ਸਾਰ ਰੂਪ ਵਿਚ ਕਹਿਣਾ ਚਾਹਾਂਗਾ।

ਪਹਿਲਾ, ਸਾਡੀ ਸਿੱਖਿਆ ਪ੍ਰਣਾਲੀ ਨੇ, ਕਦਰਾਂ-ਕੀਮਤਾਂ ਦੇ ਪੱਖੋਂ ਬਹੁਤ ਕੁਝ ਗੁਆ ਲਿਆ ਹੈ। ਮਲਕ ਭਾਗੋ ਤੇ ਭਾਈ ਲਾਲੋ ਦੀ ਸਾਖੀ ਅਤੇ ਇਹ ਤੱਥ ਕਿ ਦਸਮੇਸ਼ ਪਿਤਾ ਨੇ ਉਸ ਅਮੀਰ ਆਦਮੀ ਦੀ ਭੇਟਾ ਹੀ ਕਬੂਲ ਕਰਨੋਂ ਨਾਂਹ ਕਰ ਦਿੱਤੀ ਸੀ ਜਿਸ ਨੇ ਸਾਰੀ ਉਮਰ ਗ਼ਰੀਬਾਂ ਤੇ ਨਿਤਾਣਿਆਂ ਦੀ ਕੋਈ ਸੇਵਾ ਨਹੀਂ ਸੀ ਕੀਤੀ; ਹੁਣ ਸਿਰਫ਼ ਕਥਨੀ ਦੀਆਂ ਗੱਲਾਂ ਹੀ ਰਹਿ ਗਈਆਂ ਹਨ, ਕਰਨੀ ਦੀਆਂ ਨਹੀਂ। ਮੁੱਲਾਂ ਦੀ ਨਵੇਂ ਸਿਰਿਉਂ ਉਸਾਰੀ ਹੋਵੇ ਤਾਂ ਜੋ ਇਮਾਨਦਾਰੀ ਨਾਲ ਕੀਤੀ ਸਖ਼ਤ ਮਿਹਨਤ ਅਤੇ ਹੱਥੀਂ ਕੀਤੀ ਕਿਰਤ ਅਤੇ ਸਮਾਜ ਸੇਵਾ ਦੇ ਉਮਾਹ ਦਾ ਆਦਰ ਬਹਾਲ ਹੋਵੇ, ਮੁੱਖ ਕਾਰਜ ਹੈ ਜਿਸ ਵਲ ਸਾਨੂੰ ਫੌਰੀ ਧਿਆਨ ਦੇਣ ਦੀ ਲੋੜ ਹੈ। ਇਸ ਨਾਲ ਅਸੀਂ ਸਿੱਖ ਸਮਾਜ ਨੂੰ ਇਸ ਵਿਚ ਹੋ ਰਹੀ ਲਗਾਤਾਰ ਗਿਰਾਵਟ ਤੋਂ ਬਚਾ ਸਕਦੇ ਹਾਂ।

ਸਿੱਖਿਆ ਇਕ ਕੋਮਲ ਕਲਾ ਹੈ। ਜੋਨ ਰਸਕਿਨ ਜੋ ਇੱਕ ਅੰਗਰੇਜ਼ ਕਲਾ ਆਲੋਚਕ ਤੇ ਸਮਾਜ ਸੁਧਾਰਕ ਸਨ, ਦੱਸਦੇ ਹਨ ਕਿ ਕੋਮਲ ਕਲਾ ਵਿੱਚ ਹੱਥ, ਸਿਰ ਅਤੇ ਦਿਲ ਇਕੱਠੇ ਹੋ ਕੇ ਤੁਰਦੇ ਹਨ।

ਕਦਰਾਂ-ਕੀਮਤਾਂ ਦੇ ਪਤਨ ਦਾ ਦੂਜਾ ਕਾਰਨ ਪੱਛਮੀ ਸਭਿਆਚਾਰਾਂ ਤੋਂ ਉਧਾਰੇ ਲਏ ਵਿਚਾਰਾਂ ਤੇ ਚਿੰਤਨਾਂ ਦੀ ਵਰਤੋਂ ਹੈ। ਉੱਨਤ ਉਦਯੋਗਿਕ ਅਰਥਚਾਰਿਆਂ ਵਿਚ ਵਿਕਸਿਤ ਹੋ ਰਹੇ ਵਿਗਿਆਨਕ ਗਿਆਨ ਵਲ ਜੇ ਆਪਣੇ ਦਰਵਾਜ਼ੇ ਚੌਪਟ ਖੁੱਲ੍ਹੇ ਰੱਖਣੇ ਚਾਹੀਦੇ ਹਨ ਤਾਂ ਇਸ ਨਾਲ ਇਹ ਵੀ ਜ਼ਰੂਰੀ ਹੈ ਕਿ ਸਾਡੀਆਂ ਕਦਰਾਂ-ਕੀਮਤਾਂ ਦੀਆਂ ਜੜ੍ਹਾਂ, ਸਾਡੇ ਆਪਣੇ ਸਭਿਆਚਾਰ ਵਿਚ, ਪੁਖਤਗੀ ਨਾਲ ਲੱਗੀਆਂ ਹੋਣ। ਇਨ੍ਹਾਂ ਵਿਚ ਕੋਈ ਅਸੰਗਤੀ ਜਾਂ ਵਿਰੋਧ ਨਹੀਂ ਹੈ। ਅਸੀਂ ਸਿੱਖਿਆ ਦੇ ਵਿਗਿਆਨਕ ਤੇ ਆਧੁਨਿਕ ਸੰਕਲਪਾਂ ਨੂੰ ਲਾਹੇਵੰਦ ਢੰਗ ਨਾਲ ਵਰਤ ਕੇ ਮਾਨਵਤਾ ਲਈ ਅਦੁੱਤੀ ਪਦਾਰਥਕ ਉੱਨਤੀ ਦਾ ਦੌਰ ਲਿਆ ਸਕਦੇ ਹਾਂ; ਪਰ ਸਾਨੂੰ ਇਹ ਗੱਲ ਸਦਾ ਯਾਦ ਰਹੇ ਕਿ ਪੱਛਮੀ ਮਨ ਅਤੇ ਸਿੱਖਿਆ ਉੱਤੇ ਪਲੈਟੋ ਤੇ ਦੇਕਾਰਤ ਦੀ ਗਹਿਰੀ ਛਾਪ ਹੈ। ਉਨ੍ਹਾਂ ਨੇ ਮਨ ਤੇ ਸਰੀਰ ਨੂੰ ਵੱਖ ਵੱਖ ਕਰਕੇ ਵੇਖਿਆ ਜਿਸ ਨਾਲ ਪੱਛਮ ਨੇ ਬੌਧਿਕ ਤੇ ਵਿਗਿਆਨਕ ਸਿਖਰਾਂ ਨੂੰ ਤਾਂ ਛੋਹਿਆ, ਪਰ ਅਖ਼ੀਰ ਨੂੰ ਇਸ ਨੇ ਮੁੱਲਹੀਣਤਾ ਤੇ ਨਿਊਕਲਿਆਈ ਹੱਤਿਆ ਕਾਂਡ ਹੀ ਦਿੱਤੇ। ਸਰੀਰ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਦਾ ਹਰਿਮੰਦਰ ਸਮਝਿਆ—ਇਸੇ ਸਰੀਰ ਦਾ ਜਦੋਂ ਪਤਨ ਤੇ ਅਪਮਾਨ ਹੋਇਆ ਤਾਂ ਇਕ ਅਸੰਤੁਲਨ ਆ ਗਿਆ, ਜਿਸ ਕਰਕੇ ਫਰਾਇਡ ਨੂੰ ਮੰਨਣਾ ਪਿਆ ਕਿ ਪੱਛਮੀ ਸਭਿਅਤਾ 'ਬਿਮਾਰ' ਹੈ। ਅਜੇ ਵੀ ਇਹ ਸੰਭਵ ਹੈ ਕਿ ਪੱਛਮ ਦੀ ਆਧੁਨਿਕ ਵਿਗਿਆਨਕ ਵਿਸ਼ੇਸ਼ਗਤਾ ਨੂੰ ਪੂਰਬੀ ਪਰੰਪਰਾ ਦੇ ਜੀਵਨ ਤੇ ਗਿਆਨ ਦੀ ਸੰਯੁਕਤ ਦ੍ਰਿਸ਼ਟੀ ਵਿਸ਼ੇਸ਼ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿੱਖ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਨਾਲ ਮੇਲ ਲਿਆ ਜਾਵੇ। ਜ਼ੋਰ ਸਰਬੱਤ ਦੇ ਭਲੇ ਤੇ ਪਰਉਪਕਾਰ ਉੱਤੇ ਹੋਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

ਤੀਜੀ ਗੱਲ ਹੈ ਕਿ ਮਨੁੱਖੀ ਸ਼ਕਤੀ ਪਰਿਯੋਜਨਾ ਅਤੇ ਵਿਦਿਅਕ ਪ੍ਰੋਗਰਾਮਾਂ ਵਿਚਕਾਰ ਕੋਈ ਵਿਉਂਤਬੱਧ ਸੰਬੰਧ ਨਹੀਂ। ਸ਼੍ਰੋਮਣੀ ਕਮੇਟੀ ਚਾਹੇ ਤਾਂ ਵਿਸ਼ੇਸ਼ਗਾਂ ਦੀ ਇਕ ਕਮੇਟੀ ਨਿਯੁਕਤ ਕਰ ਸਕਦੀ ਹੈ ਜੋ ਇਹ ਪਤਾ ਲਾਵੇ ਕਿ ਨਵੀਆਂ ਸੰਸਥਾਵਾਂ ਖੋਲ੍ਹਣ, ਮੌਜੂਦਾ ਪ੍ਰੋਗਰਾਮਾਂ ਨੂੰ ਵਿਕਸਿਤ ਕਰਨ ਅਤੇ ਇਨ੍ਹਾਂ ਵਿਚ ਤਬਦੀਲੀ ਲਿਆਉਣ ਲਈ ਕਿੰਨੀ ਮਨੁੱਖੀ ਸ਼ਕਤੀ ਲੋੜੀਂਦੀ ਹੋਵੇਗੀ। ਕਿਉਂਕਿ ਫ਼ੌਜ ਇਸ ਖ਼ਿੱਤੇ ਦੀ ਮਨੁੱਖੀ ਸ਼ਕਤੀ ਨੂੰ ਰੋਜ਼ਗਾਰ ਮੁਹੱਈਆ ਕਰਨ ਦੀ ਮੁੱਖ ਸੰਸਥਾ ਹੈ। ਇਸ ਲਈ ਕਮੇਟੀ ਵਿਚ ਵਣਜ ਤੇ ਉਦਯੋਗ ਦੇ ਪ੍ਰਤੀਨਿਧਾਂ ਤੋਂ ਇਲਾਵਾ ਇਕ ਦੋ ਫ਼ੌਜੀ ਵਿਸ਼ੇਸ਼ਗ ਵੀ ਪਾਏ ਜਾ ਸਕਦੇ ਹਨ।

ਚੌਥਾ, ਸਾਰੀਆਂ ਸਿੱਖ ਸੰਸਥਾਵਾਂ ਦੇ ਵਿਦਿਅਕ ਪ੍ਰੋਗਰਾਮਾਂ ਦੇ ਤਾਲ-ਮੇਲ ਲਈ ਇਕ ਉੱਚ ਪੱਧਰੀ ਅਕਾਦਮਿਕ ਯੋਜਨਾ ਕਮੇਟੀ ਲੋੜੀਂਦੀ ਹੈ। ਨਵੇਂ ਪ੍ਰੋਗਰਾਮਾਂ ਵਿਚ ਇਹ ਗੱਲਾਂ ਸ਼ਾਮਿਲ ਹੋਣ: ਪ੍ਰਾਂਤਕ ਅਤੇ ਬੈਂਕਾਂ ਦੀਆਂ ਸੇਵਾਵਾਂ ਲਈ ਮੁਕਾਬਲੇ ਦੇ ਇਮਤਿਹਾਨਾਂ ਵਾਸਤੇ ਅਤੇ ਪੇਸ਼ਾਵਰ ਕੋਰਸਾਂ-ਜਿਵੇਂ ਡਾਕਟਰੀ, ਇੰਜੀਨੀਅਰਿੰਗ, ਵਣਜ ਵਿਵਸਥਾ ਤੇ ਕੰਪਿਊਟਰ ਵਿਗਿਆਨ ਆਦਿ ਵਿਚ ਦਾਖ਼ਲਾ ਲੈਣ ਲਈ, ਟਰੇਨਿੰਗ ਕੇਂਦਰ ਖੋਲ੍ਹੇ ਜਾਣ। ਇਹ ਖੇਤੀਬਾੜੀ ਯੂਨੀਵਰਸਿਟੀਆਂ ਦੀ ਐਕਸਟੈਨਸ਼ਨ ਸਰਵਿਸ ਦੇ ਬਰਾਬਰ ਹੋਣ। ਇਸ ਤਰ੍ਹਾਂ ਦੇ ਪ੍ਰਬੰਧ ਨਾਲ ਅਧਿਆਪਕਾਂ ਦੀਆਂ ਛੁੱਟੀਆਂ ਦੀ ਫ਼ੁਰਸਤ ਦਾ ਅਣਵਰਤਿਆ ਜਾਂ ਵਾਧੂ ਸਮਾਂ, ਜਮਾਤ ਦੇ ਕਮਰੇ ਵਿਚ ਅਤੇ ਪ੍ਰਯੋਗਸ਼ਾਲਾਵਾਂ ਵਿਚਲਾ ਸਮਾਂ ਵੀ ਕਾਫ਼ੀ ਲਾਹੇਵੰਦ ਢੰਗ ਨਾਲ ਵਰਤਿਆ ਜਾ ਸਕੇਗਾ।

ਪੰਜਵਾਂ ਸਿੱਖ ਕੌਮ ਨੈਤਿਕਤਾ ਨੂੰ ਸੁਰਜੀਤ ਕਰਨ ਦਾ ਪ੍ਰੋਗਰਾਮ ਆਪ ਚਲਾਵੇ, ਜੋ ਪੜ੍ਹੇ-ਲਿਖੇ ਯੁਵਕਾਂ ਨੂੰ ਸ਼ਰਾਬ ਤੇ ਹੋਰ ਨਸ਼ੀਲੀਆਂ ਦੁਆਈਆਂ ਦੀ ਵਰਤੋਂ ਕਰਨ ਤੋਂ ਮੋੜੇ। ਇਹ ਆਦਤ ਇਕ ਸਰਾਪ ਦੀ ਹੱਦ ਤਕ ਅੱਗੇ ਵਧ ਚੁਕੀ ਹੈ। ਹੁਣ ਤਾਂ ਇੰਜ ਜਾਪਦਾ ਹੈ ਕਿ ਕਿਸੇ ਨੂੰ ਇਸ ਦੀ ਚਿੰਤਾ ਹੀ ਨਹੀਂ-ਨਾ ਤਾਂ ਰਾਜ ਸਰਕਾਰ ਨੂੰ ਕਿਉਂਕਿ ਇਹ ਉਸ ਦੀ ਆਮਦਨੀ ਦਾ ਮੁੱਖ ਸੋਮਾ ਹੈ; ਅਤੇ ਨਾ ਹੀ ਕੌਮ ਨੂੰ ਜੋ ਹਰ ਸੁਧਾਰ ਲਈ ਸਰਕਾਰ ਤੋਂ ਆਸ ਰੱਖਣੀ ਚਾਹੀਦੀ ਹੈ। ਇਸ ਕਾਰਜ ਲਈ ਧਰਮਸ਼ਾਲਾਵਾਂ, ਆਸ਼ਰਮ ਅਤੇ ਅਕੈਡਮੀਆਂ ਵਰਗੀਆਂ ਅਨਉਪਚਾਰਕ ਸੰਸਥਾਵਾਂ ਨੂੰ ਵੀ ਵਰਤਿਆ ਜਾ ਸਕਦਾ ਹੈ।

ਅੰਤ ਵਿਚ ਮੈਂ ਇਹ ਗੱਲ ਜ਼ਰੂਰ ਕਹਿਣਾ ਚਾਹਾਂਗਾ ਕਿ ਅਸੀਂ ਵਿਦਿਅਕ ਪ੍ਰਣਾਲੀ ਵਿਚਲੇ ਸੰਕਟ ਨੂੰ ਹੱਲ ਕਰਨ ਦੇ ਸਮਰੱਥ ਹਾਂ। ਪਰ ਇਸ ਕਾਰਜ ਵਿਚ ਜੇ ਹੋਰ ਦੇਰ ਕੀਤੀ ਗਈ ਤਾਂ ਸ਼ਾਇਦ ਇਸ ਦਾ ਹੱਲ ਮੁਸ਼ਕਲ ਹੋ ਜਾਏ। ਸਮੇਂ ਦੀ ਵੰਗਾਰ ਨੂੰ ਕਬੂਲਣ ਦੀ ਕੌਮ ਦੀ ਸਮਰਥਾ ਵਿਚ ਮੈਨੂੰ ਪੂਰਾ ਵਿਸ਼ਵਾਸ ਹੈ।

-0-

ਗਿਆਨ ਸਿੱਖਣਾ ਤੇ ਸਿਖਾਉਣਾ ਸਿਰਫ਼ ਬ੍ਰਾਹਮਣ ਦੇ ਅਧਿਕਾਰ ਹੇਠ ਨਹੀਂ, ਸਗੋਂ ਹਰੇਕ ਮਨੁੱਖ ਦਾ ਇਸ 'ਤੇ ਅਧਿਕਾਰ ਹੈ। ਚਾਹੇ ਉਹ ਕਿਸੇ ਜਾਤ ਦਾ ਕਿਉਂ ਨਾ ਹੋਵੇ।

— ਗੁਰਪੁਰਵਾਸੀ ਬਾਬਾ ਅਜੀਤ ਸਿੰਘ ਬੇਦੀ

Sri Satguru Jagjit Singh Ji eLibrary NamdhariElibrary@gmail.com

# ਸਿੱਖ ਸਮਾਜ ਵਿਚ ਗਿਆਨ ਪ੍ਰਸਾਰਣ ਦੀ ਸਮੱਸਿਆ

## ਦਰਸ਼ਨ ਸਿੰਘ ਧਾਲੀਵਾਲ

ਮੈਂ ਅਮਰੀਕਾ ਵਿਚ ਪਿਛਲੇ ਕਈ ਸਾਲਾਂ ਤੋਂ ਦੇਖ ਰਿਹਾ ਹਾਂ ਕਿ ਪੀੜ੍ਹੀ ਦਾ ਪਾੜ ਐਸਾ ਪਿਆ ਹੈ ਕਿ ਉਹ ਹੁਣ ਕਮਿਊਨੀਕੇਸ਼ਨ ਗੈਪ ਬਣ ਗਿਆ ਹੈ । ਪੁੱਤਰ ਪਿਓ ਕੋਲ ਨਹੀਂ ਬੈਠਦਾ । ਦਾਦੀ ਕੋਲੋਂ ਪੋਤਰਾ ਕਹਾਣੀ ਸੁਣਦੇ-ਸੁਣਦੇ ਨਹੀਂ, ਸਗੋਂ ਚਲਦੇ ਟੀ. ਵੀ. ਵਿਚ ਹੀ ਘੂਕ ਸੌਂ ਜਾਂਦਾ ਹੈ । ਪੁਰਾਣੀਆਂ ਸਾਰੀਆਂ ਕੀਮਤਾਂ ਅਲੋਪ ਹੋ ਜਾਣ ਦਾ ਡਰ ਹੈ ।

ਘਰ ਟੁੱਟ ਰਹੇ ਹਨ ਅਤੇ ਟੱਬਰਾਂ ਵਿਚ ਤ੍ਰੇੜਾਂ ਪੈ ਗਈਆਂ ਹਨ । ਜਦ ਗੁਰੂ ਨਾਨਕ ਦੇਵ ਜੀ ਨੇ ਵਿੱਦਿਆ ਦਾ ਮੰਤਵ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਕਿਹਾ ਸੀ ਤਾਂ ਉਨ੍ਹਾਂ ਦਾ ਭਾਵ ਇਹ ਸੀ ਕਿ ਉਸ ਨੂੰ ਜਾਣੋ ਵਿਦਵਾਨ ਜਿਸ ਨੇ ਦੂਜੇ ਦਾ ਧਿਆਨ ਰਖਿਆ ਹੈ ।

ਮੈਨੂੰ ਚੀਨੀ ਅਖਾਣ ਯਾਦ ਆ ਰਿਹਾ ਜਿਸ ਦਾ ਭਾਵ ਹੈ: 'ਵਿਦਿਆ ਜੇ ਵਿਚਾਰ ਵਿਚ ਵਿਚਰ ਨਹੀਂ ਰਹੀ ਤਾਂ ਉਹ ਇਕ ਫ਼ਜ਼ੂਲ ਗੱਲ ਹੈ ।' ਆਈਨਸਟਾਇਨ ਨੇ ਇਕ ਵਾਰੀ ਕਿਹਾ ਸੀ ਕਿ ਮੈਂ ਤ੍ਰਭਕ ਜਾਂਦਾ ਹਾਂ ਇਹ ਦੇਖ ਕੇ ਸਭਯ ਮਨੁੱਖੀ ਹੋਂਦ ਦੇ ਥੰਮ ਆਪਣੀ ਪਕਿਆਈ ਗਵਾ ਚੁੱਕੇ ਹਨ । ਬੇਇਨਸਾਫ਼ੀ ਵਿਰੁੱਧ ਜੇ ਵਿਦਵਾਨ ਦਾ ਮੁੱਢਲਾ ਪ੍ਰਤੀਕਰਮ ਵੀ ਨਹੀਂ ਹੁੰਦਾ ਤਾਂ ਖਤਰਾ ਖੜਾ ਹੋ ਗਿਆ ਜਾਣੋ ਕਿ ਮਨੁੱਖ ਅਸਭਯ ਹੋ ਗਿਆ ਹੈ । ਨਾ-ਇਨਸਾਫ਼ੀ ਵਿਰੁੱਧ ਬੋਲਣ ਦਾ ਇਹ ਜਜ਼ਬਾ ਬਾਹਰ ਝਾਕਿਆ ਨਹੀਂ ਅੰਦਰ ਝਾਕਿਆ ਹੀ ਆਉਣਾ ਹੈ । ਉਹ ਮੋਇਆਂ ਸਮਾਨ ਹੈ, ਜਿਸ ਵਿਚ ਅਣਖ ਨਹੀਂ ਹੈ ;

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥

ਮੈਂ ਚਾਹੁੰਦਾ ਹਾਂ ਕਿ ਸਾਡੀ ਵਿਦਿਆ ਸਦਾਚਾਰਕ ਕਦਰਾਂ ਨੂੰ ਨਿਰਮਾਣ ਕਰਨ ਵਾਲੀ ਹੋਵੇ । ਵਿੱਦਿਆ ਦਾ ਪੱਧਰ ਇਤਨਾ ਉੱਚਾ ਚੁੱਕ ਦਿਓ ਕਿ ਅੰਤਰਰਾਸ਼ਟਰੀ ਪੱਧਰ ਦਾ ਬਣ ਜਾਏ । ਸਿਆਣੇ ਦੀ ਹਰ ਥਾਂ ਕਦਰ ਹੈ । ਇਹ ਜੋ ਇਮਤਿਹਾਨਾਂ ਵਿਚ 'ਨਕਲ ਰਾਹੀਂ ਅਕਲ' ਪੈਦਾ ਕਰਨ ਦੀ ਵਿਦਿਅਕ ਢਾਂਚੇ ਵਿਚ ਘੁਸੜ ਆਈ ਹੈ, ਇਸ ਦੀ ਰੋਕ-ਥਾਮ ਬਹੁਤ ਜ਼ਰੂਰੀ ਹੈ ।

ਜਦ ਸਿੰਘ ਸਭਾ ਹੋਂਦ ਵਿਚ ਆਈ ਤਾਂ ਉਨ੍ਹਾਂ ਦੇ ਜਿੱਥੇ ਹੋਰ ਕਿਤਨੇ ਹੀ ਮੰਤਵ ਮਿੱਥੇ ਉਨ੍ਹਾਂ ਵਿਚੋਂ ਇਕ ਇਹ ਸੀ ਕਿ ਸਭ ਸਿੱਖਨ ਕੋ ਸਾਰੇ ਸਿਧਾਂਤਾਂ ਦੇ ਸੋਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ ਲਈ ਵਿਦਿਆ ਦੀ ਰਫ਼ਤਾਰ ਤੇਜ਼ ਕੀਤੀ ਜਾਏ । ਕਿਉਂਕਿ ਟਰੰਪ ਵਰਗੇ ਪ੍ਰਚਾਰ ਕਰਨ ਲੱਗ ਪਏ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਠੀਕ ਸਿਧਾਂਤਾਂ ਦੀ ਸਪੱਸ਼ਟ ਸੂਝ ਕਿਸੇ ਨੂੰ ਪ੍ਰਾਪਤ ਨਹੀਂ । ਜੇ ਆਪਣੇ ਇਸ਼ਟ ਬਾਰੇ ਉਸ ਦੇ ਅਨੁਯਾਈ ਕੁਝ ਨਹੀਂ ਜਾਣਦੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਧਰਮ ਛੇਤੀ ਵਿਨਾਸ਼ ਹੋ ਜਾਏਗਾ । ਕੌਮ ਨੇ ਵੰਗਾਰ ਨੂੰ ਕਬੂਲ ਕੀਤਾ ਤੇ ਸਿੱਖ ਧਰਮ ਦੁਨੀਆਂ ਭਰ ਵਿਚ ਇਕ ਜਿਉਂਦੇ ਜਾਗਦੇ ਧਰਮ ਦੀ ਸ਼ਕਲ ਵਿਚ ਖੜਾ ਹੈ । ਪਰ ਹੁਣ ਇਕ ਹੋਰ ਤਰ੍ਹਾਂ ਖ਼ਤਰਾ ਉਠ ਖੜੋਤਾ ਹੈ । ਜੋ ਪੰਜਾਬੋਂ ਬਾਹਰ ਦੇਸ਼ ਵਿਚ ਤੇ ਦੇਸ਼ੋਂ ਬਾਹਰ ਸਿੱਖ ਬਦੇਸ਼ਾਂ ਵਿਚ ਰਹਿੰਦੇ ਹਨ, ਉਹ ਆਪਣੇ ਮੂਲ ਸੋਮਿਆਂ ਨਾਲੋਂ ਟੁੱਟ ਗਏ ਹਨ ਅਤੇ ਸਿੱਖ ਧਰਮ ਬਾਰੇ ਪੂਰੀ ਸੂਝ ਨਾ ਮਿਲਣ ਕਾਰਨ ਅਵੈੜ ਫਿਰਨ ਲਗ ਪਏ ਹਨ ਜਾਂ ਤਾਂ ਉਹ ਗਲਤ ਬੰਦਿਆਂ ਹੱਥ ਚੜ੍ਹ ਜਾਂਦੇ ਹਨ ਜਾਂ ਅਣਜਾਣ ਹੋਣ ਕਾਰਨ ਸਿੱਖੀ ਤੋਂ ਹੀ ਟੁੱਟ ਜਾਂਦੇ ਹਨ । ਸਾਨੂੰ ਐਸੇ ਸੁਝਾਅ ਦੇਣੇ ਤੇ ਕਦਮ ਉਠਾਉਣੇ ਚਾਹੀਦੇ ਹਨ

ਕਿ ਕੋਈ ਗੁਰੂ ਤੋਂ ਟੁੱਟਿਆ ਨਾ ਦਿੱਸੇ। ਇਸ ਲਈ ਪਹਿਲੀ ਲੋੜ ਦੇਸ਼ ਬਦੇਸ਼ ਵਿਚ ਸਿੱਖ ਰੀਸੋਰਸ ਸੈਂਟਰ ਬਣਾਉਣ ਦੀ ਹੈ, ਜਿਥੋਂ ਸਿੱਖ ਧਰਮ ਸੰਬੰਧੀ ਨਿੱਕੇ ਤੋਂ ਨਿੱਕੇ, ਵੱਡੇ ਤੋਂ ਵੱਡੇ ਸੁਆਲ ਦਾ ਤੁਰੰਤ ਉੱਤਰ ਤੇ ਸਮੱਗਰੀ ਮਿਲ ਸਕੇ। ਨਵੇਂ ਪੜ੍ਹਿਆਂ ਲਿਖਿਆਂ ਦੀ ਵੱਡੀ ਮੁਸ਼ਕਲ ਇਹ ਹੀ ਹੈ ਕਿ ਉਹ ਮੂਲ ਸਿਧਾਂਤਾਂ ਨੂੰ ਅਸਾਨੀ ਨਾਲ ਸਮਝ ਨਹੀਂ ਸਕਦੇ। ਜੇ ਤਰਜਮਾ ਵੀ ਕਰ ਦੇਈਏ ਤਾਂ ਵੀ ਸਮੱਸਿਆ ਬਣੀ ਰਹਿੰਦੀ ਹੈ। ਐਸਾ ਪ੍ਰਬੰਧ ਹੋਣ ਨਾਲ ਘਟੋ ਘੱਟ ਉਸ ਵਿਚ ਜਾਣਨ ਦਾ ਚਾਅ ਤਾਂ ਪੈਦਾ ਹੋਵੇਗਾ। ਚਾਅ ਦਾ ਪੈਦਾ ਕਰ ਦੇਣਾ ਕਾਮਯਾਬੀ ਦੀ ਪਹਿਲੀ ਪੌੜੀ ਹੈ।

ਪੰਜਾਬ ਦੀ ਹਾਲਤ ਵਿਗੜਨ ਦਾ ਮੁੱਢ ਜੇ ਲੱਭੀਏ ਤਾਂ ਖੋਜ ਇਸ ਗੱਲ 'ਤੇ ਆ ਕੇ ਰੁਕ ਜਾਂਦੀ ਹੈ ਕਿ ਇਸ ਧਰਤੀ ਦੇ ਜੰਮਪਲ ਵੱਡੇ ਹੋਏ ਇਕ ਹਿੱਸੇ ਨੇ ਆਪਣੀ ਮਾਂ ਨੂੰ ਪਛਾਣਨ ਤੋਂ ਹੀ ਇਨਕਾਰ ਕਰ ਦਿੱਤਾ। ਹੋਰ ਰਤਾ ਭਰ ਵੀ ਕੀਤੀ ਢਿੱਲ ਇਤਨਾ ਵੱਡਾ ਨੁਕਸਾਨ ਕਰ ਦੇਵੇਗੀ ਕਿ ਫਿਰ ਹੱਥ ਉੱਚਾ ਕਰਕੇ ਦੁਹਾਈ ਦੇਂਦਿਆਂ ਵੀ ਕਿਸੇ ਨਹੀਂ ਸੁਣਨੀ। ਬਗ਼ੈਰ ਢਿੱਲ ਤੋਂ ਪੰਜਾਬੀ ਨੂੰ ਹਰ ਥਾਂ ਪਹਿਲ ਦੇਣੀ ਚਾਹੀਦੀ ਹੈ। ਕਿਤਨੀ ਮਾੜੀ ਗੱਲ ਸੀ ਕਿ ਪੰਜਾਬ ਯੂਨੀਵਰਸਿਟੀ ਹੁਣ ਤੱਕ ਪੰਜਾਬੀ ਨੂੰ ਪੜ੍ਹਾਈ ਦਾ ਵਸੀਲਾ ਬਣਾਉਣ ਵਿਚ ਸੰਕੋਚ ਕਰ ਰਹੀ ਹੈ। ਆਪਣੀ ਬੋਲੀ ਵਰਗੀ ਕੋਈ ਹੋਰ ਸ਼ੈਅ ਨਹੀਂ। ਮਹਿਸੂਸ ਕਰਦਾ ਹਾਂ ਕਿ ਇਸ ਐਸਾ ਇਨਾਮ ਜ਼ਰੂਰ ਹੋਵੇ ਜੋ ਘੱਟ ਤੋਂ ਘੱਟ ਵਿੱਦਿਆ-ਪੀਠ ਜਿਤਨਾ ਹੋਵੇ ਤੇ ਇਕ ਬਹੁਤ ਵੱਡਾ ਪੁਰਸਕਾਰ ਨੋਬਿਲ ਪ੍ਰਾਈਜ਼ ਇੰਟਰਨੈਸ਼ਨਲ ਪੱਧਰ ਦਾ ਉਸ ਨੂੰ ਦਿੱਤਾ ਜਾਵੇ, ਜਿਸ ਨੇ ਸਿੱਖ ਅੰਡਰਸਟੈਂਡਿੰਗ ਵਧਾਉਣ ਵਿਚ ਹਿੱਸਾ ਪਾਇਆ ਹੈ।

ਪੰਜਾਬ ਨੇ ਪਹਿਲਾਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਹਿਤ ਆਪਣੀ ਵਿੱਤ ਨਾਲੋਂ ਵੱਧ ਹਿੱਸਾ ਪਾਇਆ। ਹੁਣ ਹਿੰਦੁਸਤਾਨ ਦੇ ਮੂੰਹ ਵਿਚ ਅੰਨ ਪਾ ਕੇ ਜ਼ਿੰਦਗੀ ਬਖ਼ਸ਼ ਰਿਹਾ ਹੈ। ਪਰ ਮੈਨੂੰ ਦੁਖ ਹੈ ਕਿ ਕਿਰਸਾਨੀ ਨੂੰ ਆਪਣੀ ਮਿਹਨਤ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਮੁੱਲ ਜਾਂ ਪੁਰਸਕਾਰ ਤਾਂ ਦੂਰ ਦੀ ਗੱਲ ਹੈ। ਜਿਵੇ ਹੋਰ ਸ਼ੈਆਂ ਦੀ ਕੀਮਤ ਕੀਤੇ ਖ਼ਰਚ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ, ਤਿਵੇਂ ਅੰਨ, ਗੰਨੇ, ਝੋਨੇ ਦੀ ਕੀਤੀ ਜਾਵੇ। ਜਿਵੇਂ ਖਣਿਜ ਉਤਪਾਦਨਾਂ ਦੀ ਰਾਇਲਟੀ ਆਸਾਮ, ਬੰਗਾਲ, ਬਿਹਾਰ ਵਿਚ ਵੱਖਰੀ ਦਿੱਤੀ ਜਾਂਦੀ ਹੈ, ਤਿਵੇਂ ਕਿਰਸਾਨ ਨੂੰ ਦਿੱਤੀ ਜਾਵੇ। ਇਹ ਅਤਿ ਜ਼ਰੂਰੀ ਹੈ। ਫਿਰ ਮੈਂ ਸੁਣਦਾ ਪਿਆ ਹਾਂ ਕਿ ਪੰਜਾਬ ਦੇ ਪਾਣੀ 'ਤੇ ਮਾੜੀ ਨਜ਼ਰ ਗਵਾਂਢੀ ਪ੍ਰਾਂਤ ਤੇ ਕੇਂਦਰ ਪਾ ਰਿਹਾ ਹੈ। ਪੰਜਾਬ ਦੇ ਪਾਣੀ ਨੂੰ ਖੋਹ ਲੈਣ ਦੀ ਸਾਜ਼ਿਸ਼ ਜੇ ਸਿਰੇ ਚੜ੍ਹ ਗਈ ਤਾਂ ਪੰਜਾਬ ਅੱਗੇ ਹੀ ਜ਼ੁਲਮ ਦੀ ਚੱਕੀ ਵਿਚ ਪਿਸ ਰਿਹਾ ਹੈ, ਫਿਰ ਮੂਲੋਂ ਹੀ ਬਰਬਾਦ ਹੋ ਜਾਵੇਗਾ।

ਕਈ ਸਾਲਾਂ ਤੋਂ ਇਸ ਬਾਰੇ ਵੀ ਵਿਚਾਰ ਚਲਦੀ ਪਈ ਹੈ ਕਿ ਸਭ ਸਿੱਖ ਸੰਸਥਾਵਾਂ ਨੂੰ ਇਕ ਲੜੀ ਵਿਚ ਪਰੋ ਕੇ ਉੱਪਰ ਕੋਈ ਕੁੰਡਾ ਰਖਿਆ ਜਾਵੇ ਤਾਂ ਕਿ ਇਕ ਥਾਂ ਦੇ ਤਜਰਬ ਦਾ ਦੂਜੀ ਸੰਸਥਾ ਲਾਭ ਉਠਾ ਸਕੇ। ਹੋਰ ਭਾਵੇਂ ਕੁਝ ਨਾ ਕਰੀਏ ਸਾਨੂੰ ਇਕ ਸਾਂਝੀ ਉੱਚ ਪੱਧਰੀ ਕਮੇਟੀ ਜ਼ਰੂਰੀ ਬਣਾਉਣੀ ਚਾਹੀਦੀ ਹੈ ਜੋ ਸਮੇਂ ਸਮੇਂ ਸਾਰੀਆਂ ਸੰਸਥਾਵਾਂ ਨੂੰ ਹਦਾਇਤਾਂ ਤੇ ਅਗਵਾਈ ਦੇਂਦੀ ਰਹੇ। ਪਹਿਲਾਂ ਸਾਰੇ ਸਿੱਖ ਸਕੂਲਾਂ ਤੇ ਕਾਲਜਾਂ ਵਿਚ ਹਫਤੇ ਵਿਚ ਦੋ ਧਾਰਮਿਕ ਸਿੱਖਿਆ ਦੇ ਪੀਰੀਅਡ ਜ਼ਰੂਰ ਹੁੰਦੇ ਸਨ, ਪਰ ਹੁਣ ਹਟਾ ਦਿੱਤੇ ਗਏ ਲਗਦੇ ਹਨ। ਖ਼ਾਲਸਾ ਸਕੂਲਾਂ ਤੇ ਕਾਲਜਾਂ ਦੇ ਬਣਾਉਣ ਦਾ ਮਕਸਦ ਹੀ ਅਲੋਪ ਹੋ ਜਾਵੇਗਾ ਜੇ ਧਾਰਮਿਕ ਤਾਲੀਮ ਹੀ ਨਹੀਂ ਦੇਣੀ। ਹੋਰ ਕੁਝ ਤਾਂ ਨਹੀਂ ਉੱਚ ਪੱਧਰੀ ਕਮੇਟੀ ਇਸ ਪਾਸੇ ਤਾਂ ਅਗਵਾਈ ਦੇ ਸਕਦੀ ਹੈ।

# ਸਿੱਖ ਵਿਦਿਆ ਪ੍ਰਣਾਲੀ ਅਤੇ ਅਜੋਕੀਆਂ ਚੁਣੌਤੀਆਂ


**ਕੇ. ਐਸ. ਬੈਂਸ.**

ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ


ਇਹ ਗੱਲ ਇਤਿਹਾਸ ਦੀ ਬੜੀ ਸੁਚੱਜੀ ਤੇ ਉਚਤਮ ਅਸਲੀਅਤ ਹੈ ਕਿ ਭਾਰਤ ਵਿਚ ਨਵਜਾਗ੍ਰਿਤੀ ਕਾਲ, ਸਾਡੇ ਵੱਡੇ ਧਰਮਾਂ ਦੀ ਕਾਇਆ ਕਲਪ ਦੇ ਪੈੜ ਚਿਨ੍ਹਾਂ ਵਜੋਂ ਆਇਆ। ਗਿਆਨ ਦੀ ਖੋਜ, ਪੜਤਾਲ ਤੇ ਤਲਾਸ਼ ਤਾਂ ਪਿਛੋਂ ਆਰੰਭ ਹੁੰਦੀ ਹੈ। ਇਸ ਨੇ ਸਾਡੇ ਬਜ਼ੁਰਗਾਂ ਨੂੰ ਇਸ ਗੱਲ ਦੇ ਸੋਚਣ ਦੇ ਮਜਬੂਰ ਕੀਤਾ ਹੈ ਕਿ ਉਹ ਆਪਣੇ ਜਵਾਨਾਂ ਲਈ ਵਿਦਿਆ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਤਾਂ ਜੋ ਵੱਧ ਰਹੇ ਗਿਆਨ ਦੇ ਦਿਸ-ਹਦੇ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਸਾਡੇ ਜਵਾਨ ਆਪਣੇ ਆਪ ਨੂੰ ਯੋਗ ਬਣਾ ਲੈਣ ਅਤੇ ਆਪਣੀ ਕੌਮ ਦੇ ਦਰਪੇਸ਼ ਸਾਮਾਜਿਕ ਤੇ ਧਾਰਮਿਕ ਸਮੱਸਿਆਵਾਂ ਦੀ ਗੁਥੀ ਸੁਲਝਾਣ ਦੀ ਸਮਰੱਥਾ ਕਰ ਲੈਣ। ਚੀਫ਼ ਖ਼ਾਲਸਾ ਦੀਵਾਨ ਅਤੇ ਸੰਤ ਮਹਾਂਪੁਰਸ਼ਾਂ ਦੀ ਉਦਮਸ਼ੀਲਤਾ, ਸਬਰ ਤੇ ਸਿਆਣਪ ਨੇ ਐਸੇ ਨਵੇਂ ਯੁਗ ਦੇ ਉਪਜਾਉਣ ਵਿਚ ਸਹਾਇਤਾ ਕੀਤੀ, ਜਿਸ ਨੇ ਸਿੱਖ ਜਵਾਨਾਂ ਤੇ ਯੁਵਕਾਂ ਵਿਚ ਇਕ ਐਸਾ ਉਤਸ਼ਾਹ ਭਰਿਆ, ਜਿਸ ਦੇ ਸਦਕੇ ਇਨ੍ਹਾਂ ਯੁਵਕਾਂ ਨੇ ਜੀਵਨ ਦੇ ਸਾਰੇ ਖੇਤਰਾਂ ਵਿਚ ਨਾਮਣਾ ਖਟਿਆ ਤੇ ਪ੍ਰਸਿਧਤਾ ਪ੍ਰਾਪਤ ਕੀਤੀ।

ਅੱਜ ਹਾਲਾਤ ਬਹੁਤ ਹੀ ਜਿਆਦਾ ਬਦਲ ਚੁੱਕੇ ਹਨ। ਸੁਤੰਤਰਤਾ ਤੋਂ ਪਿਛੋਂ ਵਿਕਾਸਸ਼ੀਲ ਗਤੀਵਿਧੀਆਂ ਨੂੰ ਪਹਿਲ ਮਿਲੀ। ਭਾਰਤ ਇਕ ਨਿਰਪੱਖ, ਅਫਿਰਕੂ, ਸਮਾਜਵਾਦੀ, ਲੋਕਰਾਜੀ ਗਣਤੰਤਰ ਬਣਿਆ। ਇਹ ਵਿਚਾਰ ਜ਼ੋਰ ਫੜ ਗਿਆ ਕਿ ਵਿਕਾਸ ਤੇ ਉਨਤੀ ਦੇ ਲਾਭ ਗਰੀਬਾਂ ਨੂੰ ਪੁਜਣ। ਇਸ ਸੰਬੰਧ ਵਿਚ ਅਸੀਂ ਅਸੰਪ੍ਰਦਾਇਕਤਾ ਦੇ ਸੰਕਲਪ ਤੇ ਤਸੱਵਰ ਅਤੇ ਸਰਕਾਰ ਦੇ ਰਵਈਏ ਤੇ ਕਰਤੱਵ ਦੇ ਵੱਖ ਵੱਖ ਅਰਥ ਕੱਢੇ ਗਏ, ਜਿਸ ਦੇ ਕਾਰਣ ਵੱਖ ਵੱਖ ਰੰਗਾਂ ਦੇ ਸੰਕੇਤ ਤੇ ਭਾਵ ਉਤਪੰਨ ਹੋ ਗਏ। ਇਸ ਦੇ ਕਾਰਨ ਸਾਡੀਆਂ ਵਿਦਿਅਕ ਸੰਸਥਾਵਾਂ ਵਿਚ ਇਖਲਾਕੀ ਤੇ ਧਾਰਮਿਕ ਸਿਖਿਆ ਨੂੰ ਕੋਈ ਖਾਸ ਮਹੱਤਤਾ ਪ੍ਰਾਪਤ ਨਾ ਹੋ ਸਕੀ। ਇਸ ਧਾਰਮਿਕ ਅਤੇ ਇਖਲਾਕੀ ਸਿਖਿਆ ਤੋਂ ਵਾਂਝਿਆਂ ਰਹਿ ਕੇ ਨੌਜਵਾਨ ਹਰ ਪ੍ਰਕਾਰ ਦੇ ਬੁਰੇ ਪ੍ਰਭਾਵਾਂ ਦਾ ਸ਼ਿਕਾਰ ਹੋ ਗਏ। ਮੈਂ ਇਥੇ ਇਹ ਅਸਲੀਅਤ ਪ੍ਰਗਟਾ ਦੇਣਾ ਚਾਹੁੰਦਾ ਹਾਂ ਕਿ ਸੈਕੂਲਰਇਜ਼ਮ ਦੇ ਅਰਥ ਕੋਈ ਨਾਸਤਿਕਤਾ ਨਹੀਂ ਹਨ। ਇਹ ਤਾਂ ਦਰਅਸਲ ਰਾਜ ਕਰਨ ਵਾਲਿਆਂ ਲਈ ਇਕ ਨਿਰਦੇਸ਼ ਹੈ ਕਿ ਉਹ ਪੂਰੇ ਤੌਰ ਤੇ ਨਿਰਪੱਖ ਰਹਿਣ ਅਤੇ ਐਸੇ ਹਾਲਾਤ ਪੈਦਾ ਕਰਨ ਜਿਨ੍ਹਾਂ ਵਿਚ ਸਾਡਾ ਬਹੁਧਰਮਾਂ ਵਾਲਾ ਸਮਾਜ ਪ੍ਰਫੁਲਿਤ ਹੋਵੇ ਅਤੇ ਜੀਵਤ ਰਹੇ। ਸਿੱਖਾਂ ਦੇ ਵਿਦਿਆ ਦੇ ਸੰਕਲਪ ਵਿਚ ਦੋਵੇਂ ਗੱਲਾਂ ਨਾਲੋਂ ਨਾਲ ਚਲਦੀਆਂ ਹਨ ਕਿ ਅਸੀਂ ਧਾਰਮਿਕ ਵੀ ਹੋਣਾ ਹੈ ਅਤੇ ਨਾਲ ਦੇ ਨਾਲ ਸੈਕੂਲਰ (ਧਾਰਮਿਕ ਪੱਖਪਾਤ ਤੋਂ ਉੱਤੇ) ਵੀ ਹੋਣਾ ਹੈ। ਹੁਣ ਸਾਡੀ ਸਭ ਤੋਂ ਵੱਡੀ ਚਿੰਤਾ ਹੈ ਕਿ ਇਸ ਗੱਲ ਦਾ ਧਿਆਨ ਰੱਖੀਏ ਕਿ ਅੱਜ ਦੇ ਇਸ ਯੁੱਗ ਵਿਚ ਜਦ ਕਿ ਵਿਦਿਆ ਇਕ ਵਿਉਪਾਰ ਬਣ ਕੇ ਰਹਿ ਗਈ ਹੈ, ਅਸੀਂ ਆਪ ਇਸ ਲਹਿਰ ਵਿਚ ਨਾ ਰੁੜ ਜਾਈਏ ਅਤੇ ਧਾਰਮਿਕ ਵਿਦਿਆ ਵੱਲੋਂ ਅਵੇਸਲੇ ਨਾ ਹੋ ਜਾਈਏ, ਕੇਵਲ ਇਹੋ ਦ੍ਰਿਸ਼ਟੀਕੋਣ ਹੀ ਸਾਨੂੰ ਸਹੀ ਮਾਰਗ ਤੇ ਚਲਾਏਗਾ ਅਤੇ ਅਸੀਂ ਆਪਣੇ ਸਿੱਖ ਧਰਮ ਦੇ ਸੁਨਹਿਰੀ ਵਿਰਸੇ ਤੇ ਮਾਣ ਕਰ ਸਕਾਂਗੇ।

ਜਦ ਕਿ ਇਸ ਗੱਲ ਲਈ ਅਸੀਂ ਪੱਕੀ ਵਿਸ਼ਵਾਸ਼ ਧਾਰ ਲਈਏ ਕਿ ਅਸੀਂ ਆਪਣੇ ਬੱਚਿਆਂ ਨੂੰ ਜੋ ਵਿਦਿਆ ਦੇ ਰਹੇ ਹਾਂ ਤਾਂ ਜੋ ਉਹ ਵਧੀਆ ਮਨੁੱਖ ਬਣਨ। ਸਾਨੂੰ ਇਸ ਗੱਲ

ਤੋਂ ਵੀ ਸੁਚੇਤ ਹੋਣਾ ਪਵੇਗਾ ਕਿ ਸਾਡੀਆਂ ਪਿਛੋਂ ਆਉਣ ਵਾਲੀਆਂ ਪੀੜ੍ਹੀਆਂ ਉਤਮ ਦਰਜੇ ਦੀ ਸਿਖਿਆ ਪ੍ਰਾਪਤ ਕਰਨ ਵਿਚ ਦੂਜਿਆਂ ਤੋਂ ਪਿਛੇ ਨਾ ਰਹਿ ਜਾਣ । ਇਹ ਦੁਖ ਭਰੀ ਗੱਲ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਸਾਡੇ ਜਵਾਨ ਮੁੰਡੇ ਤੇ ਕੁੜੀਆਂ ਨੇ ਦੂਜੀਆਂ ਸ਼ਾਨਦਾਰ ਨੌਕਰੀਆਂ ਵਿਚ ਪ੍ਰਵੇਸ਼ ਕਰਨ ਦੀ ਬਹੁਤ ਘੱਟ ਰੁਚੀ ਵਿਖਾਈ ਹੈ । ਬਹੁਤਾ ਹਿਸਾ ਤਾਂ ਸ਼ਹਿਰੀ ਅਬਾਦੀ ਜਿਵੇਂ ਦਿੱਲੀ ਤੇ ਚੰਡੀਗੜ੍ਹ ਵਾਲਿਆਂ ਨੇ ਹਥਿਆਇਆ ਹੈ । ਇਹ ਗੱਲ ਸਾਡੇ ਜਵਾਨਾਂ ਦੀ ਯੋਗਤਾ ਦੀ ਘਾਟ ਦਾ ਪ੍ਰਮਾਣ ਨਹੀਂ, ਪਰ ਇਸ ਗੱਲ ਦਾ ਸੰਕੇਤ ਹੈ ਕਿ ਸਾਡੇ ਬੱਚਿਆਂ ਨੂੰ ਜੋ ਮੁਕਾਬਲੇ ਲਈ ਤਿਆਰ ਕਰਵਾਉਣ ਦੀ ਲੋੜ ਹੈ, ਉਸ ਲਈ ਕੋਈ ਸਹੀ ਪ੍ਰਬੰਧ ਨਹੀਂ ਅਤੇ ਮਾਹੌਲ ਉਨ੍ਹਾਂ ਲਈ ਸਹੀ ਅਰਥਾਂ ਵਿਚ ਖੁਸ਼ਗਵਾਰ ਨਹੀਂ ਬਨਾਇਆ ਜਾ ਰਿਹਾ । ਸੋ ਕਮਜ਼ੋਰੀ ਸਾਡੀ ਆਪਣੀ ਹੈ । ਅਸੀਂ ਆਪਣੀਆਂ ਸੰਸਥਾਵਾਂ ਵਿਚ ਇਸ ਪ੍ਰਕਾਰ ਦੇ ਸਾਧਨ ਅਤੇ ਵਾਤਾਵਰਨ ਪੈਦਾ ਕਰੀਏ ਅਤੇ ਇੰਨਾਂ ਸਾਧਨਾਂ ਨੂੰ ਇਸ ਹੱਦ ਤੱਕ ਉਚਿਆਈਏ ਤਾਂ ਜੋ ਇਹ ਸਾਧਨ ਦੂਜਿਆਂ ਲਈ ਖਿਚ ਦਾ ਕਾਰਨ ਬਣ ਸਕਣ ।

ਅੰਗਰੇਜ਼ੀ ਮਾਧਿਅਮ ਦੇ ਸਕੂਲਾਂ ਦੀ ਸਥਾਪਨਾ ਦੀ ਲਹਿਰ ਸਾਰੇ ਦੇਸ਼ ਤੇ ਛਾ ਗਈ ਹੈ ਅਤੇ ਪੰਜਾਬ ਵਿਚ ਬਹੁਤ ਜ਼ਿਆਦਾ । ਇਸ ਪੱਖ ਤੋਂ ਅਸੀਂ ਦੂਜਿਆਂ ਤੋਂ ਪਿਛੇ ਨਹੀਂ, ਪਰ ਸਾਨੂੰ ਸਿੱਖ ਪਰੰਪਰਾਵਾਂ ਤੋਂ ਵੀ ਮੂੰਹ ਨਹੀਂ ਫੇਰਨਾ ਚਾਹੀਦਾ ਅਤੇ ਆਪਣੇ ਸਮਾਜ ਦੀਆਂ ਲੋੜਾਂ ਤੋਂ ਵੀ ਅਣਗਹਿਲੀ ਨਹੀਂ ਕਰਨੀ ਚਾਹੀਦੀ । ਸਾਡੇ ਕੇਂਦਰ ਬਿੰਦੂ ਤੇ ਕੇਂਦਰ ਸਥਾਨ ਪੇਂਡੂ ਬੱਚੇ ਹੋਣੇ ਚਾਹੀਦੇ ਹਨ । ਉਨ੍ਹਾਂ ਦੀਆਂ ਮਜਬੂਰੀਆਂ ਅਤੇ ਉਨ੍ਹਾਂ ਦੀ ਸ਼ਕਤੀ, ਸਦਾ ਸਾਨੂੰ ਅੱਖਾਂ ਦੇ ਸਾਹਮਣੇ ਰੱਖਣੀ ਚਾਹੀਦੀ ਹੈ । ਉਨ੍ਹਾਂ ਵਿਚ ਸਿੱਖ ਧਰਮ ਤੇ ਸਿੱਖ ਸਭਿਆਚਾਰ ਦੀ ਅੰਦਰਲੀ ਗਤੀਸ਼ੀਲਤਾ ਨੂੰ ਉਪਜਾਉਣਾ ਚਾਹੀਦਾ ਹੈ । ਇਸੇ ਢੰਗ ਨਾਲ ਉਨ੍ਹਾਂ ਨੂੰ ਅਸੀਂ ਚੰਗੇ ਤੋਂ ਚੰਗਾ ਬਣਾ ਸਕਦੇ ਹਾਂ । ਪੈਦਾ ਹੋ ਰਹੀ ਵਿਦਿਆ ਪ੍ਰਣਾਲੀ ਵਿਉਪਾਰਕ ਢੰਗ ਵਾਲੀ ਬਣ ਰਹੀ ਹੈ। ਮੈਂ ਇਨ੍ਹਾਂ ਗੱਲਾਂ ਵੱਲ ਇਸ ਲਈ ਧਿਆਨ ਦਿਵਾਇਆ ਹੈ ਤਾਂ ਜੋ ਕਿਤੇ ਐਸਾ ਨਾ ਹੋਵੇ ਕਿ ਅਸੀਂ ਸਿੱਖ ਧਰਮ ਦੇ ਉਨ੍ਹਾਂ ਸੁਨਹਿਰੀ ਆਦਰਸ਼ਾਂ ਤੋਂ ਲਾਂਭੇ ਹੋ ਜਾਈਏ ਜਿੰਨ੍ਹਾਂ ਲਈ ਸਿੱਖ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ । ਸਾਰੇ ਸੰਸਾਰ ਨੂੰ ਇਕੋ ਮਾਰਗ ਤੇ ਚਲਾਉਣ ਵਾਲੀ ਜੋ ਲਹਿਰ ਚਲੀ ਹੈ ਇਸ ਦਾ ਅਸਰ ਵਿਦਿਆ ਦੇ ਝੁਕਾਵਾਂ ਤੇ ਪੈਣਾ ਜ਼ਰੂਰੀ ਹੈ । ਭਾਵੇਂ ਸਿੱਖਾਂ ਦੀ ਗਿਣਤੀ ਬਹੁਤ ਹੀ ਥੋੜੀ ਹੈ, ਇਸ ਵਿਚ ਉਨ੍ਹਾਂ ਦਾ ਸਥਾਨ ਚੰਗਾ ਹੈ । ਸਿੱਖ, ਸੰਸਾਰ ਦੇ ਸਾਰੇ ਭਾਗਾਂ ਵਿਚ ਵਸੇ ਹੋਏ ਹਨ । ਸਾਰੇ ਦੇਸ਼ਾਂ ਵਿਚ ਸਾਡੇ ਧਰਮ ਦਾ ਅਧਿਐਨ ਹੋ ਰਿਹਾ ਹੈ । ਸਿੱਖ ਧਰਮ ਦੇ ਸਿਧਾਂਤ ਐਸੇ ਹਨ ਜਿਸ ਨੂੰ ਮਨੁੱਖਤਾ ਨੇ ਪਸੰਦ ਕਰ ਲੈਣਾ ਹੈ । ਅਸੀਂ ਇਸ ਗੱਲ ਵੱਲ ਧਿਆਨ ਦੇਈਏ ਕਿ ਉਥੋਂ ਦੇ ਵਸਨੀਕਾਂ ਦੇ ਮਨ ਵਿਚ ਜੋ ਇਸ ਧਰਮ ਦੇ ਅਧਿਐਨ ਦੀ ਲਗਨ ਹੈ ਅਤੇ ਉਹ ਜੋ ਸਿੱਖ ਧਰਮ ਸੰਬੰਧੀ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ ਇਹ ਗਿਆਨ ਦੇਣ ਦਾ ਪ੍ਰਬੰਧ ਕਰੀਏ । ਇਸ ਪੱਖ ਤੋਂ ਸਾਡੀਆਂ ਸੰਸਥਾਵਾਂ ਸਾਹਮਣੇ ਇਕ ਚੁਨੌਤੀ ਵਾਲਾ ਕਾਰਜ ਹੈ । ਸਿੱਖ ਵਿਦਵਾਨਾਂ ਦਾ ਹੌਸਲਾ ਵਧਾਇਆ ਜਾਵੇ ਤਾਂ ਜੋ ਅਕਾਦਮਿਕ ਪੱਧਰ ਤੇ, ਉਹ ਇਸ ਕੰਮ ਨੂੰ ਨਿਭਾਉਣ ਲਈ ਵਚਨਬਧ ਹੋਣ । ਸਿੱਖਾਂ ਦੀ ਵਰਤਮਾਨ ਵਿੱਦਿਅਕ ਹਾਲਤ ਸੰਬੰਧੀ ਬੋਲਣ ਤੇ ਸੋਚਣ ਸੰਬੰਧੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਮੈਂ ਇਸ ਆਸ ਨਾਲ ਇਸ ਗੱਲ ਨੂੰ ਖਤਮ ਕਰਦਾ ਹਾਂ ਕਿ ਸਾਡੇ ਵਿਦਵਾਨ ਮਹਾਂਪੁਰਸ਼ ਅਤੇ ਸੰਸਥਾਵਾਂ ਮਹੱਤਵਪੂਰਨ ਸਮੱਸਿਆਵਾਂ ਸੰਬੰਧੀ ਡੂੰਘਾਈ ਵਿਚ ਜਾ ਕੇ ਚਰਚਾ ਕਰਨਗੇ ਅਤੇ ਇਸ ਦੇਸ਼ ਵਿਚ ਜੋ ਵਿਦਿਆ ਦੀ ਇਸ ਵੱਲੋਂ ਅਜੀਬ ਜਿਹੀ ਸਥਿਤੀ ਹੈ, ਉਸ ਸੰਬੰਧੀ ਕੋਈ ਸਾਫ ਨਿਰਨੇ ਲੈਣਗੇ । ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਪਦੇਸ਼ ਵਿਦਿਆ ਵੀਚਾਰੀ ਤਾਂ ਪਰਉਪਕਾਰੀ ਸਾਡਾ ਨਿਯਮ ਤੇ ਪੱਥ-ਪ੍ਰਦਰਸ਼ਕ ਬਣੇ ।

Sri Satguru Jagjit Singh Ji eLibrary NamdhariElibrary@gmail.com

ਤੋਂ ਵੀ ਸੁਚੇਤ ਹੋਣਾ ਪਵੇਗਾ ਕਿ ਸਾਡੀਆਂ ਪਿਛੋਂ ਆਉਣ ਵਾਲੀਆਂ ਪੀੜ੍ਹੀਆਂ ਉੱਤਮ ਦਰਜੇ ਦੀ ਸਿਖਿਆ ਪ੍ਰਾਪਤ ਕਰਨ ਵਿਚ ਦੂਜਿਆਂ ਤੋਂ ਪਿਛੇ ਨਾ ਰਹਿ ਜਾਣ । ਇਹ ਦੁਖ ਭਰੀ ਗੱਲ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਸਾਡੇ ਜਵਾਨ ਮੁੰਡੇ ਤੇ ਕੁੜੀਆਂ ਨੇ ਦੂਜੀਆਂ ਸ਼ਾਨਦਾਰ ਨੌਕਰੀਆਂ ਵਿਚ ਪ੍ਰਵੇਸ਼ ਕਰਨ ਦੀ ਬਹੁਤ ਘੱਟ ਰੁਚੀ ਵਿਖਾਈ ਹੈ । ਬਹੁਤਾ ਹਿਸਾ ਤਾਂ ਸ਼ਹਿਰੀ ਅਬਾਦੀ ਜਿਵੇਂ ਦਿੱਲੀ ਤੇ ਚੰਡੀਗੜ੍ਹ ਵਾਲਿਆਂ ਨੇ ਹਥਿਆਇਆ ਹੈ । ਇਹ ਗੱਲ ਸਾਡੇ ਜਵਾਨਾਂ ਦੀ ਯੋਗਤਾ ਦੀ ਘਾਟ ਦਾ ਪ੍ਰਮਾਣ ਨਹੀਂ, ਪਰ ਇਸ ਗੱਲ ਦਾ ਸੰਕੇਤ ਹੈ ਕਿ ਸਾਡੇ ਬੱਚਿਆਂ ਨੂੰ ਜੋ ਮੁਕਾਬਲੇ ਲਈ ਤਿਆਰ ਕਰਵਾਉਣ ਦੀ ਲੋੜ ਹੈ, ਉਸ ਲਈ ਕੋਈ ਸਹੀ ਪ੍ਰਬੰਧ ਨਹੀ ਅਤੇ ਮਾਹੌਲ ਉਨ੍ਹਾਂ ਲਈ ਸਹੀ ਅਰਥਾਂ ਵਿਚ ਖੁਸ਼ਗਵਾਰ ਨਹੀਂ ਬਨਾਇਆ ਜਾ ਰਿਹਾ । ਸੋ ਕਮਜ਼ੋਰੀ ਸਾਡੀ ਆਪਣੀ ਹੈ । ਅਸੀਂ ਆਪਣੀਆਂ ਸੰਸਥਾਵਾਂ ਵਿਚ ਇਸ ਪ੍ਰਕਾਰ ਦੇ ਸਾਧਨ ਅਤੇ ਵਾਤਾਵਰਨ ਪੈਦਾ ਕਰੀਏ ਅਤੇ ਇੰਨਾਂ ਸਾਧਨਾਂ ਨੂੰ ਇਸ ਹੱਦ ਤੱਕ ਉਚਿਆਈਏ ਤਾਂ ਜੋ ਇਹ ਸਾਧਨ ਦੂਜਿਆਂ ਲਈ ਖਿਚ ਦਾ ਕਾਰਨ ਬਣ ਸਕਣ ।

ਅੰਗਰੇਜ਼ੀ ਮਾਧਿਅਮ ਦੇ ਸਕੂਲਾਂ ਦੀ ਸਥਾਪਨਾ ਦੀ ਲਹਿਰ ਸਾਰੇ ਦੇਸ਼ ਤੇ ਛਾ ਗਈ ਹੈ ਅਤੇ ਪੰਜਾਬ ਵਿਚ ਬਹੁਤ ਜ਼ਿਆਦਾ । ਇਸ ਪੱਖ ਤੋਂ ਅਸੀਂ ਦੂਜਿਆਂ ਤੋਂ ਪਿਛੇ ਨਹੀਂ, ਪਰ ਸਾਨੂੰ ਸਿੱਖ ਪਰੰਪਰਾਵਾਂ ਤੋਂ ਵੀ ਮੂੰਹ ਨਹੀਂ ਫੇਰਨਾ ਚਾਹੀਦਾ ਅਤੇ ਆਪਣੇ ਸਮਾਜ ਦੀਆਂ ਲੋੜਾਂ ਤੋਂ ਵੀ ਅਣਗਹਿਲੀ ਨਹੀਂ ਕਰਨੀ ਚਾਹੀਦੀ । ਸਾਡੇ ਕੇਂਦਰ ਬਿੰਦੂ ਤੇ ਕੇਂਦਰ ਸਥਾਨ ਪੇਂਡੂ ਬੱਚੇ ਹੋਣੇ ਚਾਹੀਦੇ ਹਨ । ਉਨ੍ਹਾਂ ਦੀਆਂ ਮਜਬੂਰੀਆਂ ਅਤੇ ਉਨ੍ਹਾਂ ਦੀ ਸ਼ਕਤੀ, ਸਦਾ ਸਾਨੂੰ ਅੱਖਾਂ ਦੇ ਸਾਹਮਣੇ ਰੱਖਣੀ ਚਾਹੀਦੀ ਹੈ । ਉਨ੍ਹਾਂ ਵਿਚ ਸਿੱਖ ਧਰਮ ਤੇ ਸਿੱਖ ਸਭਿਆਚਾਰ ਦੀ ਅੰਦਰਲੀ ਗਤੀਸ਼ੀਲਤਾ ਨੂੰ ਉਪਜਾਉਣਾ ਚਾਹੀਦਾ ਹੈ । ਇਸੇ ਢੰਗ ਨਾਲ ਉਨ੍ਹਾਂ ਨੂੰ ਅਸੀਂ ਚੰਗੇ ਤੋਂ ਚੰਗਾ ਬਣਾ ਸਕਦੇ ਹਾਂ । ਪੈਦਾ ਹੋ ਰਹੀ ਵਿਦਿਆ ਪ੍ਰਣਾਲੀ ਵਿਉਪਾਰਕ ਢੰਗ ਵਾਲੀ ਬਣ ਰਹੀ ਹੈ। ਮੈਂ ਇਨ੍ਹਾਂ ਗੱਲਾਂ ਵੱਲ ਇਸ ਲਈ ਧਿਆਨ ਦਿਵਾਇਆ ਹੈ ਤਾਂ ਜੋ ਕਿਤੇ ਐਸਾ ਨਾ ਹੋਵੇ ਕਿ ਅਸੀਂ ਸਿੱਖ ਧਰਮ ਦੇ ਉਨ੍ਹਾਂ ਸੁਨਹਿਰੀ ਆਦਰਸ਼ਾਂ ਤੋਂ ਲਾਂਭੇ ਹੋ ਜਾਈਏ ਜਿੰਨ੍ਹਾਂ ਲਈ ਸਿੱਖ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ । ਸਾਰੇ ਸੰਸਾਰ ਨੂੰ ਇਕੋ ਮਾਰਗ ਤੇ ਚਲਾਉਣ ਵਾਲੀ ਜੋ ਲਹਿਰ ਚਲੀ ਹੈ ਇਸ ਦਾ ਅਸਰ ਵਿਦਿਆ ਦੇ ਝੁਕਾਵਾਂ ਤੇ ਪੈਣਾ ਜ਼ਰੂਰੀ ਹੈ । ਭਾਵੇਂ ਸਿੱਖਾਂ ਦੀ ਗਿਣਤੀ ਬਹੁਤ ਹੀ ਥੋੜੀ ਹੈ, ਇਸ ਵਿਚ ਉਨ੍ਹਾਂ ਦਾ ਸਥਾਨ ਚੰਗਾ ਹੈ । ਸਿੱਖ, ਸੰਸਾਰ ਦੇ ਸਾਰੇ ਭਾਗਾਂ ਵਿਚ ਵਸੇ ਹੋਏ ਹਨ । ਸਾਰੇ ਦੇਸ਼ਾਂ ਵਿਚ ਸਾਡੇ ਧਰਮ ਦਾ ਅਧਿਐਨ ਹੋ ਰਿਹਾ ਹੈ । ਸਿੱਖ ਧਰਮ ਦੇ ਸਿਧਾਂਤ ਐਸੇ ਹਨ ਜਿਸ ਨੂੰ ਮਨੁੱਖਤਾ ਨੇ ਪਸੰਦ ਕਰ ਲੈਣਾ ਹੈ । ਅਸੀਂ ਇਸ ਗੱਲ ਵੱਲ ਧਿਆਨ ਦੇਈਏ ਕਿ ਉਥੋਂ ਦੇ ਵਸਨੀਕਾਂ ਦੇ ਮਨ ਵਿਚ ਜੋ ਇਸ ਧਰਮ ਦੇ ਅਧਿਐਨ ਦੀ ਲਗਨ ਹੈ ਅਤੇ ਉਹ ਜੋ ਸਿੱਖ ਧਰਮ ਸੰਬੰਧੀ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ ਇਹ ਗਿਆਨ ਦੇਣ ਦਾ ਪ੍ਰਬੰਧ ਕਰੀਏ । ਇਸ ਪੱਖ ਤੋਂ ਸਾਡੀਆਂ ਸੰਸਥਾਵਾਂ ਸਾਹਮਣੇ ਇਕ ਚੁਣੌਤੀ ਵਾਲਾ ਕਾਰਜ ਹੈ । ਸਿੱਖ ਵਿਦਵਾਨਾਂ ਦਾ ਹੌਸਲਾ ਵਧਾਇਆ ਜਾਵੇ ਤਾਂ ਜੋ ਅਕਾਦਮਿਕ ਪੱਧਰ ਤੇ, ਉਹ ਇਸ ਕੰਮ ਨੂੰ ਨਿਭਾਉਣ ਲਈ ਵਚਨਬਧ ਹੋਣ । ਸਿੱਖਾਂ ਦੀ ਵਰਤਮਾਨ ਵਿੱਦਿਅਕ ਹਾਲਤ ਸੰਬੰਧੀ ਬੋਲਣ ਤੇ ਸੋਚਣ ਸੰਬੰਧੀ ਬਹੁਤ ਕੁਝ ਕਿਹਾ ਜਾ ਸਕਦਾ ਹੈ, ਪਰ ਮੈਂ ਇਸ ਆਸ ਨਾਲ ਇਸ ਗੱਲ ਨੂੰ ਖਤਮ ਕਰਦਾ ਹਾਂ ਕਿ ਸਾਡੇ ਵਿਦਵਾਨਾ ਮਹਾਂਪੁਰਸ਼ ਅਤੇ ਸੰਸਥਾਵਾਂ ਮਹੱਤਵਪੂਰਨ ਸਮੱਸਿਆਵਾਂ ਸੰਬੰਧੀ ਡੂੰਘਾਈ ਵਿਚ ਜਾ ਕੇ ਚਰਚਾ ਕਰਨਗੇ ਅਤੇ ਇਸ ਦੇਸ਼ ਵਿਚ ਜੋ ਵਿਦਿਆ ਦੀ ਇਸ ਵੱਲ ਅਜੀਬ ਜਿਹੀ ਸਥਿਤੀ ਹੈ, ਉਸ ਸੰਬੰਧੀ ਕੋਈ ਸਾਫ ਨਿਰਣੇ ਲੈਣਗੇ । ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਉਪਦੇਸ਼ ਵਿਦਿਆ ਵੀਚਾਰੀ ਤਾਂ ਪਰਉਪਕਾਰੀ ਸਾਡਾ ਨਿਯਮ ਤੇ ਪੱਥ-ਪ੍ਰਦਰਸ਼ਕ ਬਣੇ ।


Sri Satguru Jagjit Singh Ji eLibrary NamdhariElibrary@gmail.com

# ਸਿੱਖ ਤੇ ਸਿੱਖਿਆ

ਡਾ: ਅਮਰੀਕ ਸਿੰਘ

ਸਿੱਖ ਤੇ ਸਿੱਖਿਆ ਦਾ ਆਪਸ ਵਿਚ ਬੜਾ ਡੂੰਘਾ ਸੰਬੰਧ ਚਾਹੀਦਾ ਹੈ, ਪਰ ਇਹ ਸੰਬੰਧ ਏਨਾ ਡੂੰਘਾ ਨਹੀਂ ਹੈ ਜਿੰਨੀ ਉਮੀਦ ਕੀਤੀ ਜਾ ਸਕਦੀ ਹੈ। ਉਮੀਦ ਤੇ ਸਗੋਂ ਇਸ ਹੱਦ ਤੱਕ ਅਧੂਰੀ ਰਹੀ ਹੈ ਕਿ ਸਿੱਖਾਂ ਵਿਚ ਸਿੱਖਿਆ ਵੱਲੋਂ ਇੰਨਾ ਧਿਆਨ ਨਹੀਂ ਦਿੱਤਾ ਜਾਂਦਾ ਜਿੰਨਾ ਚਾਹੀਦਾ ਹੈ। ਜੇ ਇਤਿਹਾਸ ਦੇ ਵਰਕੇ ਫੋਲੇ ਜਾਣ ਤਾਂ ਇਕ ਦੋ ਗੱਲਾਂ ਬੜੀਆਂ ਸਾਫ ਹੋ ਕੇ ਉਭਰਦੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਜਿਸ ਤਰੀਕੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਇਕੱਤਰ ਕੀਤਾ ਗਿਆ ਤੇ ਜਿਸ ਕਿਸਮ ਦੀ ਬਾਣੀ ਇਸ ਦੇ ਵਿਚ ਸ਼ਾਮਿਲ ਕੀਤੀ ਗਈ, ਉਸ ਤੋਂ ਇਕ ਗੱਲ ਬੜੀ ਸਾਫ ਜ਼ਾਹਿਰ ਹੈ - ਸਿੱਖੀ ਵਿਚ ਕੋਈ ਤੰਗ ਦਿਲੀ ਨਹੀਂ ਸੀ। ਬਹੁਤ ਸਾਰੇ ਸੰਤਾਂ ਦੀ ਬਾਣੀ ਸ਼ਾਮਿਲ ਕਰਕੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਆਪਣੀ ਉਦਾਰਤਾ ਦਾ ਸਬੂਤ ਦਿੱਤਾ। ਸਾਹਿਤਕ ਤੇ ਬੌਧਿਕ ਤੌਰ 'ਤੇ ਇਹ ਬੜੀ ਵੱਡੀ ਘਾਲਣਾ ਸੀ। ਦੂਸਰੀ ਮਿਸਾਲ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਨ੍ਹਾਂ ਨੇ ਬਹੁਤ ਸਾਰੇ ਕਵੀਆਂ ਨੂੰ ਇਕੱਠਾ ਕਰਨਾ, ਆਪਣੇ ਬਹੁਤ ਸਾਰੇ ਪੈਰੋਕਾਰਾਂ ਨੂੰ ਕਾਸ਼ੀ ਭੇਜਣਾ ਇਹ ਕਹਿ ਕੇ ਕਿ ਤੁਸੀਂ ਵਿਦਿਆ ਦਾ ਭੰਡਾਰ ਇਕੱਠਾ ਕਰਨਾ ਹੈ। ਇਹ ਇਕ ਨਵੀਂ ਪਰੰਪਰਾ ਸੀ। ਜਿਸ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਨੇ ਇਸ ਪਰੰਪਰਾ ਨੂੰ ਸਾਜਿਆ ਤੇ ਨਿਵਾਜਿਆ ਉਹ ਆਪਣੇ ਆਪ ਵਿਚ ਇਕ ਮਿਸਾਲ ਹੈ।

ਅਫਸੋਸ ਦੀ ਗੱਲ ਹੈ ਕਿ ਰਣਜੀਤ ਸਿੰਘ ਦੇ ਸਮੇਂ ਜਦੋਂ ਅਮਨ ਚੈਨ ਤਕਰੀਬਨ ਕਾਇਮ ਹੋ ਗਿਆ ਸੀ, ਇਹ ਪਰੰਪਰਾ ਸ਼ੁਰੂ ਨਹੀਂ ਹੋ ਸਕੀ ਜਿਸ ਦੇ ਘਾਟੇ ਦਾ ਅਸੀਂ ਜ਼ਿਕਰ ਕਰ ਰਹੇ ਹਾਂ। ਇਸ ਦਾ ਮਤਲਬ ਇਹ ਨਹੀ ਕਿ ਉਸ ਵੇਲੇ ਵਿਦਿਆਲੇ ਨਹੀਂ ਸਨ ਜਾਂ ਪੜ੍ਹਣ ਪੜ੍ਹਾਣ ਦਾ ਇੰਤਜ਼ਾਮ ਨਹੀਂ ਸੀ। ਥੋੜ੍ਹਾ ਬਹੁਤ ਹੈ ਸੀ, ਪਰ ਜਿਸ ਤਰ੍ਹਾਂ ਕਿ ਮੁਲਕ ਦੇ ਹੋਰ ਹਿੱਸਿਆਂ ਵਿਚ ਹੋ ਰਿਹਾ ਸੀ, ਇਸ ਪਾਸੇ ਵੱਲ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਗਿਆ। ਪਰ ਕੋਈ ਇਹੋ ਜਿਹੀਆਂ ਸੰਸਥਾਵਾਂ ਨਾ ਬਣਾਈਆਂ ਗਈਆਂ ਜਿਨ੍ਹਾਂ ਵਿਚ ਇਸ ਕਿਸਮ ਦੇ ਬੰਦੇ ਇਕੱਠੇ ਬੈਠ ਸਕਣ। ਜਿਹੜੇ ਬੌਧਿਕ ਚੀਜ਼ਾਂ ਵੱਲ ਧਿਆਨ ਦੇ ਸਕਣ। ਨਿਰਮਲੇ ਤੇ ਉਦਾਸੀ ਜਿਨ੍ਹਾਂ ਦੀਆਂ ਪਰੰਪਰਾਵਾਂ ਪੂਰੀ ਤਰ੍ਹਾਂ ਕਾਇਮ ਨਾ ਹੋ ਸਕੀਆਂ ਉਦਮ ਕਰਦੇ ਰਹੇ, ਪਰ ਇਹ ਉਦਮ ਇੰਨਾ ਜ਼ੋਰ ਨਾ ਫੜ ਸਕਿਆ ਕਿ ਅਸਲ ਪਰੰਪਰਾ ਇਨ੍ਹਾਂ ਚੀਜ਼ਾਂ ਦੀ ਬਣਦੀ। ਰਣਜੀਤ ਸਿੰਘ ਦਾ ਰਾਜ ਖਤਮ ਹੋਣ ਤੋਂ ਬਾਅਦ ਅੰਗਰੇਜ਼ਾਂ ਦਾ ਜਮਾਨਾ ਸ਼ੁਰੂ ਹੋ ਗਿਆ। ਅੰਗਰੇਜ਼ਾਂ ਦੇ ਰਾਜ ਵੇਲੇ ਜੋ ਕੁਝ ਹੋਇਆ, ਉਸ ਦੇ ਬਾਰੇ ਜ਼ਿਆਦਾ ਵਾਕਫੀਅਤ ਮੌਜੂਦ ਹੈ।

1900ਤੱਕ ਦੋ-ਤਿੰਨ ਗੱਲਾਂ ਨੋਟ ਕਰਨ ਵਾਲੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਪੋਠੋਹਾਰ ਦੇ ਇਲਾਕੇ ਵਿਚ ਬਾਬਾ ਖੇਮ ਸਿੰਘ ਦੇ ਉਦਮ ਨਾਲ ਪੰਜ-ਛੇ ਸਕੂਲ ਖੋਲ੍ਹੇ ਗਏ। ਦੂਜੀ ਗੱਲ ਇਹ ਹੋਈ ਕਿ 1893 ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ, ਸਿੰਘ ਸਭਾ ਦੇ ਹੁਲਾਰੇ ਨਾਲ ਕਾਇਮ ਕੀਤਾ ਗਿਆ ਅਤੇ ਤੀਜੀ ਗੱਲ ਇਹ ਹੋਈ ਕਿ ਉਹ ਚਰਚਾ ਸ਼ੁਰੂ ਹੋ ਗਈ ਜਿਹੜੀ ਹੌਲੀ ਹੌਲੀ ਜ਼ੋਰ ਫੜਦੀ ਗਈ ਤੇ ਆਖਿਰ ਵਿਚ 1908 ਵਿਚ ਜਾ ਕੇ ਉਸ ਨੇ ਅਮਲੀ ਜਾਮਾ ਅਖਤਿਆਰ ਕੀਤਾ। ਇਹ ਇਸ਼ਾਰਾ ਹੈ ਐਜੂਕੇਸ਼ਨਲ ਸਿੱਖ ਕਾਨਫਰੰਸ ਵੱਲ।

ਬਾਬਾ ਖੇਮ ਸਿੰਘ ਨੇ ਜੋ ਉਦਮ ਕੀਤਾ ਉਸ ਤੋਂ ਇਲਾਵਾ ਕੁਝ ਉਦਮ ਅੰਮ੍ਰਿਤਸਰ ਤੇ ਲਾਹੌਰ ਵਿਚ ਵੀ ਹੋਇਆ । ਕੇਂਦਰੀ ਪੰਜਾਬ ਅਜਿਹਾ ਇਲਾਕਾ ਹੈ ਜਿਥੇ ਇਹੋ ਜਿਹੀਆਂ ਗੱਲਾਂ ਸਾਹਮਣੇ ਆਉਂਦੀਆਂ ਸਨ । ਲਾਹੌਰ ਰਾਜਧਾਨੀ ਸੀ, ਅੰਮ੍ਰਿਤਸਰ ਸਿੱਖਾਂ ਦੇ ਨਜ਼ਰ ਵਿਚ ਉਨ੍ਹਾਂ ਦਾ ਉੱਚਾ ਤੇ ਸਨਮਾਨਿਆ ਹੋਇਆ ਸ਼ਹਿਰ ਸੀ । ਤਰਨਤਾਰਨ ਉਹ ਤਹਿਸੀਲ ਸੀ, ਜਿਸ ਦੇ ਵਿਚ ਸਿੱਖਾਂ ਦੀ ਗਿਣਤੀ ਤਹਿਸੀਲ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਸੀ ।

ਜੋ ਉਦਮ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਬਣਨ ਵੇਲੇ ਹੋਇਆ ਉਸ ਦਾ ਇਸ਼ਾਰਾ ਕਰਨਾ ਹੀ ਕਾਫ਼ੀ ਹੈ । ਕਹਿਣ ਦਾ ਮਤਲਬ ਇਹ ਹੈ ਕਿ ਅਜਿਹੇ ਮੁੱਢਲੀ ਕਿਸਮ ਦੇ ਉਦਮ ਉਨ੍ਹਾਂ ਦਿਨਾਂ ਵਿਚ ਸ਼ੁਰੂ ਹੋਏ।

ਜਨਤਾ ਦਾ ਉਦਮ 1908 ਵਿਚ ਸਿੱਖ ਅੰਜੂਕੇਸ਼ਨਲ ਕਾਨਫਰੰਸ ਦੀ ਸ਼ਕਲ ਵਿਚ ਹੋਇਆ । ਇਹ ਕਾਨਫਰੰਸ ਹਰ ਸਾਲ ਕਿਸੇ ਨਾ ਕਿਸੇ ਸ਼ਹਿਰ ਵਿਚ ਹੁੰਦੀ ਰਹੀ । ਇਸ ਕਾਨਫਰੰਸ ਦੇ ਉਦਮ ਕਰਕੇ ਦਰਜਨਾਂ ਸਕੂਲ ਤੇ ਕੁਝ ਕੁ ਕਾਲਜ ਖੋਲ ਗਏ । ਸਭ ਤੋਂ ਪਹਿਲਾਂ ਕਾਲਜ ਅੰਮ੍ਰਿਤਸਰ ਤੇ ਉਸ ਤੋਂ ਬਾਅਦ ਗੁਜਰਾਂਵਾਲੇ ਖੋਲ੍ਹਿਆ ਗਿਆ । ਫਿਰ 1-2 ਹੋਰ ਕਾਲਜ ਵੀ ਖੋਲ੍ਹੇ ਗਏ । ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਖੋਲਿਆ ਗਿਆ ਪਰ ਉਹ ਵੰਡ ਤੋਂ ਪਹਿਲਾਂ ਖੋਲ੍ਹਿਆ ਗਿਆ ਸੀ ।

ਇਸ ਤਰ੍ਹਾਂ 1900 ਤੋਂ 1947 ਤੱਕ ਸਕੂਲਾਂ ਦੀ ਰਫਤਾਰ ਖਾਸ ਤੌਰ 'ਤੇ ਤੇਜ਼ ਹੋ ਗਈ। 5-6 ਕਾਲਜ ਖੋਲੇ ਗਏ । ਤੇ ਇਹ ਸਾਰਾ ਉਦਮ ਜਨਤਾ ਦਾ ਸੀ । ਸਰਕਾਰ ਦਾ ਨਹੀਂ ਸੀ ਪਰ ਥੋੜ੍ਹਾ ਬਹੁਤ ਬੁਨਿਆਦੀ ਉਦਮ ਜਨਤਾ ਦਾ ਆਪਣਾ ਸੀ ।

ਇਹ ਗੱਲ ਦਾ ਹੋਰ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਸਭ ਤੋਂ ਵੱਡਾ ਕਾਲਜ ਸੀ, ਨਾਲੇ ਸਭ ਤੋਂ ਪੁਰਾਣਾ ਸੀ । ਬਨਾਰਸ ਤੇ ਅਲੀਗੜ੍ਹ ਵਾਂਗ ਇਹ ਟੀਚਾ ਸਾਹਮਣੇ ਸੀ ਕਿ ਕੋਈ ਸਿੱਖ ਯੂਨੀਵਰਸਿਟੀ ਬਣੇ । ਪਰ ਅਜੇ ਇਹ ਟੀਚਾ ਪੂਰਾ ਨਾ ਹੋ ਸਕਿਆ ਕਿ ਦੇਸ਼ ਦੀ ਵੰਡ ਹੋ ਗਈ । ਉਸ ਵੰਡ ਦਾ ਕਾਫੀ ਨੁਕਸਾਨ ਹੋਇਆ । ਕੌਮ ਵਿਚ ਜੋ ਕੁਝ ਵੀ ਪਹਿਲਾਂ ਵਸੀਲੇ ਸਨ ਉਹ ਕਾਫੀ ਸਾਰੇ ਪਾਕਿਸਤਾਨ ਰਹਿ ਗਏ । ਇਸ ਦੇ ਬਾਵਜੂਦ ਜੇ ਅੰਕੜੇ ਦੇਖੇ ਜਾਣ ਤਾਂ ਪਤਾ ਲਗੇਗਾ ਕਿ ਵੰਡ ਤੋਂ ਇਕ ਡੇਢ ਸਾਲ ਬਾਅਦ ਹੀ ਕਈ ਸਾਰੇ ਕਾਲਜ ਖੁਲ੍ਹਣੇ ਸ਼ੁਰੂ ਹੋ ਗਏ । 1960 ਤੱਕ 10-20 ਖ਼ਾਲਸਾ ਕਾਲਜ ਬਣ ਚੁਕੇ ਸਨ ।

ਇਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ 1930 ਤੋਂ ਬਾਅਦ ਜਦ ਇਹ ਜ਼ਿਕਰ ਸ਼ੁਰੂ ਹੋਇਆ ਕਿ ਬਹੁਤ ਸਾਰੇ ਦਲਿਤ ਸਿੱਖੀ 'ਚ ਦਿਲਚਸਪੀ ਲੈਣ ਲਗ ਪਏ ਸਨ ਤਾਂ ਬੰਬਈ ਵਿਚ ਇਕ ਕਾਲਜ ਖੋਲਿਆ ਗਿਆ ।

ਅਲਬੱਤਾ ਪਟਿਆਲਾ ਤੇ ਅੰਮ੍ਰਿਤਸਰ ਜੋ ਯੂਨੀਵਰਸਿਟੀਆਂ ਕਾਇਮ ਹੋਈਆਂ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ । ਪੰਜਾਬੀ ਯੂਨੀਵਰਸਿਟੀ 1962 ਵਿਚ ਸਥਾਪਿਤ ਹੋਈ ਤੇ ਅੰਮ੍ਰਿਤਸਰ ਦੀ ਯੂਨੀਵਰਸਿਟੀ 1969 ਵਿਚ । ਇਨ੍ਹਾਂ ਕੁਝ ਸਾਲਾਂ ਵਿਚ ਹੀ ਪੰਜਾਬ ਤੋਂ ਬਾਹਰ ਵੀ ਕਈ ਕਾਲਜ ਖੋਲ੍ਹੇ ਗਏ ਜਿਨ੍ਹਾਂ ਵਿਚ ਦਿੱਲੀ ਦੇ ਕਾਲਜਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ । ਇਸ ਤੋਂ ਇਲਾਵਾ ਉਨ੍ਹਾਂ ਕਾਲਜਾਂ ਦਾ ਵੀ ਜਿਹੜੇ ਮਗਰੋਂ ਹਰਿਆਣੇ ਵਿਚ ਆ ਗਏ। ਪਟਨਾ ਸਾਹਿਬ ਵਿਚ ਇਕ ਕਾਲਜ ਖੋਲ੍ਹਿਆਂ ਗਿਆ । ਹੋਰ ਵੀ ਕਈ ਥਾਵਾਂ ਦੇ ਉਦਮ ਹੋਇਆ। ਇਨ੍ਹਾਂ ਸਾਰੀਆਂ ਗੱਲਾਂ ਦਾ ਤੱਥ ਇਹ ਨਿਕਲਦਾ ਹੈ ਕਿ ਜਿਵੇਂ ਜਿਵੇਂ ਕੌਮ ਤਰੱਕੀ ਕਰਦੀ ਗਈ ਸਕੂਲਾਂ ਤੇ ਕਾਲਜਾਂ ਵੱਲ ਵੀ ਧਿਆਨ ਦਿੱਤਾ ਗਿਆ ।


Sri Satguru Jagjit Singh Ji eLibrary NamdhariElibrary@gmail.com

ਜਿਵੇਂ ਜਿਵੇਂ ਕਿਸੇ ਸ਼ਹਿਰ ਦੇ ਸਿੱਖ ਜਿਆਦਾ ਅੱਗੇ ਵਲ ਤਰੱਕੀ ਕਰਦੇ ਗਏ ਉਨ੍ਹਾਂ ਨੇ ਸਕੂਲਾਂ ਤੇ ਕਾਲਜਾਂ ਵਲ ਵੀ ਧਿਆਨ ਦਿੱਤਾ । ਇਨ੍ਹਾਂ ਸੰਸਥਾਵਾਂ ਦੀ ਆਪਣੀ ਮਹੱਤਤਾ ਹੈ । ਉਸ ਮੁਤਾਬਿਕ ਜੋ 19ਵੀਂ ਸਦੀ ਵਿਚ ਹੋਇਆ ਉਸ ਦਾ ਥੋੜਾ ਜਿਹਾ 20ਵੀਂ ਸਦੀ ਵਿਚ ਵੀ ਆ ਕੇ ਬਦਲਾਅ ਆ ਗਿਆ । ਸ਼ੁਰੂ ਵਿਚ ਜਿਆਦਾ ਉਦਮ ਸਿੱਖ ਰਈਸਾਂ ਦਾ ਹੁੰਦਾ ਸੀ । ਉਸ ਵੇਲੇ ਦੌਲਤ ਦਾ ਮਤਲਬ ਇਹ ਸੀ ਕਿ ਜਿਹੜੇ ਲੋਕਾਂ ਕੋਲ ਜ਼ਮੀਨ ਜਿਆਦਾ ਹੁੰਦੀ ਸੀ । ਉਸ ਆਮਦਨ ਦਾ ਕੁਝ ਹਿੱਸਾ ਇਹ ਰਈਸ ਲੋਕ ਇਸ ਕਿਸਮ ਦੇ ਕੰਮਾਂ ਲਈ ਵਰਤਦੇ ਸਨ। ਥੋੜਾ ਜਿਹਾ ਉਦਮ ਰਾਜੇ ਮਹਾਰਾਜੇ ਵੀ ਕਰਦੇ ਸਨ । ਖਾਸ ਤੌਰ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਪਨ ਕਰਨ ਵਿਚ ਉਨ੍ਹਾਂ ਨੇ ਕਾਫੀ ਯੋਗਦਾਨ ਪਾਇਆ ।

ਪਰ ਬਹੁਤੀ ਤਬਦੀਲੀ 1947 ਤੋਂ ਬਾਅਦ ਆਈ । ਇਸ ਤਬਦੀਲੀ ਦਾ ਮੁੱਖ ਲਛਣ ਇਹ ਸੀ ਕਿ ਸਕੂਲ ਕਾਲਜ ਬੜੀ ਗਿਣਤੀ ਵਿਚ ਖੁਲ੍ਹੇ । ਉਨ੍ਹਾਂ ਨੂੰ ਸ਼ੁਰੂ ਕਰਨ ਵਾਲੇ ਚਲਾਉਣ ਵਾਲੇ ਵੱਖ ਵੱਖਰ ਪਿਛੋਕੜ ਤੋਂ ਆਏ ਸਨ । ਉਨ੍ਹਾਂ ਦਾ ਸੋਚਣ ਦਾ ਢੰਗ ਵੱਖ ਵੱਖਰਾ ਸੀ। ਖਾਸ ਤੌਰ ਤੇ ਸਕੂਲਾਂ ਕਾਲਜਾਂ ਦੇ ਮਾਮਲਿਆਂ ਵਿਚ ਦਖਲ ਦੇਣ ਦੀ ਰੁਚੀ ਪਹਿਲਾਂ ਨਾਲੋਂ ਜ਼ਿਆਦਾ ਪ੍ਰਬਲ ਹੋ ਗਈ । ਨਤੀਜਾ ਇਹ ਹੋਇਆ ਕਿ ਸਕੂਲਾਂ ਕਾਲਜਾਂ ਵਿਚ ਉਹ ਮਿਆਰ ਨਹੀਂ ਬਣ ਸਕੇ ਜਿਹੜੇ ਕਿ ਕਿਸੇ ਚੰਗੀ ਸੰਸਥਾ ਵਿਚ ਹੋਣੇ ਚਾਹੀਦੇ ਹਨ ।

1947 ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਖ਼ਾਲਸਾ ਸਕੂਲ ਬੰਬਈ ਦੀ ਸਥਾਪਨਾ ਵਿਚ ਸਭ ਤੋਂ ਵਧ ਚੜ੍ਹ ਕੇ ਹਿੱਸਾ ਲਿਆ ਸੀ । 1947 ਤੋਂ ਬਾਅਦ ਹੋਰ ਕਾਲਜਾਂ ਸਕੂਲਾਂ ਵਿਚ ਸ਼੍ਰੋਮਣੀ ਕਮੇਟੀ ਦਾ ਰੋਲ ਵਧ ਗਿਆ । ਮਿਸਾਲ ਲਈ ਗੁਰੂ ਨਾਨਕ ਇੰਜੀਨਰਿੰਗ ਕਾਲਜ ਲੁਧਿਆਣਾ, ਸ਼੍ਰੋਮਣੀ ਕਮੇਟੀ ਦੇ ਉਦਮ ਨਾਲ ਚਲਿਆ ।

ਅਲੀਗੜ੍ਹ ਯੂਨੀਵਰਸਿਟੀ ਦੀ ਬੁਨਿਆਦ ਸਰ ਸਈਅਦ ਅਹਿਮਦ ਨੇ ਰੱਖੀ ਸੀ । ਗਦਰ ਤੋਂ ਬਾਅਦ ਜੋ ਉਤਰੀ ਹਿੰਦੁਸਤਾਨ ਦੇ ਮੁਸਲਮਾਨਾਂ ਵਿਚ ਖਾਸ ਕਰਕੇ ਨਿਰਾਸ਼ਾ ਆਈ ਸੀ ਉਸ ਦਾ ਜਵਾਬ ਲਭਣ ਲਈ ਸਰ ਸਈਅਦ ਅਹਿਮਦ ਨੇ ਇਕ ਸਕੂਲ ਅਤੇ ਕਾਲਜ ਖੋਲ੍ਹਿਆ ਜਿਹੜਾ ਬਾਅਦ ਵਿਚ ਯੂਨੀਵਰਸਿਟੀ ਦੀ ਸ਼ਕਲ ਅਖ਼ਤਿਆਰ ਕਰ ਗਿਆ । ਇਹ ਸਾਰੀ ਗੱਲ ਨੂੰ ਸੋਚਣ ਵਾਲਾ ਅਗੇ ਬੀਜ ਲਾਉਣ ਵਾਲਾ ਸਰ ਸਈਅਦ ਅਹਿਮਦ ਸੀ ।

ਆਰੀਆ ਸਮਾਜ ਲਹਿਰ ਨੇ ਜੋ ਉਦਮ ਕੀਤਾ ਉਹ ਡੀ.ਏ.ਵੀ. ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਸੀ । ਸਵਾਮੀ ਦਯਾਨੰਦ ਦੀ ਮੌਤ ਤੋਂ ਬਾਅਦ ਜਿਸ ਵੇਲੇ ਲਾਹੌਰ ਵਿਚ ਫੈਸਲਾ ਕੀਤਾ ਗਿਆ ਕਿ ਦਯਾਨੰਦ ਐਂਗਲੋ ਵਿਦਿਅਕ ਸਕੂਲ ਖੋਲ੍ਹੇ ਜਾਣ ਤਾਂ ਇਕ ਨੌਜਵਾਨ ਮਹਾਤਮਾ ਹੰਸਰਾਜ ਨੇ ਇਸ ਕੰਮ ਲਈ ਆਪਣੇ ਆਪ ਨੂੰ ਪੇਸ਼ ਕੀਤਾ । ਪੜ੍ਹਾਈ ਕਰਕੇ ਮਹਾਤਮਾ ਹੰਸਰਾਜ ਨੇ ਸਰਕਾਰੀ ਨੌਕਰੀ 60 ਰੁਪਏ ਮਹੀਨੇ ਵਿਚ ਕਰ ਲਈ । ਜਿਸ ਵੇਲੇ ਇਹ ਲਹਿਰ ਸ਼ੁਰੂ ਹੋਈ ਮਹਾਤਮਾ ਹੰਸਰਾਜ ਨੇ ਸਰਕਾਰੀ ਨੌਕਰੀ ਛੱਡ ਕੇ ਸਕੂਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ । ਸ਼ੁਰੂ ਵਿਚ ਮਹਾਤਮਾ ਹੰਸਰਾਜ ਦੀ ਤਨਖ਼ਾਹ 60 ਰੁਪਏ ਸੀ । ਇਹ ਤਨਖ਼ਾਹ ਉਨ੍ਹਾਂ ਨੂੰ ਸਰਕਾਰੀ ਨੌਕਰੀ ਵਿਚ ਮਿਲਦੀ ਸੀ, ਪਰ ਇਕ ਸਾਲ ਬਾਅਦ ਮਹਾਤਮਾ ਹੰਸਰਾਜ ਨੇ ਕਿਹਾ ਕਿ ਮੈਂ ਵੇਖਿਆ ਹੈ ਮੇਰਾ ਗੁਜ਼ਾਰਾ 40 ਰੁਪਏ ਨਾਲ ਚਲ ਸਕਦਾ ਹੈ, ਇਸ ਲਈ ਮਹਾਤਮਾ ਹੰਸਰਾਜ ਨੇ ਆਪਣੀ ਤਨਖ਼ਾਹ 60 ਤੋਂ 40 ਰੁਪਏ ਕਰਵਾ ਲਈ ।

ਇਸ ਗੱਲ ਦਾ ਜ਼ਿਕਰ ਇਸ ਲਈ ਕੀਤਾ ਜਾ ਰਿਹਾ ਹੈ ਕਿ ਜਿਸ ਤਿਆਗ ਨਾਲ ਮਹਾਤਮਾ ਹੰਸਰਾਜ ਨੇ ਸਕੂਲ ਤੋਂ ਮਗਰੋਂ ਡੀ.ਏ.ਵੀ. ਕਾਲਜ ਖੜਾ ਕੀਤਾ, ਇਹ ਲਹਿਰ ਕਦੇ ਵੀ ਨਹੀਂ



Sri Satguru Jagjit Singh Ji eLibrary NamdhariElibrary@gmail.com

ਸੀ ਕਾਮਯਾਬ ਹੋਣੀ ਜੇਕਰ ਇਸ ਨਾਲ ਮਹਾਤਮਾ ਹੰਸਰਾਜ ਵਰਗੇ ਬੰਦੇ ਸ਼ੁਰੂ ਵਿਚ ਨਾ ਆਉਂਦੇ।

ਇਸਾਈਆਂ ਦੇ ਵਿਚ ਇਹ ਪਰੰਪਰਾ ਬੜੀ ਪੁਰਾਣੀ ਹੈ । ਉਨ੍ਹਾਂ ਨੇ ਸਾਰੀ ਦੁਨੀਆਂ ਦੇ ਵਿਚ ਸਕੂਲ, ਕਾਲਜ, ਹਸਪਤਾਲ ਅਤੇ ਹੋਰ ਇਸ ਤਰ੍ਹਾਂ ਦੀਆਂ ਕਈ ਸੰਸਥਾਵਾਂ ਚਲਾਈਆਂ । ਬਹੁਤ ਸਾਰੇ ਫਾਦਰ ਜਾਂ ਨੰਨਜ਼ ਉਨ੍ਹਾਂ ਵਿਚੋਂ ਕਈ ਬਹੁਤ ਗੁਣੀ ਹੁੰਦੇ ਸਨ । ਬਾਕੀ ਦੁਨੀਆਂ ਵਿਚ ਜੋ ਕੁਝ ਹੁੰਦਾ ਰਿਹਾ ਹੈ ਉਸ ਦੇ ਬਾਰੇ ਅਸੀਂ ਸੁਣਦੇ ਆਏ ਹਾਂ । ਅੱਜ ਵੀ ਹਿੰਦੁਸਤਾਨ ਵਿਚ ਜਿਹੜੇ ਸਕੂਲ ਤੇ ਕਾਲਜ ਮੁਢਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਵਿਚੋਂ ਬਹੁਤ ਸਾਰੇ ਇਸਾਈਆਂ ਵੱਲੋਂ ਚਲਾਏ ਗਏ ਹਨ ।

ਕੀ ਸਿੱਖ ਸਕੂਲ ਤੇ ਕਾਲਜ ਇਨ੍ਹਾਂ ਨਮੂਨਿਆਂ ਤੋਂ ਕੁਝ ਸਿੱਖ ਸਕਦੇ ਹਨ? ਬਹੁਤਾ ਤਾਂ ਨਹੀ ਪਰ ਥੋੜ੍ਹਾ ਜ਼ਰੂਰ । ਅੱਜਕਲ ਦੇ ਹਾਲਾਤ ਵਿਚ ਸ਼ਾਇਦ ਇਹੋ ਜਿਹੇ ਲੋਕ ਹੁਣ ਨਹੀਂ ਮਿਲਣਗੇ ਜਿਹੜੇ ਇੰਨਾ ਤਿਆਗ ਕਰਨ ਤੇ ਗਰੀਬੀ ਦੀ ਜ਼ਿੰਦਗੀ ਗੁਜ਼ਾਰਨ ਜਿਸ ਤਰ੍ਹਾਂ ਕਿ ਅੱਜ ਤੋਂ 70-80 ਸਾਲ ਪਹਿਲਾਂ ਹੁੰਦਾ ਰਿਹਾ ਹੈ । ਯੁਗ ਬਦਲ ਗਿਆ ਹੈ । ਇਸ ਲਈ ਹਾਲਾਤ ਵੀ ਬਦਲ ਗਏ ਹਨ । ਪਰ ਇਸ ਦਾ ਇਹ ਮਤਲਬ ਨਹੀ ਕਿ ਸਕੂਲ ਕਾਲਜ ਚੰਗੀ ਤਰ੍ਹਾਂ ਨਹੀਂ ਚਲ ਸਕਦੇ । ਜਿਹੜੀ ਚੀਜ਼ ਖ਼ਾਲਸਾ ਸਕੂਲ ਅਤੇ ਕਾਲਜਾਂ ਨੂੰ ਬਰਬਾਦ ਕਰ ਰਹੀ ਹੈ, ਉਹ ਲੋਭ ਨਹੀਂ ਹੈ ਉਹ ਹੈ ਕਿ ਜਿਹੜੇ ਅਧਿਆਪਕ ਤੇ ਪ੍ਰੋਫੈਸਰ ਇਨ੍ਹਾਂ ਕਾਲਜਾਂ ਵਿਚ ਕੰਮ ਕਰ ਰਹੇ ਹੁੰਦੇ ਹਨ ਉਨ੍ਹਾਂ ਨੂੰ ਉਭਰਨ ਨਹੀਂ ਦਿੱਤਾ ਜਾਂਦਾ ਉਨ੍ਹਾਂ ਦਾ ਕੱਦ ਨਹੀਂ ਬਣਣ ਦਿਤਾ ਜਾਂਦਾ। ਉਨ੍ਹਾਂ ਦੀ ਸਖਸ਼ੀਅਤ ਅਗੇ ਉਭਰ ਕੇ ਨਹੀਂ ਆਉਂਦੀ ਕਿਉਂਕਿ ਜਿਹੜੇ ਉਨ੍ਹਾਂ ਸਕੂਲਾਂ ਕਾਲਜਾਂ ਦੇ ਕਰਤਾ ਧਰਤਾ ਹਨ, ਉਨ੍ਹਾਂ ਵਿਚ ਉਦਾਰਤਾ ਨਹੀਂ ਤੇ ਨਾ ਹੀ ਏਨੀ ਸਮਝ ਹੈ ਕਿ ਉਹ ਇਹ ਵੇਖ ਸਕਣ ਕਿ ਇਹ ਸੰਸਥਾਵਾਂ ਤਾਂ ਤਰੱਕੀ ਕਰਨਗੀਆਂ ਜਦੋਂ ਇਨ੍ਹਾਂ ਵਿਚ ਪੜ੍ਹਾਉਣ ਵਾਲੇ ਆਪਣਾ ਕਦ ਬਣਾ ਸਕਣਗੇ ਤੇ ਆਪਣੀ ਸ਼ਖਸ਼ੀਅਤ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਕੇ ਆਪਣੇ ਵੱਲ ਖਿੱਚ ਸਕਣਗੇ ।

ਇਕ ਮਿਸਾਲ ਨਾਲ ਇਹ ਸਾਰੀ ਗੱਲ ਸਪੱਸ਼ਟ ਹੋ ਜਾਵੇਗੀ । ਜਦੋਂ ਮਹਾਤਮਾ ਹੰਸਰਾਜ ਡੀ.ਏ.ਵੀ. ਦੀ ਪ੍ਰਿੰਸੀਪਲੀ ਖਤਮ ਕਰਕੇ ਆਮ ਸ਼ਹਿਰੀ ਬਣ ਗਏ ਤੇ ਡੀ.ਏ.ਵੀ. ਕਾਲਜ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਮਹਾਤਮਾ ਹੰਸਰਾਜ ਨੂੰ ਉਸ ਕਮੇਟੀ ਦਾ ਪ੍ਰਧਾਨ ਬਣਾਇਆ ਜਾਵੇ । ਉਹ 30-40 ਸਾਲ ਉਸ ਕਮੇਟੀ ਦੇ ਮੁਲਾਜ਼ਮ ਸਨ । ਉਦੋਂ ਵੀ ਉਨ੍ਹਾਂ ਦੇ ਕੰਮ ਵਿਚ ਕੋਈ ਦਖਲ ਨਹੀਂ ਸੀ ਦਿੰਦਾ ਪਰ ਕਾਨੂੰਨੀ ਵਿਵਸਥਾ ਇਹ ਸੀ ਕਿ ਉਹ ਤਨਖਾਹ ਲੈ ਕੇ ਕਿ ਨੌਕਰੀ ਕਰਦੇ ਸਨ ਤੇ ਤਨਖਾਹ ਦੇਣ ਵਾਲੀ ਕਮੇਟੀ ਨੂੰ ਚਲਾਉਣ ਵਾਲੇ ਹਾਕਮ ਸਨ। ਐਸੀ ਸਾਇਦ ਇਕ ਵਾਰੀ ਵੀ ਅਵਸਥਾ ਪੈਦਾ ਨਹੀਂ ਹੋਈ ਜਦੋਂ ਦੋਹਾਂ ਵਿਚ ਕਿਸੇ ਕਿਸਮ ਦਾ ਤਕਰਾਰ ਹੋਇਆ ਹੋਵੇ ਜਾਂ ਇਕ ਦੂਜੇ ਵਿਚ ਵਿੱਥ ਪਈ ਹੋਵੇ । ਦੋਵੇਂ ਇਕੋ ਮੰਜ਼ਿਲ ਤੇ ਪਹੁੰਚਣਾ ਚਾਹੁੰਦੇ ਸਨ । ਕੁਝ ਲੋਕ ਕਮੇਟੀ ਦੇ ਪ੍ਰਧਾਨ ਤੇ ਸੈਕਟਰੀ ਸਨ ਤੇ ਕੁਝ ਲੋਕ ਪ੍ਰਿੰਸੀਪਲ ਤੇ ਅਧਿਆਪਕ ਸਨ । ਦੋਹਾਂ ਦਾ ਨਿਸ਼ਾਨਾ ਇਕੋ ਸੀ । ਕੁਝ ਮਾੜਾ ਮੋਟਾ ਮਤਭੇਦ ਹੋ ਜਾਂਦਾ ਹੋਵੇ ਪਰ ਆਪਸ ਵਿਚ ਐਸੀ ਕਦੇ ਟੱਕਰ ਨਹੀਂ ਸੀ ਹੋਈ ਕਿ ਉਹ ਇਕ ਦੂਜੇ ਦੇ ਵੈਰੀ ਹੋ ਗਏ ਹੋਣ ।

ਇਸ ਦੇ ਮੁਕਾਬਲੇ ਵਿਚੋਂ ਸਿੱਖ ਸੰਸਥਾਵਾਂ ਵਲ ਵੇਖਦਿਆ ਹੋਇਆਂ ਇਹ ਪਤਾ ਲਗ ਜਾਂਦਾ ਹੈ ਕਿ ਹਾਲਾਤ ਕੁਝ ਹੋਰ ਹਨ । ਸਭ ਤੋਂ ਨਾਮੀ ਆਦਮੀ ਇਨ੍ਹਾਂ ਸੰਸਥਾਵਾਂ ਵਿਚ ਭਾਈ ਜੋਧ ਸਿੰਘ ਹੋਰਾਂ ਨੂੰ ਭਾਈ ਕਹਿ ਕੇ ਬੁਲਾਇਆ ਜਾਂਦਾ ਸੀ । ਇਹ ਖ਼ਾਲਸਾ ਕਾਲਜ ਅੰਮ੍ਰਿਤਸਰ

ਦੇ ਪੜ੍ਹ ਸਨ ਤੇ ਪੜ੍ਹ ਕੇ ਉਥੇ ਹੀ ਪ੍ਰੋਫੈਸਰ ਲਗ ਗਏ । ਕਿਉਂਕਿ ਇਹ ਧਾਰਮਿਕ ਵਿਦਿਆ ਵਿਚ ਵੀ ਨਿਪੁੰਨ ਸੀ । ਆਮ ਤੌਰ 'ਤੇ ਕਥਾ ਵਾਰਤਾ ਕਰਦੇ ਸਨ । ਇਸ ਲਈ ਉਨ੍ਹਾਂ ਦੇ ਨਾਂ ਨਾਲ ਭਾਈ ਲਫਜ਼ ਜੁੜ ਗਿਆ ।

ਜਦੋਂ 1908 ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਕਾਇਮ ਹੋਈ ਉਸ ਦੇ ਪਹਿਲੇ ਸਕੱਤਰ ਭਾਈ ਜੋਧ ਸਿੰਘ ਸਨ । ਉਸ ਵੇਲੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਸਨ, ਪਰ ਆਪਣੀ ਲਿਆਕਤ ਤੇ ਸਖਸ਼ੀਅਤ ਦੇ ਦਬਦਬੇ ਨਾਲ ਉਨ੍ਹਾਂ ਨੂੰ ਸਕੱਤਰ ਚੁਣ ਲਿਆ ਗਿਆ ।

ਗੁਰਦੁਆਰਾ ਲਹਿਰ ਨਾਲ ਭਾਈ ਜੋਧ ਸਿੰਘ ਦਾ ਕਾਫੀ ਸੰਬੰਧ ਰਿਹਾ । ਇਸ ਹੱਦ ਤਕ ਕਿ ਆਖਿਰ ਤੇ ਜਦੋਂ ਮੋਰਚਾ ਖਤਮ ਹੋਇਆ ਤਾਂ ਕੌਂਸਲ ਵਿਚ ਜਾ ਕੇ ਉਹ ਐਕਟ ਪਾਸ ਹੋਇਆ ਜਿਸ ਦੇ ਆਧਾਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ । ਭਾਈ ਜੋਧ ਸਿੰਘ ਉਸ ਕੌਂਸਲ ਦੇ ਮੈਂਬਰ ਚੁਣੇ ਗਏ । ਉਸ ਬਿਲ ਨੂੰ ਪਾਸ ਕਰਾਉਣ ਵਿਚ ਭਾਈ ਜੋਧ ਸਿੰਘ ਦਾ ਖਾਸਾ ਹੱਥ ਸੀ । ਉਸ ਵੇਲੇ ਉਨ੍ਹਾਂ ਦੀ ਉਮਰ ਕੋਈ ਜਿਆਦਾ ਨਹੀ ਸੀ, ਪਰ ਕੌਂਸਲ ਦੀ ਮੈਂਬਰੀ ਲਈ ਉਨ੍ਹਾਂ ਨੂੰ ਚੁਣਿਆ ਗਿਆ, ਕਿਉਂਕਿ ਇਸ ਮਾਮਲੇ ਵਿਚ ਲੋਕਾਂ ਦੀ ਸਾਂਝੀ ਰਾਇ ਸੀ ਕਿ ਉਹ ਕੰਮ ਯੋਗਤਾ ਨਾਲ ਨਿਭਾਉਣ ਵਾਸਤੇ ਭਾਈ ਜੋਧ ਸਿੰਘ ਹੀ ਠੀਕ ਰਹਿਣਗੇ।

ਕੋਈ 10-11 ਸਾਲ ਬਾਅਦ ਭਾਈ ਜੋਧ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣ ਗਏ ਤੇ ਕਈ ਸਾਲ ਕੰਮ ਕਰਦੇ ਰਹੇ । ਰਿਟਾਇਰ ਹੋਣ ਤੋਂ ਬਾਅਦ ਆਪ ਹੋਰ ਜਨਤਕ ਕੰਮਾਂ ਵਿਚ ਲਗ ਗਏ, ਪਰ ਜਦੋਂ ਪੰਜਾਬੀ ਯੂਨੀਵਰਸਿਟੀ ਬਣਨੀ ਸੀ ਤਾਂ ਪਹਿਲਾਂ ਸਰਕਾਰ ਨੇ ਇਕ ਕਮੇਟੀ ਬਣਾਈ । ਉਸ ਕਮੇਟੀ ਦੇ ਪ੍ਰਧਾਨ ਸਨ ਮਹਾਰਾਜ ਯਾਦਵਿੰਦਰ ਸਿੰਘ ਤੇ ਮੀਤ ਪ੍ਰਧਾਨ ਸਨ ਭਾਈ ਜੋਧ ਸਿੰਘ । ਸਾਰੀ ਰਿਪੋਰਟ ਭਾਈ ਸਾਹਿਬ ਨੇ ਤਿਆਰ ਕੀਤੀ, ਪਰ ਉਹ ਪ੍ਰਧਾਨ ਨਹੀਂ ਥਾਪੇ ਗਏ । ਕਾਰਨ ਇਕੋ ਸੀ । ਸਾਡੇ ਸਮਾਜ ਵਿਚ ਉਸ ਨੂੰ ਪਦਵੀ ਦਿੱਤੀ ਜਾਂਦੀ ਹੈ ਜਿਸ ਦੇ ਕੋਲ ਪੈਸਾ ਹੈ । ਜਿਸ ਦੇ ਕੋਲ ਬੁੱਧੀ ਜਾਂ ਲਿਆਕਤ ਹੈ ਉਸ ਨੂੰ ਨਹੀਂ ਦਿੱਤੀ ਜਾਂਦੀ ।

ਇਹ ਗੱਲ ਕਹਿਣ ਦਾ ਮਤਲਬ ਇਹ ਨਹੀਂ ਕਿ ਮਹਾਰਾਜਾ ਯਾਦਵਿੰਦਰ ਸਿੰਘ ਕਿਸੇ ਲਿਹਾਜ਼ ਨਾਲ ਉਸ ਪਦਵੀ ਦੇ ਯੋਗ ਨਹੀਂ ਸਨ । ਇਹ ਗੱਲ ਸਿਰਫ ਇਸ ਲਈ ਕਹੀ ਜਾ ਰਹੀ ਹੈ ਕਿ ਜਿਸ ਤਰ੍ਹਾਂ ਦੇ ਮਾਹਿਰ ਭਾਈ ਜੋਧ ਸਿੰਘ ਉਸ ਤਰ੍ਹਾਂ ਦੇ ਮਾਹਿਰ ਮਹਾਰਾਜਾ ਯਾਦਵਿੰਦਰ ਸਿੰਘ ਨਹੀਂ ਸਨ । ਕਿਸੇ ਹੋਰ ਕਮੇਟੀ ਵਿਚ ਉਨ੍ਹਾਂ ਦਾ ਪ੍ਰਧਾਨ ਬਨਣਾ ਜ਼ਿਆਦਾ ਯੋਗ ਸੀ, ਪਰ ਯੂਨੀਵਰਸਿਟੀ ਦੀ ਸਥਾਪਨਾ ਵਿਚ ਪ੍ਰਧਾਨ ਬਣਨ ਦਾ ਹੱਕ ਭਾਈ ਜੋਧ ਸਿੰਘ ਦਾ ਸੀ । ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਇਕ ਸਾਲ ਬਾਅਦ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਉਸ ਦੇ ਵਾਈਸ ਚਾਂਸਲਰ ਭਾਈ ਜੋਧ ਸਿੰਘ ਨੂੰ ਬਣਾਇਆ ਗਿਆ ।

ਇਕ ਗੱਲ ਹੋਰ, ਮਹਾਤਮਾ ਹੰਸਰਾਜ ਕਾਫੀ ਸਾਲ ਡੀ.ਏ.ਵੀ. ਕਮੇਟੀ ਦੇ ਪ੍ਰਧਾਨ ਰਹੇ। ਉਨ੍ਹਾਂ ਦੇ ਗੁਜ਼ਰ ਜਾਣ ਬਾਅਦ ਕੁਝ ਹੋਰ ਲੋਕ ਆਏ । 1947 ਤੋਂ ਬਾਅਦ ਜਿਸ ਵੇਲੇ ਡੀ.ਏ.ਵੀ. ਮੈਨੇਜਿੰਗ ਕਮੇਟੀ ਨੇ ਦਿੱਲੀ ਵਿਚ ਆਪਣਾ ਪਹਿਲਾ ਕਾਲਜ ਖੋਲਿਆ ਤਾਂ ਉਸ ਦਾ ਨਾਂ ਹੰਸਰਾਜ 'ਤੇ ਰੱਖਿਆ ਸੀ । ਭਾਈ ਜੋਧ ਸਿੰਘ ਨੂੰ ਗੁਜਰਿਆਂ ਕੁਝ ਸਾਲ ਹੋ ਗਏ ਨੇ । ਕੀ ਕਿਸੇ ਥਾਂ ਤੇ ਕੋਈ ਵੀ ਸੰਸਥਾ ਨਾਲ ਭਾਈ ਜੋਧ ਸਿੰਘ ਦਾ ਨਾਂ ਜੋੜਿਆ ਗਿਆ? ਇਹ ਸਾਰੀ ਗਲਿ ਮੈਂ ਇਸ ਲਈ ਕਹੀ ਹੈ ਕਿ ਜਿੰਨਾ ਚਿਰ ਸਿੱਖ ਅਦਾਰਿਆਂ ਵਿਚ ਉਥੋਂ ਦੇ ਮੁੱਖੀ ਅਧਿਆਪਕਾਂ ਨੂੰ ਇੱਜ਼ਤ ਨਹੀਂ ਦਿੰਦੇ ਉਨ੍ਹਾਂ ਨੂੰ ਜਨਤਾ ਦੇ ਸਾਹਮਣੇ ਆਪਣੇ ਹੱਕ ਵਿਚ ਤੇ ਆਪਣੀ ਯੋਗਤਾ



Sri Satguru Jagjit Singh Ji eLibrary NamdhariElibrary@gmail.com

ਦੇ ਆਧਾਰ ਤੇ ਯੋਗ ਥਾਂ ਨਹੀ ਦਿੱਤੀ ਜਾਵੇਗੀ, ਸਿੱਖ ਅਦਾਰਿਆਂ ਵਿਚ ਉਸ ਕਿਸਮ ਦੀ ਤਰੱਕੀ ਨਹੀਂ ਹੋ ਸਕੇਗੀ ਜਿਹੜੀ ਕਿ ਹੋਣੀ ਚਾਹੀਦੀ ਹੈ ।

ਆਪਣੀ ਗੱਲ ਖਤਮ ਕਰਨ ਤੋਂ ਪਹਿਲਾਂ ਮੈਂ ਉਸ ਚਰਚਾ ਦਾ ਜ਼ਿਕਰ ਕਰਨਾ ਚਾਹਵਾਂਗਾ ਜੋ ਅੱਜਕਲ ਦਿੱਲੀ ਵਿਚ ਚਲ ਰਹੀ ਹੈ । ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਤੋਂ ਪਹਿਲਾਂ ਇਕ ਐਲਾਨਨਾਮਾ ਕੱਢਿਆ ਗਿਆ । ਉਸ ਦੇ ਵਿਚ ਇਹ ਵਾਅਦਾ ਕੀਤਾ ਗਿਆ। ਕਿਉਂਕਿ ਆਮ ਜਨਤਾ ਵਿਚ ਸਿੱਖ ਸੰਸਥਾਵਾਂ ਦੇ ਕੰਮ ਕਰਨ ਬਾਰੇ ਬਹੁਤ ਸ਼ਿਕਾਇਤਾਂ ਹਨ, ਇਸ ਲਈ ਚੋਣ ਤੋਂ ਬਾਅਦ ਇਕ ਸਿੱਖ ਐਜੂਕੇਸ਼ਨ ਕੌਂਸਲ ਬਣਾਈ ਜਾਵੇਗੀ । ਦਿੱਲੀ ਗੁਰਦੁਆਰਾ ਕਮੇਟੀ ਇਸ ਕੌਂਸਲ ਦੀ ਮਦਦ ਨਾਲ ਅਤੇ ਸਲਾਹ ਨਾਲ ਚਲੇਗੀ ਤਾਂ ਕਿ ਇਨ੍ਹਾਂ ਸੰਸਥਾਵਾਂ ਵਿਚ ਹਾਲਾਤ ਸੁਧਰ ਸਕਣ ।

ਚੋਣ ਹੋਇਆਂ ਮਹੀਨੇ ਤੋਂ ਵਧ ਹੋ ਗਿਆ ਹੈ । ਕੌਂਸਲ ਦਾ ਜ਼ਿਕਰ ਵੀ ਹੋ ਰਿਹਾ ਹੈ, ਪਰ ਜਿਹੜੀ ਹੁਣ ਦੀ ਗੁਰਦੁਆਰਾ ਕਮੇਟੀ ਹੈ ਉਹ ਉਸ ਗੱਲ ਤੋਂ ਸ਼ਾਇਦ ਮੁਨਕਰ ਹੋਣਾ ਚਾਹੁੰਦੀ ਹੈ । ਝਗੜਾ ਚਲ ਰਿਹਾ ਹੈ । ਮੈਂ ਜ਼ਿਆਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ, ਪਰ ਇਨ੍ਹਾਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਆਮ ਜਨਤਾ ਵਿਚ ਬੇਚੈਨੀ ਹੈ, ਉਹ ਵੇਖਦੇ ਹਨ ਕਿ ਮਾੜੇ ਨੰਬਰਾਂ ਵਾਲੇ ਨੂੰ ਨੌਕਰੀ ਮਿਲ ਜਾਂਦੀ ਹੈ । ਪਰ ਚੰਗੇ ਨੰਬਰਾਂ ਵਾਲੇ ਨੂੰ ਦਾਖਲਾ ਨਹੀਂ ਮਿਲਦਾ ਤੇ ਕਈ ਵਾਰੀ ਚੰਗੇ ਨੰਬਰਾਂ ਵਾਲੇ ਨੂੰ ਨੌਕਰੀ ਵੀ ਨਹੀਂ ਮਿਲਦੀ । ਇਹ ਸਾਰੇ ਝਗੜੇ ਖਾਸ ਕਿਸਮ ਦੇ ਵਿਭਚਾਰ ਵਿਚ ਪੈਦਾ ਹੁੰਦੇ ਹਨ । ਇਸ ਵਿਭਚਾਰ ਨੂੰ ਖਤਮ ਕਰਨਾ ਬੜਾ ਜ਼ਰੂਰੀ ਹੈ ।

ਅੱਜ ਇਹ ਕਹਿਣਾ ਮੁਸ਼ਕਿਲ ਹੈ ਕਿ ਕਲ ਕੀ ਹੋਵੇਗਾ । ਕੁਝ ਲੋਕ ਜਿਨ੍ਹਾਂ ਨੇ ਇਸ ਦੇ ਬਾਰੇ ਮੁਹਿੰਮ ਚਲਾਈ ਹੈ ਉਨ੍ਹਾਂ ਨੂੰ ਇਹ ਕਹਿਕੇ ਭੰਡਿਆ ਜਾ ਰਿਹਾ ਹੈ ਕਿ ਉਹ ਆਪਣੀ ਚੌਧਰ ਚਾਹੁੰਦੇ ਹਨ । ਅਸਲੀਅਤ ਇਹ ਹੈ ਕਿ ਉਹ ਚੌਧਰ ਨਹੀ ਚਾਹੁੰਦੇ । ਉਹ ਇਹ ਚਾਹੁੰਦੇ ਹਨ ਕਿ ਇਹ ਸੰਸਥਾਵਾਂ ਸਾਫ ਸੁਥਰੀਆਂ ਤੇ ਸਵੱਛ ਤਰੀਕੇ ਨਾਲ ਚਲਣ, ਪਰ ਪੁਰਾਣੀ ਪਰੰਪਰਾ ਦੇ ਕਾਇਮ ਰਹਿਣ ਵਾਲੇ ਲੋਕ ਇਸ ਨਵੇਂ ਨਿਜ਼ਾਮ ਨੂੰ ਮੰਨਣ ਲਈ ਤਿਆਰ ਨਹੀਂ । ਇਸ ਲਈ ਝਗੜੇ ਪੈਦਾ ਹੁੰਦੇ ਹਨ ।

ਮੇਰੀ ਸਮਝ ਵਿਚ ਦਿੱਲੀ ਵਿਚ ਜੋ ਫੈਸਲਾ ਹੋਵੇਗਾ ਉਸ ਦਾ ਅਸਰ ਪੰਜਾਬ ਤੇ ਵੀ ਪਵੇਗਾ ਤੇ ਹੋਰ ਥਾਵਾਂ ਤੇ ਵੀ ਪਵੇਗਾ । ਇਹ ਕਹਿਣਾ ਕਿ ਸ਼੍ਰੋਮਣੀ ਕਮੇਟੀ ਜਾਂ ਕਾਇਮ ਕੀਤੀਆਂ ਗਈਆਂ ਸੰਸਥਾਵਾਂ ਬਹੁਤ ਵਧੀਆਂ ਚਲ ਰਹੀਆਂ ਹਨ, ਬਿਲਕੁਲ ਠੀਕ ਨਹੀਂ ਹੋਵੇਗਾ । ਉਹ ਮਾੜੀਆਂ ਵੀ ਨਹੀਂ, ਪਰ ਉਹ ਚੰਗੀਆਂ ਵੀ ਨਹੀਂ । ਬਹੁਤ ਬੇਹਤਰ ਹੋ ਸਕਦੀਆਂ ਹਨ, ਪਰ ਸ਼ਰਤਾਂ ਇਹ ਹਨ:

ਪਹਿਲੀ, ਪੜ੍ਹੇ ਲਿਖੇ ਬੰਦਿਆਂ ਨੂੰ ਲੈ ਕੇ ਇੰਤਜਾਮ ਵਿਚ ਸ਼ਾਮਿਲ ਕੀਤਾ ਜਾਵੇ। ਖਾਸ ਕਰਕੇ ਉਹ ਲੋਕ ਜਿਨ੍ਹਾਂ ਨੇ ਆਪੋ ਆਪਣੇ ਕੰਮ ਵਿਚ ਨਾਮ ਪੈਦਾ ਕੀਤਾ ਹੈ ਤੇ ਜਿਨ੍ਹਾਂ ਦੇ ਬਾਰੇ ਚਰਚਾ ਹੁੰਦੀ ਹੈ । ਅਫਸੋਸ ਇਹ ਹੈ ਕਿ ਬਾਹਰ ਉਨ੍ਹਾਂ ਦੀ ਚਰਚਾ ਹੁੰਦੀ ਹੈ, ਪਰ ਆਪਣੀ ਕੌਮ ਉਨ੍ਹਾਂ ਨੂੰ ਪੁਛਦੀ ਤੱਕ ਨਹੀਂ । ਇਕ ਖਾਸ ਪਰੰਪਰਾ ਚਲ ਰਹੀ ਹੈ ਅਤੇ ਉਸ ਪਰੰਪਰਾ ਦੇ ਮੁਤਾਬਿਕ ਪੁਰਾਣੀਆਂ ਗੱਲਾਂ ਨੂੰ ਚਲਾਇਆ ਜਾ ਰਿਹਾ ਹੈ । ਸੁਧਾਰਿਆ ਨਹੀਂ ਜਾ ਰਿਹਾ।

ਦੂਜੀ ਸ਼ਰਤ ਇਹ ਹੈ ਕਿ ਸਿਆਸਤ ਘੱਟ ਕੀਤੀ ਜਾਵੇ । ਵਿਭਚਾਰ ਘੱਟ ਕੀਤਾ ਜਾਵੇ। ਪੈਸੇ ਤੇ ਦਬਦਬੇ ਨੂੰ ਘੱਟ ਥਾਂ ਦਿੱਤੀ ਜਾਵੇ ।



Sri Satguru Jagjit Singh Ji eLibrary NamdhariElibrary@gmail.com

# ਸਿੱਖ ਵਿਦਿਆ ਤੇ ਵਿਦਿਅਕ ਸੰਸਥਾਵਾਂ

ਪ੍ਰਿੰਸੀਪਲ ਹਰਸਿਮਰਨ ਸਿੰਘ

ਵੀਹਵੀਂ ਸਦੀ ਦੇ ਇਸ ਅਖੀਰਲੇ ਵਰ੍ਹਿਆਂ 'ਤੇ ਜਦੋਂ ਮਨੁੱਖ ਰਾਹੀਂ ਆਪਣੇ ਸਵੈ-ਪ੍ਰਬੰਧ ਲਈ ਸਿਰਜੇ ਗਏ ਰਾਜਨੀਤਿਕ, ਵਿਚਾਰਧਾਰਕ ਤੇ ਪ੍ਰਬੰਧਕੀ ਆਦਿ ਢਾਂਚੇ ਟੁੱਟ ਰਹੇ ਹਨ ਤਾਂ ਸਿੱਖ ਵਿਚਾਰਧਾਰਾ ਤੇ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਨੂੰ ਇਕ ਨਵਾਂ ਸੰਦੇਸ਼ ਦੇਣ ਲਈ ਨਵੇਂ ਸੂਰਜ ਦੇ ਰੂਪ ਵਿਚ ਉਦੈ ਹੋ ਰਹੇ ਹਨ।

ਇਹ ਠੀਕ ਹੈ ਕਿ ਸਿੱਖ ਪੰਥ ਦੇ ਕੰਮ ਕਰਨ ਦੇ ਸਮੁੱਚੇ ਢਾਂਚੇ ਵਿਚ, ਸਮੇਤ ਵਿਦਿਅਕ ਢਾਂਚੇ ਦੇ ਕਈ ਗੰਭੀਰ ਊਣਤਾਈਆਂ ਹਨ, ਪਰ ਉਨ੍ਹਾਂ 'ਤੇ ਵਿਰਲਾਪ ਕਰਨ ਨਾਲੋਂ ਸਿੱਖ ਸਮਾਜ ਨੂੰ ਇਕ ਨਵੀਂ ਤਰਤੀਬ ਦੇਣ ਲਈ ਆਰੰਭਕ ਨੁਕਤਾ ਇਹ ਹੈ ਕਿ ਸਿੱਖ ਚੇਤਨਾ ਨੂੰ ਬਦਲਿਆ ਜਾਵੇ। ਸਿੱਖ ਸਮਾਜ ਦਾ ਇਸ ਤਰ੍ਹਾਂ ਸੁਧਾਰ ਕੀਤਾ ਜਾਏ ਕਿ ਸਿੱਖ ਆਪਣਾ ਸੁਧਾਰ ਕਰਦੇ ਹੋਏ ਮਨੁੱਖਤਾ ਦਾ ਵੀ ਕੁਝ ਸੁਧਾਰ ਸਕਣ। ਸਿੱਖ ਸਮਾਜ ਦੇ ਸੋਚਣ ਦੇ ਢੰਗ ਨੂੰ ਬਦਲਣ ਲਈ ਇਕੋ ਇਕ ਪੱਕਾ ਆਧਾਰ ਗੁਰੂ ਸਾਹਿਬਾਨ ਤੇ ਮਹਾਨ ਸਿੱਖਾਂ ਵਲੋਂ ਪਾਏ ਪੂਰਨਿਆਂ 'ਤੇ ਕਰਨੀ 'ਤੇ ਚੱਲਣ ਨਾਲ ਮਿਲ ਜਾਵੇਗਾ।

ਜੋ ਲੋਕ ਭਵਿੱਖ ਦੀ ਆਸ ਹੁੰਦੇ ਹਨ ਉਨ੍ਹਾਂ ਨੂੰ ਹਰ ਖੇਤਰ ਵਿਚ ਦੋ ਸਿਰੀ ਰਣਨੀਤੀ ਅਪਣਾਉਣੀ ਪੈਂਦੀ ਹੈ। ਵਿਦਿਅਕ ਸੰਸਥਾਵਾਂ ਵਿਚ ਦਿੱਤੀ ਜਾਣ ਵਾਲੀ ਮਿਆਰੀ ਵਿਦਿਆ ਦਾ ਕਿਉਂਕਿ ਇਕ ਵਿਸ਼ੇਸ਼ ਯੋਗਦਾਨ ਹੁੰਦਾ ਹੈ ਇਸ ਲਈ ਸਿੱਖ ਪੰਥ ਨੂੰ ਸਮੁੱਚੇ ਵਿਸ਼ਵ ਵਿਚ ਫੈਲੀਆਂ ਸਿੱਖੀ ਆਭਾ ਵਾਲੀਆਂ ਵਿਦਿਅਕ ਸੰਸਥਾਵਾਂ ਦੇ ਕੰਮ ਕਰਨ ਦੇ ਢਾਂਚੇ ਪ੍ਰਬੰਧ ਵਿਦਿਅਕ ਸਿਲੇਬਸ, ਮਿਆਰ ਤੇ ਮਿੱਥੇ ਗਏ ਨਿਸ਼ਾਨਿਆਂ ਦੀ ਪ੍ਰਾਪਤੀ ਦੇ ਲੇਖੇ ਜੋਖੇ ਉੱਤੇ ਨਵੇਂ ਸਿਰਿਓਂ ਨਜ਼ਰਸਾਨੀ ਕਰਨੀ ਪਵੇਗੀ। ਪੰਥ ਨੂੰ ਪੰਥ ਦੁਆਰਾ ਤੇ ਪੰਥ ਤੇ ਮਨੁੱਖਤਾ ਦੇ ਭਲੇ ਲਈ ਆਪਣੀ ਇਕ ਅਜਿਹੀ ਸਿੱਖ ਵਿਦਿਅਕ ਨੀਤੀ ਅਥਵਾ ਢਾਂਚਾ ਤਿਆਰ ਕਰਨਾ ਪਵੇਗਾ ਕਿ ਸਿੱਖ ਸਮਾਜ ਦੀਆਂ ਵਿਦਿਅਕ ਸੰਸਥਾਵਾਂ ਇਕ ਨਵਾਂ ਵਿਦਿਅਕ ਸੱਭਿਆਚਾਰ ਸਿਰਜਣ ਵਿਚ ਸਹਾਈ ਹੋ ਸਕਣ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਸਿੱਖੀ ਆਭਾ ਵਾਲੀਆ ਵਿਦਿਅਕ ਸੰਸਥਾਵਾਂ ਸਕੂਲ ਕਾਲਜ ਤੇ ਯੂਨੀਵਰਸਿਟੀਆਂ ਦਾ ਪੈਗਾਮ ਦੇਣ ਲਈ ਸਿੱਖ ਪੈਸੇ ਨਾਲ ਬੜੀ ਸ਼ਾਨ ਨਾਲ ਸ਼ੁਰੂ ਕੀਤੀਆਂ ਜਾਂਦੀਆਂ ਹਨ। ਪਰ ਇਹ ਛੇਤੀ ਹੀ ਭਾਰਤੀ ਵਿਦਿਅਕ ਪ੍ਰਣਾਲੀ ਤੇ ਯੂ.ਜੀ.ਸੀ. ਆਦਿ ਪੰਜਾਲੀ ਦੀ ਜਕੜ ਵਿਚ ਆ ਕੇ ਆਪਣੇ ਅਸਲ ਮਕਸਦ ਨੂੰ ਪਿੱਛੇ ਸੁੱਟ ਦਿੰਦੀਆਂ ਹਨ ਜਾਂ ਸੁੱਟਣ ਲਈ ਮਜਬੂਰ ਹੁੰਦੀਆਂ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਵਿਦਿਅਕ ਸੰਸਥਾਵਾਂ ਭਾਰਤੀ ਵਿਦਿਅਕ ਪ੍ਰਣਾਲੀ ਤੋਂ ਅਲੱਗ ਹੋ ਕੇ ਨਹੀਂ ਵਿਚਰ ਸਕਦੀਆਂ। ਪਰ ਅਜਿਹੇ ਪ੍ਰਬੰਧ ਸੰਭਵ ਹਨ, ਜਿਸ ਬਾਰੇ ਭਾਰਤੀ ਸੰਵਿਧਾਨ ਵੀ ਇਜ਼ਾਜਤ ਦਿੰਦਾ ਹੈ ਕਿ ਸਿੱਖ ਪੰਥ ਆਪਣੇ ਵਿਰਸੇ ਦੀ ਸੰਭਾਲ, ਸਿੱਖ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਤੇ ਗੁਰਮਤਿ ਦੀ ਖੋਜ ਤੇ ਕੌਮੀ ਅਧਿਕਾਰਾਂ ਦੀ ਪ੍ਰਾਪਤੀ ਲਈ ਸਿੱਖ ਦ੍ਰਿਸ਼ਟੀਕੋਣ ਵਾਲੀਆਂ ਸੰਸਥਾਵਾਂ ਵੀ ਚਲਾ ਸਕਦਾ ਹੈ। ਅਜਿਹੀਆਂ ਸੰਸਥਾਵਾਂ ਅੱਗੇ ਜਾ ਕੇ ਸਿੱਖੀ ਦੇ ਮੂਲ ਮਕਸਦ ਨੂੰ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਉਣ ਲਈ ਅਜਿਹੇ ਬਹੁਪੱਖੀ ਸਖਸ਼ੀਅਤ ਵਾਲੇ ਵਿਅਕਤੀ ਤੇ ਆਗੂ ਪੈਦਾ ਕਰ ਸਕਦੀਆਂ ਹਨ, ਜਿੰਨਾਂ ਉੱਤੇ



Sri Satguru Jagjit Singh Ji eLibrary NamdhariElibrary@gmail.com

ਮਨੁੱਖਤਾ ਨਾਜ਼ ਕਰ ਸਕੇ । ਲੋੜ ਸਿਰਫ ਇਸ ਸੰਬੰਧੀ ਪਹਿਲਾ ਕਦਮ ਪੁੱਟਣ ਦੀ ਹੈ। ਇਕ ਇੱਛਾ ਬਲ ਧਾਰਨ ਕਰਨਾ ਹਰ ਨਵੇਂ ਇਨਕਲਾਬ ਦਾ ਬੀਜ ਹੁੰਦਾ ਹੈ । ਨਵੀਂ ਸਿੱਖ ਵਿਦਿਅਕ ਲਹਿਰ ਤੇ ਇਨਕਲਾਬ ਸਿੱਖ ਸਮਾਜ, ਭਾਰਤੀ ਸਭਿਅਤਾ ਤੇ ਮਨੁੱਖਤਾ ਦੇ ਭਲੇ ਲਈ ਹੀ ਹੋਵੇਗਾ ।

ਪਿਛਲੇ ਕੁਝ ਸਮੇਂ ਤੋਂ ਸਿੱਖ ਸਮਾਜ ਵਿਚ ਗੁਰਧਾਮਾਂ ਤੇ ਜਾਤੀ ਡੇਰਿਆਂ ਦੀ ਉਸਾਰੀ ਬੜੇ ਜ਼ੋਰਾਂ ਨਾਲ ਚੱਲ ਰਹੀ ਹੈ। ਕਈ ਸੰਤਾਂ ਵਿਚਕਾਰ ਅਜਿਹੀਆਂ ਕਈ ਮੰਜਲਾਂ ਇਮਾਰਤਾਂ ਬਣਾਉਣ ਦੀ ਦੌੜ ਲੱਗੀ ਹੋਈ ਹੈ, ਜਿੰਨ੍ਹਾਂ ਨੇ ਸੇਵਾ ਦੇ ਨਾਂਅ 'ਤੇ ਸਿੱਖ ਮਨੁੱਖੀ ਵਸੀਲਿਆਂ ਦੀ ਗ਼ਲਤ ਵਰਤੋਂ ਦਾ ਪ੍ਰਭਾਵ ਦਿੱਤਾ ਹੈ ।

ਹੁਣ ਇਸ ਸੇਵਾ ਨੂੰ ਅਜਿਹੇ ਮੋੜ ਦੇਣ ਦਾ ਸਮਾਂ ਆ ਗਿਆ ਹੈ, ਜਿੱਥੇ ਇਨ੍ਹਾਂ ਕਾਰ ਸੇਵਾ ਵਾਲੇ ਸੰਤਾਂ ਮਹਾਂਪੁਰਖਾਂ ਦੁਆਰਾ ਬਣਾਈਆਂ ਇਮਾਰਤਾਂ ਨੂੰ ਗਿਆਨ ਸੇਵਾ ਤੇ ਵਿੱਦਿਆ ਦੇ ਪ੍ਰਸਾਰ ਲਈ ਵਰਤਿਆ ਜਾਵੇ । ਇਹ ਗੱਲ ਤਸੱਲੀ ਵਾਲੀ ਹੈ ਕਿ ਇਸ ਦਿਸ਼ਾ ਵਿਚ ਇਕ ਸੁਖਾਵਾਂ ਮੋੜ ਆ ਰਿਹਾ ਹੈ ਤੇ ਕੁਝ ਜਾਗਰੂਕ ਸੰਤ ਮਹਾਤਮਾ ਹੁਣ ਵਿਦਿਅਕ ਸੰਸਥਾਵਾਂ ਵੀ ਬਣਾ ਤੇ ਚਲਾ ਰਹੇ ਹਨ । ਇਸ ਦੇ ਨਾਲ ਹੀ ਪੰਥ ਦੇ ਵਿਦਿਅਕ ਮਾਹਰਾਂ ਉੱਤੇ ਅਧਾਰਿਤ ਇਕ ਅਜਿਹਾ ਪੈਨਲ ਬਣਨਾ ਚਾਹੀਦਾ ਹੈ, ਜੋ ਸਮਾਂਬੱਧ ਯੋਜਨਾ ਅਧੀਨ ਹੋਰ ਗੱਲਾਂ ਦੇ ਨਾਲ-ਨਾਲ ਉਨ੍ਹਾਂ ਸਰਵਗੁਣੀ ਸੰਪੰਨ ਅਧਿਆਪਕਾਂ ਨੂੰ ਵੀ ਤਿਆਰ ਕਰੇ ਜੋ ਅੱਜ ਦੇ ਆਧੁਨਿਕ ਯੁੱਗ ਦੀਆਂ ਸਮੱਸਿਆਵਾਂ ਨਾਲ ਜੂਝਦੇ ਹੋਏ ਆਧੁਨਿਕ ਈਡੀਅਮ ਵਿਚ ਸਿੱਖ ਪੰਥ ਦੀ ਆਉਣ ਵਾਲੀ ਪਨੀਰੀ ਨੂੰ ਵਿਦਿਆ ਦੇਣ ਲਈ ਸਮਰਪਿਤ ਹੋਣ । ਅਜਿਹੇ ਪੈਨਲ ਨੂੰ ਹੀ ਵਿਸ਼ਵ ਭਰ ਵਿਚ ਵਸੀ ਸਿੱਖ ਵਸੋਂ ਲਈ ਖ਼ਾਲਸਾ ਆਧੁਨਿਕ ਵਿਦਿਅਕ ਸੰਸਥਾਵਾਂ 'ਤੇ ਲਾਇਬ੍ਰੇਰੀਆਂ ਦਾ ਪੂਰਾ ਨੈੱਟਵਰਕ ਸਥਾਪਤ ਕਰਨ ਲਈ ਨੀਤੀ ਤਹਿ ਕਰਨ ਦਾ ਕੰਮ ਵੀ ਸੌਂਪਣਾ ਚਾਹੀਦਾ ਹੈ, ਜਿਸ ਨਾਲ ਪਹਿਲਾਂ ਵਾਲੀਆਂ ਖ਼ਾਲਸਾ ਸੰਸਥਾਵਾਂ ਦਾ ਵਿਦਿਅਕ ਸਭਿਆਚਾਰ ਨਵੇਂ ਰੂਪ ਵਿਚ ਪੈਦਾ ਹੋ ਜਾਵੇ । ਸਿੱਖ ਮਾਨਸਿਕਤਾ 'ਤੇ ਉਗਰ ਰੂਪ ਵਿਚ ਛਾਏ ਹੋਏ ਤਲਵਾਰ 'ਤੇ ਸੰਘਰਸ਼ ਦੀ ਪਹੁੰਚ ਨੂੰ ਸਾਧ ਕੇ ਕਲਮ ਰਾਹੀਂ ਇਨਕਲਾਬ ਲਿਆ ਕੇ ਕੌਮ ਨੂੰ ਗਿਆਨ ਸਿਆਣਪ ਨੀਤੀ ਤੇ ਇਕ ਪੈਂਤੜੇ ਉੱਤੇ ਲਿਆਉਣ ਲਈ ਯਤਨ ਕੀਤੇ ਜਾਣ ਜਿਸ ਲਈ ਪੰਥ ਦੀਆਂ ਮਿਆਰੀ ਵਿਦਿਅਕ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ । ਇਸ ਮਕਸਦ ਲਈ ਇਕ ਪੂਰੇ ਪੱਧਰ ਦੀ ਸਿੱਖ ਰੈਨੇਸਾਂਸ ਦੀ ਲਹਿਰ ਚਲਾਉਣੀ ਪਵੇਗੀ ।

ਜਦੋਂ ਕੌਮਾਂ ਗਰਦਿਸ਼ ਦੇ ਸਮੇਂ ਵਿਚ ਲੰਘ ਰਹੀਆਂ ਹੁੰਦੀਆਂ ਹਨ ਤਾਂ ਉਸ ਕੌਮ ਦੀਆਂ ਮਾਵਾਂ ਨੂੰ ਵੀ ਅਜਿਹੀ ਚਿੰਤਾ ਲੱਗ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਔਲਾਦ ਜਾਂ ਪੈਦਾ ਹੋਣ ਵਾਲੇ ਬੱਚੇ ਕੌਮ ਦੇ ਵਿਰਸੇ ਤੇ ਵਿਚਾਰਧਾਰਾ ਤੋਂ ਜਾਣੂ ਹੋ ਸਕਣ । ਇਸ ਲਈ ਅਜਿਹੇ ਪ੍ਰਬੰਧ ...ਰੀ ਤੌਰ 'ਤੇ ਅਮੀਰ ਵਿਅਕਤੀ, ਜਿਨ੍ਹਾਂ ਨੂੰ ਗੁਰੂ ਪੰਥ ਦੀ ਸੇਵਾ ਕਰਨ ਲਈ ਬਹੁਤ ਕੁਝ ਬਖ਼ਸ਼ਿਆ ਹੈ, ਉਨ੍ਹਾਂ 'ਤੇ ਆਧਾਰਿਤ ਇਕ ਅਜਿਹੀ ਸੰਸਥਾ ਹੋਂਦ ਵਿਚ ਲਿਆਂਦੀ ਜਾਵੇ ਜੋ ਆਪਣੇ ਵੱਲੋਂ ਹਰ ਸਿੱਖ ਵਿਦਿਅਕ ਸੰਸਥਾ ਨੂੰ ਗੁਰਮਿਤ ਵਿਚ ਪ੍ਰਵੀਨ ਸਿੱਖਿਅਤ ਅਧਿਆਪਕ ਦੇਣ ਜੋ ਇਕ ਨਿਯਮ ਬੱਧ ਸਮੇਂ ਦੇ ਸਿਲੇਬਸ ਅਨੁਸਾਰ ਧਾਰਮਿਕ ਤੇ ਨੈਤਿਕ ਵਿਦਿਆ ਦੇਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਜਾਂ ਅਜਿਹੀਆਂ ਹੀ ਹੋਰ ਸੰਸਥਾਵਾਂ 'ਤੇ ਸਖਸ਼ੀਅਤਾਂ ਮਿਲ ਕੇ ਇਸ


Sri Satguru Jagjit Singh Ji eLibrary NamdhariElibrary@gmail.com

ਸੰਬੰਧੀ ਅਗਵਾਈ ਦੇ ਸਕਦੇ ਹਨ। ਇਸ ਦੇ ਨਾਲ ਹੀ ਸਿੱਖ ਸੰਸਥਾਵਾਂ ਵਿਚ ਕਮਿਊਨਿਜ਼ਮ ਅਤੇ ਕਮਿਊਨਿਸਟ ਦਾ ਕਿਸੇ ਵੀ ਕਿਸਮ ਦੇ ਦਖ਼ਲ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿਚ ਇਕ ਨਵੀਂ ਨੀਤੀ ਤਹਿਤ ਤੇਜ਼ੀ ਲਿਆਉਣੀ ਪੰਥ ਦੇ ਭਵਿੱਖ ਨੂੰ ਹੋਰ ਉੱਜਲ ਕਰ ਦੇਵੇਗੀ।

ਅੱਜ ਹਰ ਸਮਾਜ ਅਨਪੜ੍ਹਤਾ ਦੇ ਸਰਾਪ ਤੋਂ ਬਚਣ ਲਈ ਨਵੇਂ ਉਦਮ ਕਰ ਰਿਹਾ ਹੈ। ਵਿਦਿਆ ਤੇ ਵਿਦਿਅਕ ਸੰਸਥਾਵਾਂ ਦੇ ਇਤਨੇ ਪਸਾਰੇ ਦੇ ਬਾਵਜੂਦ ਅੱਜ ਵੀ ਸਿੱਖਾਂ ਦੀ ਵੱਡੀ ਆਬਾਦੀ ਅਨਪੜ੍ਹਤਾ 'ਤੇ ਅੰਧ-ਵਿਸ਼ਵਾਸ ਵਿਚ ਜਕੜੀ ਹੋਈ ਗੁਰੂ ਤੋਂ ਬੇਮੁੱਖ ਹੋ ਕੇ ਭਟਕ ਰਹੀ ਹੈ। ਸਿੱਖ ਪੰਥ ਦੇ ਸਿਆਣੇ ਅਜਿਹੇ ਪ੍ਰਬੰਧ ਕਰਨ ਕਿ 1999 ਈ. ਤੱਕ ਕੋਈ ਸਿੱਖ ਤੇ ਪੰਜਾਬੀ ਅਨਪੜ੍ਹ ਨਹੀਂ ਰਹਿਣਾ ਚਾਹੀਦਾ। ਸਿੱਖ ਇਤਿਹਾਸ ਦੇ ਵਹਾਅ ਨੂੰ ਮਹਿਜ਼ ਐਕਸੀਡੈਂਟ ਜਾਂ ਮੌਕਾ ਮੇਲਾ ਉੱਤੇ ਹੀ ਨਹੀਂ ਛੱਡਿਆ ਜਾ ਸਕਦਾ। ਸਿੱਖ ਪੰਥ ਤੇ ਮਨੁੱਖਤਾ ਦਾ ਭਵਿੱਖ ਆਪਸ ਵਿਚ ਪੂਰਕ ਹਨ। ਸਮਾਂ ਬਹੁਤ ਤੇਜ਼ੀ ਨਾਲ ਵੱਧ ਰਿਹਾ ਹੈ। ਹੋਰ ਅਵੇਸਲਾਪਣ ਪੰਥ ਤੇ ਮਨੁੱਖਤਾ ਲਈ ਖਤਰਨਾਕ ਸਾਬਤ ਹੋਵੇਗਾ। ਸਿੱਖ ਪੰਥ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਨਵੇਂ ਸਿੱਖ ਸਮਾਜ ਤੇ ਨਵੇਂ ਸਿੱਖ ਦੀ ਸਿਰਜਣਾ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ। ਆਓ ਨਵਾਂ ਇੱਛਾ ਬਲ ਧਾਰਨ ਕਰੀਏ। ਇਕ ਨਵਾਂ ਭਵਿੱਖ ਸਾਨੂੰ ਇਸ਼ਾਰੇ ਨਾਲ ਬੁਲਾ ਰਿਹਾ ਹੈ। ਗੁਰੂ ਦੇ ਕੌਤਕ ਵੇਖਣ ਲਈ ਇਮਾਨਦਾਰੀ ਨਾਲ ਨਵਾਂ ਆਧਾਰ ਤਿਆਰ ਕਰੀਏ। ਗੁਰੂ ਕਦੇ ਵੀ ਆਪਣੇ ਪੰਥ ਤੋਂ ਦੂਰ ਨਹੀਂ। ਗੁਰੂ ਦੇ ਬਖਸ਼ੇ ਗਿਆਨ ਦੇ ਪ੍ਰਕਾਸ਼ ਨਾਲ ਪੰਥ ਦੀ ਨਰਸਰੀ ਵਿਚ ਨਵੀਂ ਚੇਤਨਾ, ਨਵਾਂ ਹੁਲਾਰਾ ਤੇ ਨਵਾਂ ਮਕਸਦ ਭਰ ਦੇਈਏ ਤਾਂ ਜੋ ਮਨੁੱਖਤਾ ਸਿੱਖ ਨੌਜਵਾਨੀ ਉੱਤੇ ਮਾਣ ਕਰ ਸਕੇ। ਨੀਲੇ ਦਾ ਸ਼ਾਹ ਸਵਾਰ ਪੰਥ ਦਾ ਵਾਲੀ ਆਪਣੀ ਬਿਰਧ ਬਾਣੇ ਦੀ ਆਪ ਰੱਖਿਆ ਕਰੇਗਾ।

-0-


## ਨੋਟ

| | |
|---|---|
| ਫੁਲ ਫੋਰ ਕਲਰ ਇਸ਼ਤਿਹਾਰ | 3000-00 ਰੁਪਏ |
| ਫੁਲ ਸਿੰਗਲ ਕਲਰ ਇਸ਼ਤਿਹਾਰ | 1000-00 ਰੁਪਏ |
| ਹਾਫ ਸਿੰਗਲ ਕਲਰ ਇਸ਼ਤਿਹਾਰ | 500 ਰੁਪਏ |
| ਮੈਗਜ਼ੀਨ ਦੋ ਸਾਲਾ ਚੰਦਾ | 90 ਰੁਪਏ |
| ਵਿਦੇਸ਼ ਲਈ ਦੋ ਸਾਲਾ ਚੰਦਾ | 20 ਪੌਂਡ ਜਾਂ 40 ਡਾਲਰ |


Sri Satguru Jagjit Singh Ji eLibrary NamdhariElibrary@gmail.com

# ਸਿੱਖ ਕੌਮ ਆਪਣੀਆਂ ਵਿਦਿਅਕ ਸੰਸਥਾਵਾਂ ਦੀ ਸਾਰ ਲਵੇ

**ਡਾ: ਮਹੀਪ ਸਿੰਘ ਦਿੱਲੀ**

ਲੱਗਭੱਗ ਚਾਰ ਦਹਾਕੇ ਤੱਕ ਸਿੱਖ ਵਿਦਿਅਕ ਸੰਸਥਾਵਾਂ ਵਿਚ ਸੇਵਾ ਕਰਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਤੋਂ ਬਾਅਦ ਮੈਂ ਇਹ ਗੱਲ ਕਹਿਣ ਲਈ ਮਜ਼ਬੂਰ ਹਾਂ ਕਿ ਸਾਡੀਆਂ ਇਨ੍ਹਾਂ ਸੰਸਥਾਵਾਂ ਦਾ ਮਿਆਰ, ਸਤਿਕਾਰ ਤੇ ਅਕਾਦਮਿਕ ਵਾਤਾਵਰਣ ਅਜਿਹਾ ਨਹੀਂ ਜਿਸ 'ਤੇ ਫ਼ਖ਼ਰ ਕੀਤਾ ਜਾ ਸਕੇ। ਸਾਡੀਆਂ ਸੰਸਥਾਵਾਂ ਹਰ ਪੱਖੋਂ ਵਿਚਲੇ ਮੇਲ (Mediocre) ਅਤੇ ਔਸਤ ਪੱਧਰ ਦੀਆਂ ਸੰਸਥਾਵਾਂ ਹਨ। ਇਕ ਵੇਲਾ ਸੀ ਜਦੋਂ ਸਿੱਖਾਂ ਵਿਚ ਬਾਵਾ ਹਰਕਿਸ਼ਨ ਸਿੰਘ, ਤੇਜਾ ਸਿੰਘ, ਜੋਧ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ ਵਰਗੀਆਂ ਸਖਸ਼ੀਅਤਾਂ ਹੁੰਦੀਆਂ ਸਨ। ਉਹ ਜਿਹੜੀਆਂ ਸੰਸਥਾਵਾਂ ਨਾਲ ਜੁੜੇ ਰਹੇ ਉਨ੍ਹਾਂ ਦਾ ਮਾਣ ਸਤਿਕਾਰ ਵੀ ਸੀ ਅਤੇ ਉਥੋਂ ਅਜਿਹੀਆਂ ਸਖਸ਼ੀਅਤਾਂ ਵੀ ਨਿਕਲੀਆਂ ਜਿੰਨ੍ਹਾਂ ਨੇ ਹਰ ਖੇਤਰ ਵਿਚ ਆਪਣੀ ਯੋਗਤਾ ਤੇ ਕਾਰਜ ਕੁਸ਼ਲਤਾ ਦਾ ਸਬੂਤ ਦਿੱਤਾ। ਪਿੱਛੋਂ ਇਨ੍ਹਾਂ ਦਾ ਪੱਧਰ ਹੇਠਾਂ ਡਿੱਗਦਾ ਚਲਾ ਗਿਆ।

ਮੈਂ ਸੋਚਦਾ ਹਾਂ ਕਿ ਘਾਟ ਕਿੱਥੇ ਹੈ? ਸਿੱਖ ਭਾਈਚਾਰੇ ਕੋਲ ਸਾਧਨ ਪਹਿਲਾਂ ਨਾਲੋਂ ਵੀ ਵੱਧ ਹਨ, ਵਿਦਿਆ ਦੀ ਤਾਂਘ ਤੇ ਲੋੜ ਵੀ ਪਹਿਲਾਂ ਨਾਲੋਂ ਜ਼ਿਆਦਾ ਹੈ। ਇਥੇ ਨਾ ਚੰਗੇ ਅਧਿਆਪਕਾਂ ਦੀ ਥੁੜ ਹੈ ਨਾ ਚੰਗੇ ਵਿਦਿਆਰਥੀਆਂ ਦੀ। ਪ੍ਰਤਿਭਾ (Talent) ਦੀ ਵੀ ਕੋਈ ਕਮੀਂ ਨਹੀਂ। ਫਿਰ ਕੀ ਕਾਰਨ ਹੈ ਕਿ ਆਲ ਇੰਡੀਆ ਸਰਵਸਿਜ਼ ਵਿਚ ਸਿੱਖ ਵਿਦਿਆਰਥੀ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਨਹੀਂ ਕਰਦੇ। ਜਿਹੜੇ ਕਰਦੇ ਵੀ ਹਨ, ਉਹ ਉਨ੍ਹਾਂ ਸੰਸਥਾਵਾਂ ਦੇ ਵਿਦਿਆਰਥੀ ਨਹੀਂ ਹੁੰਦੇ, ਜਿੰਨ੍ਹਾਂ ਦਾ ਸੰਚਾਲਨ ਸਿੱਖ ਅਦਾਰੇ ਕਰਦੇ ਹਨ।

ਉਨੀਵੀਂ ਸਦੀ ਦੇ ਅੰਤ ਵਿਚ ਜਦੋਂ ਨਵ-ਜਾਗਰਨ ਅਤੇ ਨਵੀਂ ਵਿੱਦਿਆ ਦੀ ਲਹਿਰ ਸਿੱਖਾਂ ਵਿਚ ਚੱਲੀ ਸੀ ਉਸ ਵੇਲੇ ਮੁੱਖ ਚੁਣੌਤੀ ਈਸਾਈ ਮਿਸ਼ਨ ਸਕੂਲਾਂ ਵਲੋਂ ਮਿਲੀ ਸੀ। ਸੰਨ 1878 ਈ. ਦੇ ਆਰੰਭ ਵਿਚ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਬਣਨ ਦੀ ਇੱਛਾ ਪ੍ਰਗਟ ਕੀਤੀ। ਇਸ ਗੱਲ ਨੇ ਸਿੱਖਾਂ ਵਿਚ ਬੜੀ ਬੇਚੈਨੀ ਪੈਦਾ ਕੀਤੀ ਸੀ ਅਤੇ ਨਤੀਜੇ ਵਜੋਂ ਸਿੱਖ ਸਕੂਲਾਂ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ ਸੀ। ਉਸ ਵੇਲੇ ਪੰਥ ਦੇ ਪਤਵੰਤੇ, ਸੂਝਵਾਨ ਤੇ ਪੜ੍ਹੇ-ਲਿਖੇ ਵਿਅਕਤੀਆਂ ਨੇ ਵਿਦਿਅਕ ਲਹਿਰ ਨੂੰ ਇਕ ਪ੍ਰਤੀਬੱਧਤਾ ਭਰੀ ਲਹਿਰ ਦੇ ਰੂਪ ਵਿਚ ਸ਼ੁਰੂ ਕੀਤਾ। ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਲੜੀ ਵਿੱਦਿਆ ਪ੍ਰਤੀ ਆਮ ਲੋਕਾਂ ਦੇ ਮਨਾਂ ਵਿਚ ਰੁਚੀ ਪੈਦਾ ਕੀਤੇ ਅਤੇ ਥਾਂ-ਥਾਂ 'ਤੇ ਖ਼ਾਲਸਾ ਸਕੂਲਾਂ ਅਤੇ ਕਾਲਜਾਂ ਨੂੰ ਸਥਾਪਿਤ ਕਰਨ ਦੀ ਮੁਹਿੰਮ ਤੁਰ ਪਈ। ਸਮਾਜ ਸੇਵਾ ਤੇ ਲੋਕ ਭਲਾਈ ਦਾ ਹਰ ਕੰਮ ਆਰੰਭ ਵਿਚ ਸੇਵਾ ਭਾਵ ਨਾਲ ਸ਼ੁਰੂ ਹੁੰਦਾ ਹੈ, ਫਿਰ ਉਸ ਨਾਲ ਅਨੇਕਾਂ ਪ੍ਰਕਾਰ ਦੇ ਸੁਆਰਥ ਜੁੜਨੇ ਸ਼ੁਰੂ ਹੋ ਜਾਂਦੇ ਹਨ। ਲੋਕਾਂ ਵਿਚ ਚੌਧਰ ਦੀ ਭੁੱਖ ਜਾਗ ਪੈਂਦੀ ਹੈ। ਜ਼ਰੂਰਤਮੰਦ ਬੰਦਿਆਂ 'ਤੇ ਅਹਿਸਾਨ ਕਰਨ ਅਤੇ ਫਿਰ ਉਨ੍ਹਾਂ ਤੋਂ ਨਿੱਜੀ ਲਾਭ ਉਠਾਉਣ ਦੀ ਬਿਰਤੀ ਪੈਦਾ ਹੋ ਜਾਂਦੀ ਹੈ। ਜਦੋਂ ਇਹ ਗੱਲਾਂ ਵਿਦਿਅਕ ਸੰਸਥਾਵਾਂ ਵਿਚ ਆਉਣੀਆਂ ਸ਼ੁਰੂ ਹੁੰਦੀਆਂ ਹਨ ਤਾਂ ਭ੍ਰਿਸ਼ਟਾਚਾਰ ਦੇ ਅਨੇਕ ਸੋਮੇ ਖੁੱਲ੍ਹ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਅੱਜ ਗੁਰਦੁਆਰਾ ਕਮੇਟੀਆਂ ਤੋਂ ਲੈ ਕੇ ਸਿੱਖ ਵਿਦਿਅਕ ਸੰਸਥਾਵਾਂ ਤੱਕ ਸਭ ਥਾਵਾਂ 'ਤੇ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਪ੍ਰਵੇਸ਼ ਕਰ ਚੁੱਕਾ ਹੈ ।

ਬੰਬਈ ਦੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਗੱਲ ਮੈਨੂੰ ਯਾਦ ਆਉਂਦੀ ਹੈ. ਉਥੇ ਮੈਂ 8 ਵਰ੍ਹੇ (1955 ਤੋਂ 1963) ਤੱਕ ਲੈਕਚਰਾਰ ਰਿਹਾ । ਪਹਿਲੇ ਦਿਨ ਤੋਂ ਹੀ ਮੈਨੂੰ ਇਹ ਮਹਿਸੂਸ ਹੋਣ ਲੱਗਾ ਪਿਆ ਕਿ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਮੁੱਖੀ ਅਤੇ ਪ੍ਰਿੰਸੀਪਲ ਵਿਚ ਡੂੰਘੀ ਖਿਚੋਤਾਣ ਹੈ । ਬੰਬਈ ਦਾ ਖ਼ਾਲਸਾ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦਾ ਕਾਲਜ ਹੈ । ਸ਼੍ਰੋਮਣੀ ਕਮੇਟੀ ਦੀ ਆਪਣੀ ਸਿਆਸਤ ਦਾ ਸਿੱਧਾ ਅਸਰ ਉਸ ਕਾਲਜ 'ਤੇ ਪੈਂਦਾ ਹੈ । ਉਸ ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਂਦੀ ਹੈ । ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੀ ਰੁੱਚੀ ਕਦੀ ਵੀ ਕਿਸੇ ਗੱਲ ਵਿਚ ਨਹੀਂ ਰਹੀ ਕਿ ਪੰਜਾਬ ਤੋਂ ਇੰਨੀ ਦੂਰ ਬਣਿਆ ਇਕ ਸਿੱਖ ਵਿਦਿਅਕ ਕੇਂਦਰ ਸਿੱਖਾਂ ਦੀ ਆਨ-ਸ਼ਾਨ ਨੂੰ ਉੱਚਾ ਕਰਨ ਵਾਲਾ, ਵਿਦਿਅਕ ਖੇਤਰ ਵਿਚ ਨਾਮਣਾ ਖੱਟਣ ਵਾਲਾ, ਉਥੋਂ ਦੇ ਲੋਕਾਂ ਨੂੰ ਸਿੱਖ ਧਰਮ ਦੇ ਆਦਰਸ਼ਾਂ ਤੇ ਪ੍ਰਾਪਤੀਆਂ ਦੀ ਵੱਡਮੁੱਲੀ ਜਾਣਕਾਰੀ ਦੇਣ ਵਾਲਾ ਕੇਂਦਰ ਬਣੇ । ਉਹ ਉਸ ਨੂੰ ਆਪਣੀ ਜਾਗੀਰ ਸਮਝ ਕੇ ਵਰਤਦੇ ਰਹਿੰਦੇ ਹਨ ਅਤੇ ਆਪਣੀ ਸੜੀ ਚਿੱਟੀ ਕਾਲੀ ਸਿਆਸਤ ਦਾ ਪੂਰਾ ਪਰਛਾਵਾਂ ਉਸ 'ਤੇ ਪਾਉਂਦੇ ਰਹਿੰਦੇ ਹਨ। ਇਸ ਲਈ ਉਸ ਕਾਲਜ ਦਾ ਪ੍ਰਬੰਧ ਆਮ ਤੌਰ 'ਤੇ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਦਿੱਤਾ ਜਾਂਦਾ ਹੈ ਜੋ ਸ਼੍ਰੋਮਣੀ ਕਮੇਟੀ ਦੀ ਸਿਆਸਤ ਦੀ ਉਥੇ ਰਾਖੀ ਕਰ ਸਕਣ, ਉਸ ਦੀਆਂ ਮਾਇਕ ਅਤੇ ਹੋਰ ਕਿਸਮ ਦੀਆਂ ਲੋੜਾਂ ਪੂਰੀਆਂ ਕਰ ਸਕਣ ।

ਇਹੋ ਕਾਰਨ ਹੈ ਕਿ ਚੰਗੇ ਤੋਂ ਚੰਗੇ ਪ੍ਰਿੰਸੀਪਲ ਨੂੰ ਵੀ ਉਥੇ ਖੁੱਲ੍ਹ ਕੇ ਰਚਨਾਤਮਕ ਢੰਗ ਨਾਲ ਆਪਣੀ ਯੋਗਤਾ ਵਿਖਾਉਣ ਦਾ ਮੌਕਾ ਨਹੀਂ ਮਿਲਿਆ । ਸਥਾਨਕ ਮੈਨੇਜਮੈਂਟ ਦੇ ਮੁੱਖੀ ਉਸ ਤੋਂ ਉਲਟੇ-ਸਿੱਧੇ ਕੰਮ ਕਰਾਉਣ ਲਈ ਉਸ ਦੇ ਗਲੇ ਪਏ ਰਹਿੰਦੇ ਸਨ । ਜੇ ਉਹ ਮੰਨੇ ਤਾਂ ਗੁਨਾਹਗਾਰ, ਜੇ ਨਾ ਮੰਨੇ ਤਾਂ ਧੌਣ ਉੱਤੇ ਲਟਕਦੀ ਅਸੁਰੱਖਿਆ ਦੀ ਨੰਗੀ ਤਲਵਾਰ। ਤੇਜਾ ਸਿੰਘ, ਗੁਰਬਚਨ ਸਿੰਘ ਬਲ, ਗੁਰਬਚਨ ਸਿੰਘ ਤਾਲਿਬ ਤੇ ਨਿਰੰਜਨ ਸਿੰਘ ਵਰਗੇ ਕਾਬਲ ਤੇ ਸੁਯੋਗ ਵਿਅਕਤੀ ਉਥੇ ਪ੍ਰਿੰਸੀਪਲ ਬਣ ਕੇ ਗਏ ਅਤੇ ਨਾਕਾਮਯਾਬ, ਔਖੇ, ਦੁਖੀ ਤੇ ਨਿਰਾਸ਼ ਹੋ ਕੇ ਉਥੋਂ ਵਾਪਸ ਆਏ । ਪ੍ਰਿੰਸੀਪਲ ਤੇਜਾ ਸਿੰਘ ਤੇ ਪ੍ਰਿੰਸੀਪਲ ਨਿਰੰਜਨ ਸਿੰਘ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਬੰਬਈ ਦੇ ਆਪਣੇ ਤਲਖ ਤਜ਼ਰਬਿਆਂ ਦਾ ਜ਼ਿਕਰ ਕੀਤਾ ਹੈ ।

ਉਦੋਂ ਉਸ ਕਾਲਜ ਵਿਚ ਕੁੱਲ 7-8 ਸਿੱਖ ਪ੍ਰੋਫ਼ੈਸਰ ਹੁੰਦੇ ਸਨ । ਜਦੋਂ 1962 ਵਿਚ ਪ੍ਰਿੰ: ਨਿਰੰਜਨ ਸਿੰਘ ਉਸ ਕਾਲਜ ਦੇ ਪ੍ਰਿੰਸੀਪਲ ਬਣਾ ਕੇ ਭੇਜੇ ਗਏ ਤਾਂ ਉਨ੍ਹਾਂ ਦਾ ਮੈਨੇਜਮੈਂਟ ਕਮੇਟੀ ਨਾਲ ਤਿੱਖਾ ਝਗੜਾ ਖੁੱਲ੍ਹ ਕੇ ਸਾਹਮਣੇ ਆ ਗਿਆ । ਉਹ ਅਸੂਲਪ੍ਰਸਤ ਬੰਦੇ ਸਨ ਅਤੇ ਅਸੂਲਪ੍ਰਸਤ ਬੰਦਾ ਅਜਿਹੀਆਂ ਕਮੇਟੀਆਂ ਨਾਲ ਬਹੁਤੇ ਦਿਨ ਚੱਲ ਨਹੀਂ ਸਕਦਾ । ਕਾਲਜ ਦੀ ਮੈਨੇਜਿੰਗ ਕਮੇਟੀ ਬਣਾਉਣ ਵਿਚ ਸ਼੍ਰੋਮਣੀ ਕਮੇਟੀ ਦਾ ਨਜ਼ਰੀਆ ਸਦਾ ਉਹੋ ਜਿਹਾ ਸੀ, ਜਿਹੜਾ ਦਿੱਲੀ ਦੀ ਗੁਰਦੁਆਰਾ ਕਮੇਟੀ ਦਾ ਹੈ । ਬੰਦਾ ਆਪਣੀ ਪਾਰਟੀ ਦਾ ਹੋਵੇ, ਰਸੂਖ ਵਾਲਾ ਹੋਵੇ, ਅਮੀਰ ਹੋਵੇ, ਬੰਬਈ ਜਾਣ ਵਾਲੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਜਾਂ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਕਰ ਸਕੇ । ਬੱਸ ਇੰਨਾ ਹੀ ਕਾਫ਼ੀ ਹੈ । ਜ਼ਰੂਰੀ ਨਹੀਂ ਕਿ ਉਹ ਪੜ੍ਹਿਆ ਲਿਖਿਆ ਹੋਵੇ, ਵਿਦਿਅਕ ਖੇਤਰ ਦਾ ਮਾਹਿਰ ਹੋਏ ਅਤੇ ਕਾਲਜ ਦੇ ਵਿਦਿਅਕ ਪੱਧਰ ਨੂੰ


Sri Satguru Jagjit Singh Ji eLibrary NamdhariElibrary@gmail.com

ਉੱਚਾ ਕਰਨ ਵਾਲਾ ਹੋਵੇ। ਉਦੋਂ ਅਸੀਂ ਉਥੇ ਇਕ ਮੁਹਿੰਮ ਚਲਾਈ ਸੀ ਕਿ ਇਸ ਕਾਲਜ ਦੇ ਪ੍ਰਬੰਧ ਲਈ ਵਿਦਿਅਕ ਮਾਹਿਰਾਂ ਦਾ ਬੋਰਡ ਬਣਾਇਆ ਜਾਵੇ ਅਤੇ ਇਸ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲਾਂ ਦੀ ਆਪਣੀ ਸਿਆਸਤ ਤੋਂ ਦੂਰ ਰਖਿਆ ਜਾਵੇ। ਪ੍ਰਿੰਸੀਪਲ ਨਿਰੰਜਨ ਸਿੰਘ ਦੀ ਵੱਡੀ ਸਖਸ਼ੀਅਤ ਸੀ। ਉਨ੍ਹਾਂ ਦੀ ਅਗਵਾਈ ਵਿਚ ਅਸੀਂ ਲੜਾਈ ਲੜਦੇ ਰਹੇ। ਬੰਬਈ ਯੂਨੀਵਰਸਿਟੀ ਸਾਡੇ ਨਾਲ ਸੀ, ਪਰ ਕਾਲਜ ਉੱਤੇ ਕਬਜ਼ਾ ਕਰੀ ਬੈਠੀ ਜੁੰਡਲੀ ਨੇ ਕਾਨੂੰਨੀ ਦਾਅ-ਪੇਚਾਂ ਦੀ ਮਦਦ ਨਾਲ ਸਾਨੂੰ ਕਾਮਯਾਬ ਨਾ ਹੋਣ ਦਿੱਤਾ। ਬੰਬਈ ਯੂਨੀਵਰਸਿਟੀ ਤੇ ਦਿੱਲੀ ਯੂਨੀਵਰਸਿਟੀ ਦੀ ਸੰਵਿਧਾਨਕ ਬਣਤਰ ਵਿਚ ਫਰਕ ਹੈ। ਉਥੇ ਹਰ ਕਾਲਜ ਯੂਨੀਵਰਸਿਟੀ ਨਾਲ ਸੰਬੰਧਿਤ ਹੈ, ਪਰ ਯੂਨੀਵਰਸਿਟੀ ਕਾਲਜ ਦੇ ਪ੍ਰਬੰਧਕੀ ਢਾਂਚੇ ਵਿਚ ਬਹੁਤਾ ਦਖ਼ਲ ਨਹੀਂ ਦੇ ਸਕਦੀ। ਦਿੱਲੀ ਵਿਚ ਬਹੁਤੇ ਕਾਲਜ ਯੂਨੀਵਰਸਿਟੀ ਦੇ ਅੰਗ ਹੀ ਹਨ। ਇਸ ਲਈ ਯੂਨੀਵਰਸਿਟੀ ਇਨ੍ਹਾਂ ਦੇ ਪ੍ਰਬੰਧ ਵਿਚ ਸਿੱਧਾ ਦਖ਼ਲ ਦੇ ਸਕਦੀ ਹੈ। ਜੇ ਇਹ ਗੱਲ ਨਾ ਹੁੰਦੀ ਤਾਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾ ਰਹੇ ਕਾਲਜਾਂ ਦਾ ਹਾਲ ਬੰਬਈ ਨਾਲੋਂ ਕਿਤੇ ਮਾੜਾ ਹੋਣਾ ਸੀ। ਇਸ ਦੇ ਬਾਵਜੂਦ ਇਥੋਂ ਦੇ ਕਮੇਟੀ ਮੈਂਬਰਾਂ ਨੇ ਇਨ੍ਹਾਂ ਦੇ ਹਾਲ ਮਾੜਾ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ, ਕਿਉਂਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾ ਰਹੇ ਸਕੂਲਾਂ, ਖਾਸ ਤੌਰ 'ਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਨਾਂਅ 'ਤੇ ਚਲਾਏ ਜਾ ਰਹੇ ਪਬਲਿਕ ਸਕੂਲਾਂ ਦੇ ਪ੍ਰਬੰਧ ਵਿਚ ਦਿੱਲੀ ਜਾਂ ਕੇਂਦਰੀ ਸਿੱਖਿਆ ਬੋਰਡ ਜਾਂ ਮੰਤਰਾਲਿਆਂ ਦਾ ਸਿੱਧਾ ਦਖ਼ਲ ਨਹੀਂ ਹੈ, ਇਸ ਲਈ ਭੈੜੇ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਵਿਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਹੈ।

ਸਾਰੀ ਗੱਲ ਇਸ 'ਤੇ ਟਿਕਦੀ ਹੈ ਕਿ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਕਿਨ੍ਹਾਂ ਦੇ ਹੱਥ ਵਿਚ ਹੈ? ਇਸ ਸੰਬੰਧ ਵਿਚ ਸਾਨੂੰ ਈਸਾਈ ਮਿਸ਼ਨ ਸਕੂਲਾਂ ਦੇ ਪ੍ਰਬੰਧ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ। ਇਹ ਗੱਲ ਪੱਕੀ ਹੈ ਕਿ ਹਰ ਕੰਮ ਹਰ ਕਿਸੇ ਦੇ ਵੱਸ ਦਾ ਨਹੀਂ ਹੁੰਦਾ। ਸਿੱਖਿਆ ਖੇਤਰ ਨੂੰ ਸਿੱਖਿਆ ਦੇ ਮਿਆਰ ਤੇ ਪੱਧਰ ਦੇ ਆਧਾਰ 'ਤੇ ਹੀ ਚਲਾਇਆ ਜਾਣਾ ਚਾਹੀਦਾ ਹੈ। ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਹ ਤਾਂ ਵੇਖ ਸਕਦੇ ਹਨ ਕਿ ਵਿਦਿਅਕ ਸੰਸਥਾਵਾਂ ਉਨ੍ਹਾਂ ਆਦਰਸ਼ਾਂ ਦੀ ਪੂਰਤੀ ਵੱਲ ਪੂਰਾ ਧਿਆਨ ਦੇ ਰਹੀਆਂ ਹਨ ਜਾਂ ਨਹੀਂ, ਜਿਨ੍ਹਾਂ ਦੀ ਪੂਰਤੀ ਲਈ ਉਨ੍ਹਾਂ ਦੀ ਸਥਾਪਨਾ ਕੀਤੀ ਗਈ ਸੀ। ਪਰ ਜੇ ਬਿਨਾਂ ਕਿਸੇ ਵਿਦਿਅਕ ਯੋਗਤਾ ਦੇ ਉਹ ਆਪ ਉਨ੍ਹਾਂ ਨੂੰ ਚਲਾਉਣ ਦੀਆਂ ਜ਼ਿੰਮੇਵਾਰੀਆਂ ਲੈਣ ਦੀ ਹੋੜ ਦਾ ਸ਼ਿਕਾਰ ਹੋ ਜਾਣਗੇ ਤਾਂ ਵਿਦਿਅਕ ਸੰਸਥਾਵਾਂ ਸੌੜੀ ਰਾਜਨੀਤੀ ਦਾ ਅਖਾੜਾ ਬਣ ਜਾਣਗੀਆਂ ਅਤੇ ਉਨ੍ਹਾਂ ਦਾ ਮਿਆਰ ਥੱਲੇ ਡਿਗ ਜਾਏਗਾ।

ਇਹ ਗੱਲ ਹੋਰ ਚੇਤੇ ਰੱਖਣ ਵਾਲੀ ਹੈ ਕਿ ਗੁਰਦੁਆਰਾ ਕਮੇਟੀ ਦੀ ਮੈਂਬਰੀ ਤੇ ਅਸੰਬਲੀ ਜਾਂ ਪਾਰਲੀਮੈਂਟ ਦੀ ਮੈਂਬਰੀ ਵਿਚ ਬੁਨਿਆਦੀ ਫਰਕ ਹੈ। ਅਸੰਬਲੀ ਜਾਂ ਪਾਰਲੀਮੈਂਟ ਦੀ ਮੈਂਬਰੀ ਸੱਤਾ ਦੀ ਪ੍ਰਾਪਤੀ ਲਈ ਹੁੰਦੀ ਹੈ। ਗੁਰਦੁਆਰਾ ਕਮੇਟੀ ਦੀ ਮੈਂਬਰੀ ਸੇਵਾ ਲਈ ਹੈ। ਸੱਤਾ ਅਧਿਕਾਰ (Authority) ਮੰਗਦੀ ਹੈ। ਸੇਵਾ ਤਿਆਗ ਤੇ ਕੁਰਬਾਨੀ ਮੰਗਦੀ ਹੈ। ਸੱਤਾ ਦੇ ਪਿੱਛੇ ਚੌਧਰ ਹੈ, ਲੁੱਟ-ਖਸੁੱਟ ਹੈ। ਸੇਵਾ ਦੇ ਪਿੱਛੇ ਨਿਹਕਾਮਤਾ ਹੈ, ਨਿਰਮਾਣਤਾ ਹੈ।

ਪਰ ਸਾਡੇ ਵਿਚ ਉਲਟੀ ਪਿਰਤ ਪੈ ਗਈ ਹੈ। ਕੁਝ ਵਰ੍ਹੇ ਪਹਿਲਾਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੇ ਆਪ ਹੀ ਇਕ ਮਤਾ ਪਾਸ ਕਰਕੇ ਇਹ ਫੈਸਲਾ ਕਰ ਲਿਆ ਸੀ ਕਿ ਸਕੂਲਾਂ ਦੇ ਚੇਅਰਮੈਨ ਸਿਰਫ਼ ਕਮੇਟੀ ਦੇ ਮੈਂਬਰਾਂ ਨੂੰ ਹੀ ਬਣਾਇਆ ਜਾਵੇਗਾ। ਸੇਵਾ ਤੇ


Sri Satguru Jagjit Singh Ji eLibrary NamdhariElibrary@gmail.com

ਨਿਸ਼ਕਾਮਤਾ ਦੀ ਭਾਵਨਾ ਸੱਤਾ ਦੇ ਚੌਧਰ ਦੀ ਭ੍ਰਿਸ਼ਟ ਹਨੇਰੀਆਂ ਗਲੀਆਂ ਵਿਚ ਜਾ ਕੇ ਗੁੰਮ ਹੋ ਗਈ। ਧੜੇਬੰਦੀ ਦੇ ਆਧਾਰ 'ਤੇ ਸਕੂਲਾਂ ਦੀ ਵੰਡ ਹੋਣੀ ਸ਼ੁਰੂ ਹੋ ਗਈ, ਜਿਸ ਦੇ ਹੱਥ ਵਿਚ ਸੱਤਾ ਆਈ ਉਸ ਨੇ ਮੌਕੇ ਦਾ ਭਰਪੂਰ ਲਾਭ ਲੈਣਾ ਸ਼ੁਰੂ ਕਰ ਦਿੱਤਾ, ਉਂਜ ਹੀ ਜਿਵੇਂ ਰਾਜਨੀਤੀ ਵਿਚ ਹੁੰਦਾ ਹੈ।

ਇਹ ਸਭ ਵੇਖ ਕੇ ਦਿੱਲੀ ਦੇ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਪੈਦਾ ਹੋਈ ਕਿ ਗੁਰਦੁਆਰਾ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਵਿਦਿਅਕ ਮਾਹਿਰਾਂ ਦੀ ਨਿਗਰਾਨੀ ਹੇਠ ਲਿਆਂਦਾ ਜਾਏ, ਇਸ ਨੂੰ ਮੈਂਬਰਾਂ ਦੀ ਸੌੜੀ ਸਿਆਸਤ ਤੇ ਸੌੜੀ ਸੋਚ ਤੋਂ ਬਚਾਇਆ ਜਾਏ, ਕਿਉਂਕਿ ਕੌਮ ਦੀ ਨਵੀਂ ਪਨੀਰੀ ਦਾ ਭਵਿੱਖ ਇਨ੍ਹਾਂ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ।

ਹਾਲ ਵਿਚ ਹੋਈਆਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਅਜਿਹੀ ਖੁਦਮੁਖਤਾਰ ਵਿਦਿਅਕ ਕੌਂਸਲ ਬਣਾਉਣ ਦੇ ਮੁੱਦੇ ਨੂੰ ਪਹਿਲ ਦਿੱਤੀ ਗਈ। 'ਆਜ਼ਾਦ ਲਹਿਰ' ਦੇ ਮੈਂਬਰਾਂ ਨੇ ਇਹ ਅਪੀਲ ਕੀਤੀ ਕਿ ਕਮੇਟੀ ਲਈ ਸੇਵਾ ਭਾਵ ਰੱਖਣ ਵਾਲੇ ਵਿਅਕਤੀ ਹੀ ਚੁਣੇ ਜਾਣ। ਉਹ ਇਹ ਬਚਨ ਦੇਣ ਕਿ ਉਹ ਸਾਰੇ ਗੁਰਦੁਆਰਾ ਪ੍ਰਬੰਧ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਗੇ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਬੰਧ ਨੂੰ ਸੁਚੱਜਾ ਬਣਾਉਣ ਲਈ ਵਿਦਿਅਕ ਮਾਹਿਰਾਂ ਦਾ ਬੋਰਡ ਬਣਾਉਣ ਲਈ ਵਿਦਿਅਕ ਮਾਹਿਰਾਂ ਦਾ ਬੋਰਡ ਬਣਾਉਣਗੇ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਗੱਲ ਨੂੰ ਆਪਣੇ ਚੋਣ ਮਨੋਰਥ ਪੱਤਰ ਦਾ ਮੁੱਖ ਮੁੱਦਾ ਵੀ ਬਣਾ ਲਿਆ। ਦਿੱਲੀ ਦੇ ਸਿੱਖ ਵੋਟਰਾਂ ਨੇ ਅਕਾਲੀ ਦਲ ਨੂੰ ਰੱਜ ਕੇ ਆਪਣਾ ਸਮਰਥਨ ਦਿੱਤਾ ਤੇ 80 ਫ਼ੀਸਦੀ ਸੀਟਾਂ 'ਤੇ ਉਸ ਦੀ ਸ਼ਾਨਦਾਰ ਜਿੱਤ ਹੋਈ।

ਵਾਅਦਾ ਕਰਨਾ ਇਕ ਗੱਲ ਹੈ, ਉਸ ਨੂੰ ਅਮਲ ਵਿਚ ਲਿਆਉਣਾ ਬਿਲਕੁਲ ਦੂਜੀ ਗੱਲ ਹੈ। ਹੁਣ ਦਲੀਲਾਂ ਇਹ ਦਿੱਤੀਆਂ ਜਾ ਰਹੀਆਂ ਹਨ ਕਿ ਚੁਣੇ ਹੋਏ ਮੈਂਬਰ ਆਪਣਾ ਹੱਕ ਕਿਵੇਂ ਛੱਡ ਦੇਣ। ਜੇ ਅਸੀਂ ਸਕੂਲਾਂ ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਚੇਅਰਮੈਨ ਜਾਂ ਦੂਜੇ ਅਹੁਦੇਦਾਰ ਨਹੀਂ ਬਣ ਸਕਦੇ ਤਾਂ ਚੋਣ ਲੜਨ ਦਾ ਸਾਨੂੰ ਕੀ ਲਾਭ ਮਿਲਿਆ?

ਹੁਣ ਪ੍ਰਚਾਰ ਇਹ ਵੀ ਕੀਤਾ ਜਾ ਰਿਹਾ ਹੈ ਕਿ ਜਿਹੜੇ ਵਿਅਕਤੀ ਵਿਦਿਅਕ ਕੌਂਸਲ ਬਣਾਉਣ 'ਤੇ ਜ਼ੋਰ ਦੇ ਰਹੇ ਹਨ ਉਹ ਆਪ ਵਿਦਿਅਕ ਸੰਸਥਾਵਾਂ ਤੇ ਕਬਜ਼ਾ ਕਰਨਾ ਚਾਹੁੰਦੇ ਹਨ।

ਲੋਕੀਂ ਕਹਿੰਦੇ ਹਨ ਕਿ ਸਿੱਖਾਂ ਦੇ ਸਾਹਮਣੇ 'ਪਛਾਣ ਦਾ ਸੰਕਟ' (Crisis of Identity) ਹੈ। ਮੈਨੂੰ ਜਾਪਦਾ ਹੈ ਕਿ ਸਾਡੇ ਸਾਹਮਣੇ ਉਸ ਤੋਂ ਵੀ ਵੱਡਾ ਸੰਕਟ ਹੈ- ਨੇਕ ਨੀਤੀ ਦਾ ਸੰਕਟ (Crisis of Integrity) ਕੀ ਸਾਰੇ ਸਿੱਖ ਭਾਈਚਾਰੇ ਵਿਚ ਹੁਣ ਦੋ ਚਾਰ ਬੰਦੇ ਵੀ ਅਜਿਹੇ ਨਹੀਂ ਜੋ ਨੇਕ ਨੀਤੀ ਨਾਲ ਕੋਈ ਸਲਾਹ ਦੇ ਸਕਣ ? ਕੋਈ ਲਹਿਰ ਚਲਾ ਸਕਣ ? ਕੀ ਹੁਣ ਸਾਡੇ ਵਿਚੋਂ ਉਹ ਸਖਸ਼ੀਅਤਾਂ ਪੂਰੀ ਤਰ੍ਹਾਂ ਮੁੱਕ ਚੁੱਕੀਆਂ ਹਨ, ਜਿਨ੍ਹਾਂ ਨੇ ਇਕ ਵੇਲੇ ਪੂਰੀ ਨੇਕ ਨੀਤੀ ਤੇ ਦਿਆਨਤਦਾਰੀ ਨਾਲ ਨਾਲ ਵਿਦਿਅਕ ਲਹਿਰ ਚਲਾਈ ਸੀ ਅਤੇ ਉਨ੍ਹਾਂ ਨੂੰ ਆਪਣੀ ਨਿਹਕਾਮ ਸੇਵਾ ਨਾਲ ਇਕ ਮੁਹਿੰਮ ਦਾ ਰੂਪ ਦੇ ਦਿੱਤਾ ਸੀ ?

ਗੁਰਦੁਆਰਾ ਚੋਣਾਂ ਤੋਂ ਪਹਿਲਾਂ ਜਦੋਂ ਆਜ਼ਾਦ ਲਹਿਰ ਦੇ ਮੈਂਬਰਾਂ ਨੇ ਇਹ ਗੱਲ ਆਰੰਭੀ ਕਿ ਇਸ ਵਾਰ ਚੋਣਾਂ ਵਿਚ ਚੰਗੇ ਆਚਾਰ-ਵਿਚਾਰ ਤੇ ਕਿਰਦਾਰ ਵਾਲੇ ਬੰਦੇ ਅੱਗੇ ਆਉਣੇ ਚਾਹੀਦੇ ਹਨ ਤਾਂ ਅਕਾਲੀ ਹਾਈ ਕਮਾਂਡ ਨੇ ਇਹ ਕਿਹਾ ਸੀ ਕਿ ਤੁਸੀਂ ਆਪਣੇ ਵਿਚੋਂ 5-

7 ਵਿਅਕਤੀਆਂ ਦੇ ਨਾਂਮ ਸਾਨੂੰ ਦਿਉ ਜਿਨ੍ਹਾਂ ਨੂੰ ਅਸੀਂ ਨਵੀਂ ਕਮੇਟੀ ਵਿਚ ਲਿਆ ਸਕੀਏ। ਸਾਡਾ ਜਵਾਬ ਸੀ ਕਿ ਅਸੀਂ ਆਪਣੇ ਆਪ ਨੂੰ ਉਮੀਦਵਾਰ ਨਹੀਂ ਬਣਾਉਣਾ ਚਾਹੁੰਦੇ ।

ਅੱਜ ਵੀ 'ਵਿਦਿਅਕ ਕੌਂਸਲ' ਬਣਾਉਣ 'ਤੇ ਬਹੁਤਾ ਜ਼ੋਰ ਇਸ ਆਜ਼ਾਦ ਲਹਿਰ ਨਾਲ ਜੁੜੇ ਵਿਅਕਤੀ ਦੇ ਰਹੇ ਹਨ। ਇਥੇ ਮੈਂ ਇਹ ਗੱਲ ਪੂਰੇ ਜ਼ੋਰ ਨਾਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਵਿਚੋਂ ਕਿਸੇ ਦੀ ਰੁਚੀ ਇਸ ਕੌਂਸਲ ਵਿਚ ਆਉਣ ਜਾਂ ਇਸ ਵਿਚ ਕੋਈ ਅਹੁਦਾ ਲੈਣ ਦੀ ਨਹੀਂ । ਅਸੀਂ ਸਿਰਫ਼ ਇੰਨਾਂ ਚਾਹੁੰਦੇ ਹਾਂ ਕਿ ਇਕ ਅਜਿਹੀ ਕੌਂਸਲ ਜਾਂ ਬੋਰਡ ਜ਼ਰੂਰ ਬਣ ਜਾਏ ਜੋ ਇਨ੍ਹਾਂ ਵਿਦਿਅਕ ਸੰਸਥਾਵਾਂ ਦੇ ਪ੍ਰਬੰਧ ਨੂੰ ਸੁਚੱਜਾ ਕਰੇ, ਇਨ੍ਹਾਂ ਦੇ ਅਕਸ ਨੂੰ ਚੰਗਾ ਬਣਾਏ, ਮਿਆਰ ਨੂੰ ਉੱਚਾ ਕਰੇ ਅਤੇ ਸਹੀ ਅਕਾਦਮਿਕ ਵਾਤਾਵਰਨ ਦੀ ਸਿਰਜਣਾ ਕਰੇ ।

ਪਰ ਜੇ ਸਾਡੀ ਸੋਚ ਦਾ ਦਾਇਰਾ ਸੌੜਾ ਹੋ ਜਾਏਗਾ ਤਾਂ ਸਾਡੀਆਂ ਅੱਖਾਂ ਦੇ ਖ਼ੁਦਗਰਜ਼ੀ ਤੇ ਨਿੱਕੀਆਂ-ਨਿੱਕੀਆਂ ਪ੍ਰਾਪਤੀਆਂ ਦੀ ਐਨਕ ਚੜ੍ਹ ਜਾਏਗੀ ਤਾਂ ਸਾਨੂੰ ਹਰ ਨੇਕਨੀਤੀ ਵਿਚ ਬਦਨੀਤੀ ਨਜ਼ਰ ਆਏਗੀ ।

ਸਵਾਲ ਸਿਰਫ਼ ਬੰਬਈ ਦੇ ਖ਼ਾਲਸਾ ਕਾਲਜ ਜਾਂ ਦਿੱਲੀ ਦੀਆਂ ਸਿੱਖ ਵਿਦਿਅਕ ਸੰਸਥਾਵਾਂ ਦਾ ਨਹੀਂ । ਅੱਜ ਇਹ ਸਵਾਲ ਸਾਰੀ ਕੌਮ ਵਲੋਂ ਕੀਤੇ ਜਾ ਰਹੇ ਅਜਿਹੇ ਉਦਮਾਂ ਦਾ ਹੈ । ਦਿੱਲੀ ਦੀਆਂ ਗੁਰਦੁਆਰਾ ਚੋਣਾਂ ਤੋਂ ਪਹਿਲਾਂ ਜਦੋਂ ਅਸੀਂ ਅਕਾਲੀ ਦਲ ਵੱਲੋਂ ਜਾਰੀ ਕੀਤੇ ਜਾਣ ਵਾਲੇ ਚੋਣ ਮਨੋਰਥ ਪੱਤਰ ਬਾਰੇ ਵਿਚਾਰ ਕਰ ਰਹੇ ਸੀ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਗੱਲ ਕਹੀ ਸੀ ਕਿ ਜੇ ਵਿਦਿਅਕ ਮਾਹਿਰਾਂ ਦੀ ਅਜਿਹੀ ਕੌਂਸਲ ਬਣਾਉਣ ਦਾ ਇਹ ਤਜ਼ਰਬਾ ਦਿੱਲੀ ਵਿਚ ਕਾਮਯਾਬ ਹੋ ਜਾਏ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਲਈ ਵੀ ਅਜਿਹੀ ਕੌਂਸਲ ਬਣਾਏ ਜਾਣ ਦੀ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ ।

ਦਿੱਲੀ ਵਿਚ ਅਜਿਹੀ ਵਿਦਿਅਕ ਕੌਂਸਲ ਦੀ ਬਣਤਰ ਨੂੰ ਨਾਕਾਮਯਾਬ ਬਣਾਉਣ ਦੇ ਪੂਰੇ ਉਪਰਾਲੇ ਕੀਤੇ ਜਾ ਰਹੇ ਹਨ। ਜਿਉਂ ਦੀ ਤਿਉਂ ਹਾਲਤ (Status Quo) ਬਣਾਈ ਰੱਖਣ ਵਾਲੀਆਂ ਤਾਕਤਾਂ ਪਰੀਵਰਤਨਵਾਦੀ ਜਾਂ ਬਦਲ ਲਿਆਉਣ ਵਾਲੀਆਂ ਤਾਕਤਾਂ ਦਾ ਹਮੇਸ਼ਾਂ ਹੀ ਵਿਰੋਧ ਕਰਦੀਆਂ ਹਨ । ਕਿਸੇ ਵੀ ਕੌਮ ਲਈ ਅਜਿਹੇ ਮੌਕੇ ਇਤਿਹਾਸਕ ਮਹੱਤਵ ਦੇ ਹੁੰਦੇ ਹਨ, ਜਿਹੜੀਆਂ ਕੌਮਾਂ ਅਜਿਹੇ ਮੌਕੇ ਗੁਆ ਦਿੰਦੀਆਂ ਹਨ ਉਹ ਲੰਮੇ ਸਮੇਂ ਤੱਕ ਭੰਬਲਭੂਸੇ ਵਿਚ ਪਈਆਂ ਰਹਿੰਦੀਆਂ ਹਨ ।

-0-

## ਵਿਸ਼ੇਸ਼ ਸੂਚਨਾ

ਵਿਦਵਾਨ ਜਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਕ੍ਰਮਵਾਰ ਵਿਸ਼ੇਸ਼ ਅੰਕਾਂ ਲਈ ਆਪਣੀਆਂ ਰਚਨਾਵਾਂ ਭੇਜਣ

1. ਸਿੱਖ ਧਰਮ ਤੇ ਜਾਤਪਾਤ
2. ਸਿੱਖ ਧਰਮ ਅਤੇ ਆਰਥਿਕ ਸਿਧਾਂਤ
3. ਸਿੱਖ ਸਿਧਾਂਤ ਤੇ ਨਾਰੀ ਚੇਤਨਾ
4. ਬਾਬਾ ਫ਼ਰੀਦ
5. ਸੰਤ ਗੁਰੂ ਰਵਿਦਾਸ



Sri Satguru Jagjit Singh Ji eLibrary NamdhariElibrary@gmail.com

# ਵਿਦਿਆ ਤੇ ਧਰਮ ਕਲਾ

## ਗਿਆਨੀ ਜਸਵੰਤ ਸਿੰਘ ਪਰਵਾਨਾ

ਅੱਜ ਤਾਂ ਵਿਦਿਆ ਦੇ ਬਹੁਤ ਪ੍ਰਕਾਰ ਹੋ ਗਏ ਹਨ । ਭਾਈ ਮਨੀ ਸਿੰਘ ਜੀ ਸ਼ਹੀਦ ਨੇ ਜਨਮ ਸਾਖੀ ਵਿਚ ਚੌਦਾਂ ਵਿਦਿਆ ਦਾ ਜ਼ਿਕਰ ਕੀਤਾ ਹੈ । 1. ਅੱਖਰ ਵਿਦਿਆ ਆਉਣੀ 2. ਪਾਣੀ ਵਿਚ ਤਰਨਾ ਆਉਣਾ 3. ਵੈਦਗੀ 4. ਰਸਾਇਣੀ ਭਾਵ ਲੋਹੇ ਤੋਂ ਸੋਨਾ ਬਣਾ ਲੈਣਾ 5. ਜੋਤਿਸ਼ ਵਿਦਿਆ 6. ਰਾਗ ਵਿਦਿਆ 7. ਕਾਮ ਸ਼ਾਸ਼ਤਰ 8. ਵਿਆਕਰਣ ਵਿਦਿਆ 9. ਸਾਜ ਵਜਾਉਣੇ 10. ਘੋੜੇ ਦੁੜਾਉਣੇ 11. ਨਟ ਬਾਜ਼ੀਆਂ 12. ਨ੍ਰਿਤ ਵਿਦਿਆ 13. ਧਨੁਸ਼ ਵਿਦਿਆ, ਤੀਰ ਚਲਾਉਣਾ 14. ਗਿਆਨ ਚਰਚਾ ਵਿਚ ਚਤੁਰ, ਸਿਆਣਾ । ਇਹ ਚੌਦਾਂ ਵਿਦਿਆ ਹਨ । ਭਾਈ ਸਾਹਿਬ ਲਿਖਦੇ ਹਨ :-

ਸ੍ਰੀ ਅਖਰ ਜਲਤਰਨ ਚਕਿਤਸਾ ਅੌਰ ਰਸਾਇਣ ॥
ਜੋਤਕ ਜੋਤ ਪ੍ਰਬੀਨ ਰਾਗ ਖਟ ਰਾਗਨਿ ਗਾਇਨ ॥
ਕੋਕ ਕਲਾ ਵਯਾਕਰਣ ਅੌਰ ਬਾਜੰਤ੍ਰ ਬਾਜਾਇਨ ॥
ਤੁਰਹਿ ਤੋਰ ਨਟ ਨ੍ਰਿਤ ਅੌਰ ਸਰ ਧਨੁਖ ਚਲਾਇਨ ॥
ਗਯਾਨ ਕਰਨ ਅੰ ਚਾਤੁਰੀ ਏਤ ਨਾਮ ਬਿਦਿਆ ਬਰੇ ॥
ਏ ਚਤੁਰਦਸ ਜਗਤ ਮੈਂ ਚਤਰੁ ਸਮਝ ਮਨ ਮਹਿ ਧਰੇ ॥

ਹੁਨਰ ਵਾਲੇ ਸੱਜਣਾਂ ਨੇ ਜਗਤ ਨੂੰ ਸਵਾਰਿਆ ਹੈ, ਹੁਨਰ ਵਾਲਿਆਂ ਨੇ ਜਗਤ ਨੂੰ ਬੜੀ ਦੇਣ ਦਿੱਤੀ ਹੈ । ਕੁਝ ਸਿਆਣਿਆਂ ਨੇ ਇਹ ਪ੍ਰਚਾਰ ਕੀਤਾ ਕਿ ਜੇਕਰ ਤੁਸੀਂ ਜਗਤ ਵਿਚ ਗੁਣ ਹੀ ਗੁਣ ਚਾਹੁੰਦੇ ਹੋ ਤਾਂ ਫਿਰ ਕੋਈ ਬੰਦਾ ਵਿਦਿਆ ਤੋਂ ਖਾਲੀ ਨਹੀਂ ਰਹਿਣਾ ਚਾਹੀਦਾ। ਸਾਰੀਆਂ ਵਿਦਿਆਵਾਂ ਵਿਚ ਸ਼੍ਰੋਮਣੀ ਵਿਦਿਆ ਹੈ, ਅੱਖਰ ਵਿਦਿਆ । ਪੜ੍ਹਾਈ ਤਾਂ ਅੱਖਰਾਂ ਤੋਂ ਹੀ ਸ਼ੁਰੂ ਹੋਣੀ ਹੈ, ਇਸ ਲਈ ਸਿਆਣੇ ਸੱਜਣਾਂ ਨੇ ਵਿਦਿਆ ਪੜ੍ਹਨ ਤੇ ਬੜਾ ਜ਼ੋਰ ਦਿੱਤਾ ਤੇ ਕਿਹਾ, ਵਿਦਿਆ ਪੜ੍ਹਾਈ ਜਾਏ ਤਾਂ ਮਨੁੱਖ ਰੌਸ਼ਨੀ ਵਿਚ ਹੋਵੇਗਾ, ਗੁਨਾਹਾਂ ਦੇ ਹਨੇਰੇ ਵਿਚ, ਫਿਰ ਇਹ ਨਹੀਂ ਭਟਕੇਗਾ ।

ਬੜੀ ਲਗਨ ਤੇ ਮਿਹਨਤ ਨਾਲ ਸੁਧਾਰਕ ਸੱਜਣਾਂ ਨੇ ਵਿਦਿਆ ਦਾ ਪ੍ਰਚਾਰ ਕੀਤਾ, ਈਸਾਈਅਤ ਨੇ ਪੂਰਾ ਤਾਨ ਲਾਇਆ ਹੈ ਕਿ ਕੋਈ ਈਸਾਈ ਅਨਪੜ੍ਹ ਨਾ ਰਹੇ । ਇਸਲਾਮ ਨੇ ਜਿਥੇ ਨਮਾਜ਼ ਅਦਾ ਕਰਨ ਲਈ ਮਸੀਤਾਂ ਬਣਾਈਆਂ, ਮਸੀਤਾਂ ਵਿਚ ਹੀ ਬੱਚੇ ਪੜ੍ਹਾਉਣ ਦਾ ਪ੍ਰਬੰਧ ਵੀ ਕੀਤਾ । ਬ੍ਰਾਹਮਣਾਂ ਨੇ ਜੋ ਚਾਰ ਆਸ਼ਰਮ ਬਣਾਏ ਸਨ, ਪਹਿਲਾਂ ਸੀ ਬ੍ਰਹਮਚਰਜ। ਇਸ ਵਿਚ 24 ਸਾਲ ਤੱਕ ਬੱਚੇ ਨੇ ਆਸ਼ਰਮ ਵਿਚ ਰਹਿ ਕੇ ਵਿਦਿਆ ਪੜ੍ਹਨੀ ਹੁੰਦੀ ਸੀ । ਗੁਰੂ ਨਾਨਕ ਦੇਵ ਜੀ ਨਹੀਂ ਪੜ੍ਹੇ, ਇਹ ਲਿਖਣ ਵਾਲੇ ਪਤਾ ਨਹੀਂ ਆਪਣਾ ਸ਼ਰਧਾ ਨਾਲ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਵਡਿਆਈ ਕਰ ਰਹੇ ਹੋਣਗੇ, ਪਰ ਉਨ੍ਹਾਂ ਦਾ ਪੱਟੀ ਲਿਖਣਾ ਤਾਂ ਵਿਦਿਆਰਥੀਆਂ ਲਈ ਸਹੀ ਸੇਧ ਹੈ ਅਤੇ ਅੱਖਰਾਂ ਰਾਹੀਂ ਗਿਆਨ ਉਨ੍ਹਾਂ ਦਿੱਤਾ, ਉਸ ਦਾ ਨਾਂ ਹੈ 'ਪੱਟੀ' । ਪੱਟੀ ਅਸਲ ਵਿਚ ਇਕ ਬਾਲ ਬੋਧ ਹੀ ਹੈ ਜੋ ਵਿਦਿਆ ਦੇ ਪ੍ਰਚਾਰ ਲਈ ਹੀ ਸੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਰਗਾ ਗ੍ਰੰਥ, ਭਾਈ ਗੁਰਦਾਸ ਜੀ ਵਰਗੇ ਮਹਾਨ ਲਿਖਾਰੀਆਂ ਦੀਆਂ ਲਿਖਤਾਂ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਤੇ ਮਹਾਨ ਕਵੀਆਂ ਦੀਆਂ ਲਿਖਤਾਂ ਸਿੱਖ ਕੌਮ ਨੂੰ ਅਨਪੜ੍ਹ ਰੱਖਣ ਵਾਸਤੇ ਸਨ ਜਾਂ ਵਿਦਵਾਨ ਬਣਾਉਣ ਵਾਸਤੇ ਸਨ । ਸੱਚ



Sri Satguru Jagjit Singh Ji eLibrary NamdhariElibrary@gmail.com

ਤਾਂ ਇਹ ਜਾਪਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਇਸ ਢੰਗ ਨਾਲ ਲਿਖੀ ਗਈ ਕਿ ਇਸ ਨੂੰ ਸਮਝਣ ਵਾਸਤੇ ਵੀ ਸਿੱਖ ਨੂੰ ਸੰਸਕ੍ਰਿਤ, ਫ਼ਾਰਸੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਪੜ੍ਹਨੀਆਂ ਹੀ ਪੈਣ । ਜਦੋਂ ਤੱਕ ਕੋਈ ਸੱਜਣ ਫ਼ਾਰਸੀ ਨਹੀਂ ਪੜ੍ਹਿਆ, ਜ਼ਫ਼ਰਨਾਮਾ, ਰਚਨਾ ਭਾਈ ਨੰਦ ਲਾਲ ਜੀ ਅਤੇ ਸ੍ਰੀ ਗੁਰੂ ਗ੍ਰੰਥ ਵਿਚੋਂ ਫ਼ਾਰਸੀ ਦੇ ਸ਼ਬਦ ਸਮਝਣੇ ਮੁਸ਼ਕਲ ਹੋ ਜਾਣਗੇ । ਜਦੋਂ ਕੋਈ ਸੱਜਣ ਸੰਸਕ੍ਰਿਤ ਨਾ ਪੜ੍ਹੇ ਜੈ ਦੇਵ ਜੀ ਦੇ ਉਚਾਰਣ ਕਰਨੇ ਮੁਸ਼ਕਲ ਹੋ ਜਾਣਗੇ ।

ਗੁਰੂ ਕਲਗੀਧਰ ਜੀ ਨੇ ਦਮਦਮਾ ਸਾਹਿਬ ਬਹੁਤ ਸਾਰੀਆਂ ਕਲਮਾਂ ਘੜ ਕੇ ਸਰੋਵਰ ਵਿਚ ਸੁੱਟ ਦਿੱਤੀਆਂ ਸਨ ਤੇ ਕਿਹਾ ਸੀ, ਇਹ ਗੁਰੂ ਕੀ ਕਾਂਸ਼ੀ ਹੋਵੇਗੀ, ਇਹ ਲਿਖਣ ਸਰ ਹੋਵੇਗਾ ।

ਮੇਰੇ ਲਿਖਣ ਤੋਂ ਭਾਵ ਹੈ ਕਿ ਹਰ ਮਹਾਂਪੁਰਖ ਨੇ ਵਿਦਿਆ ਦੇ ਪ੍ਰਚਾਰ ਦੇ ਜ਼ੋਰ ਦਿੱਤਾ ਹੈ, ਵਿਦਿਆ ਦਾ ਪ੍ਰਚਾਰ ਬਹੁਤ ਹੋਇਆ ਹੈ । ਅੱਜ ਗਰੀਬ ਤੋਂ ਗਰੀਬ ਬੰਦੇ ਦਾ ਪੁੱਤਰ ਵੀ ਪੜ੍ਹਿਆ ਲਿਖਿਆ ਹੈ, ਛੋਟੇ ਤੋਂ ਛੋਟੇ ਨਗਰ ਵਿਚ ਵੀ ਸਕੂਲ ਹੈ । ਅੱਜ ਤੋਂ ਥੋੜ੍ਹਾ ਸਮਾਂ ਪਿੱਛੇ ਚੱਲੀਏ ਤਾਂ ਉਹ ਦਿਨ ਯਾਦ ਆਉਂਦੇ ਹਨ ਕਿ ਕਿਸੇ ਦੀ ਚਿੱਠੀ ਆ ਜਾਏ ਤਾਂ ਪੜ੍ਹਨ ਵਾਲਾ ਕੋਈ ਨਹੀਂ ਸੀ ਲੱਭਦਾ ।

ਪਰ ਅੱਜ ਕਿੰਨਾ ਫ਼ਰਕ ਹੈ, ਅਸੀਂ ਵਿਦਿਆ ਤਾਂ ਜ਼ਰੂਰ ਵਧਾ ਲਈ ਪਰ ਮਹਾਂਪੁਰਖਾਂ ਨੇ ਜੋ ਵਿਦਿਆ ਦਾ ਸੁਪਨਾ ਲਿਆ ਸੀ । ਉਹ ਪੂਰਾ ਨਹੀਂ ਹੋ ਸਕਿਆ । ਉਨ੍ਹਾਂ ਦਾ ਵਿਚਾਰ ਸੀ ਕਿ ਵਿਦਿਆ ਨਾਲ ਬੁਰਿਆਈ ਘੱਟ ਜਾਏਗੀ, ਨੇਕੀ ਵਧੇਗੀ, ਮਨੁੱਖਤਾ ਵਿਚ ਫ਼ਰਜ਼ ਦਾ ਅਹਿਸਾਸ ਜਾਗੇਗਾ । ਮਨੁੱਖਤਾ ਵਿਚ ਸੇਵਾ ਭਾਵ ਹੋਵੇਗਾ, ਪ੍ਰੇਮ ਹੋਵੇਗਾ, ਚੋਰੀ, ਧੋਖਾ, ਫ਼ਰੇਬ, ਈਰਖਾ, ਵੈਰ, ਲਾਲਚ ਆਦਿਕ ਬੀਮਾਰੀਆਂ ਮੁਕ ਜਾਣਗੀਆਂ । ਵਿਦਿਆ ਵਧੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਅਪਰਾਧ ਵੀ ਵਧੇ ਹਨ, ਘਟੇ ਕੋਈ ਨਹੀਂ । ਪਹਿਲਾਂ ਅਨਪੜ੍ਹ ਅਪਰਾਧੀ ਕਿਸੇ ਇਕ ਵਿਅਕਤੀ ਦੀ ਹੱਤਿਆ ਕਰਦਾ ਸੀ, ਉਹ ਵੀ ਬੜੀ ਮੁਸ਼ਕਿਲ ਨਾਲ ਸਫਲ ਹੁੰਦਾ ਸੀ, ਪਰ ਅੱਜ ਤਾਂ ਪੜ੍ਹੇ ਲਿਖੇ ਅਪਰਾਧੀ ਇਕੋ ਵਾਰ ਲੱਖਾਂ ਲੋਕਾਂ ਦੀ ਹੱਤਿਆ ਕਰਨ ਦੇ ਸਮਰੱਥ ਹੋ ਗਏ ਹਨ । ਪਹਿਲਾਂ ਅਨਪੜ੍ਹ ਅਪਰਾਧੀ ਚੋਰੀ ਕਰਦਾ ਸੀ, ਫੜਿਆ ਜਾਂਦਾ ਸੀ, ਪਰ ਅੱਜ ਵਿਦਿਆ ਦੇ ਬਲ ਕਰਕੇ ਅਪਰਾਧੀ ਚੋਰੀ ਵੀ ਕਰਦਾ ਹੈ ਫੜਿਆ ਵੀ ਨਹੀਂ ਜਾਂਦਾ। ਬਹੁਤ ਵਾਰ ਤਾਂ ਐਸਾ ਹੁੰਦਾ ਹੈ, ਬੇਦੋਸ਼ਿਆਂ ਨੂੰ ਸਜ਼ਾਵਾਂ ਹੋ ਜਾਂਦੀਆਂ ਹਨ ਅਤੇ ਦੋਸ਼ੀ ਕਾਬੂ ਹੀ ਨਹੀਂ ਆਉਂਦੇ । ਸ਼ਕਤੀ ਤਾਂ ਸ਼ੁਭ ਕਾਮਨਾ ਵਾਲੇ ਮਨੁੱਖ ਕੋਲ ਹੀ ਸ਼ੋਭਾ ਪਾਉਂਦੀ ਹੈ । ਜਿਸ ਦੇ ਅੰਦਰ ਵਿਕਾਸ ਦੀ ਭਾਵਨਾ ਹੋਵੇ, ਸ਼ਕਤੀ ਉਥੇ ਹੀ ਭਲੀ ਹੈ, ਪਰ ਜਿਸ ਮਨੁੱਖ ਦੇ ਅੰਦਰ ਦੂਸਰੇ ਦੇ ਵਿਨਾਸ਼ ਦੀ ਭਾਵਨਾ ਹੋਵੇ ਉਸ ਕੋਲ ਜਿੰਨੀ ਵੀ ਸ਼ਕਤੀ ਹੋਵੇ ਦੁਖਦਾਈ ਹੈ ।

ਅਗਨੀ ਇਕ ਸ਼ਕਤੀ ਹੈ, ਕਿਸੇ ਪਰਉਪਕਾਰੀ ਕੋਲ ਹੋਵੇ ਤਾਂ ਉਹ ਕਿਸੇ ਦੇ ਘਰ ਰੋਸ਼ਨੀ ਕਰ ਦੇਵੇਗਾ, ਕਿਸੇ ਦਾ ਭੋਜਨ ਪਕਾ ਦੇਵੇਗਾ, ਪਰ ਬੁਰੇ ਬੰਦੇ ਕੋਲ ਅੱਗ ਆ ਜਾਏ ਤਾਂ ਉਹ ਬੰਦੇ ਸਮੇਤ ਹੀ ਬੰਦੇ ਦਾ ਘਰ ਸਾੜ ਦੇਵੇਗਾ । ਇਨ-ਬਿਨ ਵਿਦਿਆ ਵੀ ਉਹ ਰੋਸ਼ਨੀ ਹੈ ਜਿਸ ਨਾਲ ਕਿਸੇ ਨੂੰ ਰਸਤਾ ਵੀ ਵਿਖਾਇਆ ਜਾ ਸਕਦਾ ਹੈ ਅਤੇ ਕਿਸੇ ਨੂੰ ਠੱਗਿਆ ਵੀ ਜਾ ਸਕਦਾ ਹੈ ।

ਵਿਦਿਆ ਦਾ ਮਕਸਦ ਸੀ ਕਿ ਸੰਸਾਰ ਖ਼ੁਸ਼ੀਆਂ, ਇਨਸਾਫ਼ ਤੇ ਪਰਉਪਕਾਰ ਨਾਲ ਭਰਪੂਰ ਹੋਵੇ ਅਤੇ ਕਰਤਾਰ ਵਿਚ ਅਭੇਦ ਹੋਵੇ ।

ਪਰ ਜਦੋਂ ਵਿਦਿਆ ਦੇ ਹੁੰਦਿਆਂ ਹੀ ਸੰਸਾਰ ਵਿਚ ਅੰਧੇਰਾ ਹੀ ਅੰਧੇਰਾ ਹੋਵੇ, ਗਮ ਹੀ ਗਮ ਹੋਣ, ਬੇਇਨਸਾਫ਼ੀ ਹੋਵੇ, ਸੇਵਾ ਦੀ ਥਾਂ ਸੁਆਰਥ ਹੋਵੇ, ਪਰਉਪਕਾਰ ਦੀ ਥਾਂ ਦੁਰਾਚਾਰ ਹੋਵੇ, ਬੰਦਾ ਰੱਬ ਤੋਂ ਬੇ-ਮੁੱਖ ਹੋਵੇ, ਫਿਰ ਵਿਦਿਆ ਨਾਲ ਜੋ ਹੋਣ ਦੀ ਆਸ ਸੀ, ਉਹ ਆਸ ਤਾਂ ਬਿਲਕੁਲ ਹੀ ਪੂਰੀ ਨਹੀਂ ਹੋਈ ।

ਗੁਰੂ ਨਾਨਕ ਦੇਵ ਜੀ ਦਾ ਵਿਦਿਆ ਬਾਰੇ ਵਿਚਾਰ ਸੀ ਕਿ ਵਿਦਿਆ ਦੀ ਵਿਚਾਰ ਤਾਂ ਹੀ ਹੋਈ ਹੈ ਜੇਕਰ ਵਿਦਵਾਨ ਪਰਉਪਕਾਰੀ ਹੈ । ਜੇਕਰ ਵਿਦਿਆ ਦੀ ਰੋਸ਼ਨੀ ਲੈ ਕੇ ਵਿਦਿਆ ਦਾ ਦੀਵਾ ਹੱਥ ਤੇ ਰੱਖ ਕੇ ਖੂਹ ਵਿਚ ਡਿੱਗਣਾ ਹੈ ਤੈਨੂੰ ਕੌਣ ਮੁਆਫ਼ ਕਰੇਗਾ । ਇਕ ਬੰਦਾ ਹਨੇਰੇ ਵਿਚ ਹੋਵੇ ਕਿਸੇ ਖੂਹ ਵਿਚ ਡਿੱਗ ਵੀ ਪਵੇ ਤਾਂ ਮੁਆਫ਼ ਕੀਤਾ ਜਾ ਸਕਦਾ ਹੈ, ਉਸ ਨਾਲ ਹਮਦਰਦੀ ਹੋ ਸਕਦੀ ਹੈ, ਅਸੀਂ ਕਹਿ ਸਕਦੇ ਹਾਂ ਕਿ ਵਿਚਾਰਾ ਹਨੇਰੇ ਦੇ ਕਾਰਨ ਖੂਹ ਵਿਚ ਡਿੱਗ ਪਿਆ ਹੈ, ਪਰ ਕੋਈ ਬੰਦਾ ਹੱਥ ਵਿਚ ਦੀਵਾ ਫੜਿਆ ਹੋਵੇ ਫਿਰ ਉਹ ਖੂਹ ਵਿਚ ਡਿੱਗ ਪਵੇ ਤਾਂ ਹਰ ਬੰਦਾ ਪੁੱਛੇਗਾ ਕਿ ਤੇਰੇ ਹੱਥ ਵਿਚ ਜਗਦਾ ਦੀਵਾ ਸੀ ਤੈਨੂੰ ਨਜ਼ਰ ਨਹੀਂ ਆਇਆ । ਫਿਰ ਜੇ ਤੂੰ ਖੂਹ ਵਿਚ ਹੀ ਡਿੱਗਣਾ ਸੀ ਤਾਂ ਤੈਨੂੰ ਦੀਵਾ ਚੁੱਕਣ ਦੀ ਕੀ ਲੋੜ ਸੀ । ਅਫ਼ਸੋਸ ਕਿ ਤੂੰ ਦੀਵੇ ਦੀ ਬਹੁਤ ਵੱਡੀ ਬੇਇੱਜ਼ਤੀ ਕੀਤੀ ਹੈ, ਤੂੰ ਦੀਵੇ ਦੀ ਨਿਰਾਦਰੀ ਕੀਤੀ ਹੈ । ਵਿਦਿਆ ਇਕ ਦੀਵਾ ਹੈ, ਇਸ ਦੀਵੇ ਦੀ ਮਨੁੱਖ ਨੇ ਬਹੁਤ ਹੀ ਨਿਰਾਦਰੀ ਕੀਤੀ ਹੈ । ਇਕ ਅਦੀਬ ਕਹਿੰਦੇ ਹਨ :-

ਯੇ ਅਹਿਲੇ ਹੁਨਰ ਯੇ ਅਹਲੇ ਕਲਮ ਬੇਕਾਰ ਕੀ ਬਾਤੇਂ ਕਰਤੇ ਹੈਂ ॥
ਖ਼ੁਦ ਸਾਹਿਲ ਸਾਹਿਲ ਫਿਰਤੇ ਹੈਂ ਮੰਝਧਾਰ ਕੀ ਬਾਤੇਂ ਕਰਤੇ ਹੈਂ ॥

ਕਬੀਰ ਸਾਹਿਬ ਜੀ ਤਾੜਨਾ ਕਰਦੇ ਹਨ :-

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ ੨੧੬ ॥

(ਸਲੋਕ ਭਗਤ ਕਬੀਰ ਜੀਉ ਕੇ, ਪੰਨਾ 1376)

ਫਿਰ ਵਿਦਿਆ ਸਫਲਾ ਤਾਂ ਹੈ ਕਿ ਅੱਖਰ ਥੋੜ੍ਹੇ ਆਉਂਦੇ ਹੋਣ, ਪਰ ਪਰਉਪਕਾਰ ਦਾ ਚਾਅ ਬਹੁਤ ਜ਼ਿਆਦਾ ਹੋਵੇ । ਅੱਜ ਦਾ ਮਹਾਨ ਵਿਦਵਾਨ ਹੈ ਸਾਇੰਸਦਾਨ, ਉਸ ਨੇ ਸੰਸਾਰ ਦੇ ਸੁੱਖ ਲਈ ਬੜੇ ਅਵਿਸ਼ਕਾਰ ਕੀਤੇ ਹਨ । ਉਸ ਨੇ ਬਿਜਲੀ ਦੀ ਈਜਾਦ ਕੀਤੀ ਸੀ ਕਿ ਮਸ਼ੀਨਾਂ ਚੱਲਣ, ਮਨੁੱਖ ਨੂੰ ਸਹੂਲਤਾਂ ਮਿਲਣ, ਰੋਸ਼ਨੀ ਹੋਵੇ, ਪਰ ਉਸ ਨੇ ਇਹ ਕਿਥੇ ਸੋਚਿਆ ਹੋਵੇਗਾ ਕਿ ਬਿਜਲੀ ਦੇ ਕਰੰਟ ਲਗਾ ਕੇ ਬੰਦਾ ਬੰਦੇ ਨੂੰ ਤੜਫਾ-ਤੜਫਾ ਕੇ ਮਾਰੇਗਾ । ਐਸੀ ਵਿਦਿਆ ਹੋਵੇ ਜੋ ਮਨੁੱਖ ਨੂੰ ਪਰਉਪਕਾਰ ਨਾਲ ਜੋੜੇ । ਵਿਦਿਆ ਦੀ ਧਾਰਨਾ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਪਰਉਪਕਾਰ ਦੀ ਹੋਵੇ, ਫਿਰ ਤਾਂ ਬੰਦਾ ਬੇਸ਼ਕ ਥੋੜ੍ਹਾ ਪੜ੍ਹਿਆ ਹੈ ਜਾਂ ਜ਼ਿਆਦਾ ਪੜ੍ਹਿਆ ਹੈ ਉਸ ਦੀ ਵਿਦਿਆ ਦਾ ਕੋਈ ਮਕਸਦ ਹੋਵੇਗਾ ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਮੂਰਖ ਮਨ ! ਤੂੰ ਅਸਲ ਰਾਹ ਤੋਂ ਕਿਉਂ ਭੁਲਾ ਹੈਂ । ਜਦੋਂ ਪਰਮਾਤਮਾ ਦੀ ਹਜ਼ੂਰੀ ਵਿਚ ਤੂੰ ਆਪਣੇ ਕੀਤੇ ਕਰਮਾਂ ਦਾ ਹਿਸਾਬ ਦੇ ਕੇ ਸੁਰਖ਼ਰੂ ਹੋ ਜਾਵੇਂਗਾ ਤਾਂ ਹੀ ਤੂੰ ਪੜ੍ਹਿਆ ਹੋਇਆ ਵਿਦਵਾਨ ਮੰਨਿਆ ਜਾਵੇਂਗਾ ।

ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 432)

ਗੁਰੂ ਅਮਰਦਾਸ ਜੀ ਫੁਮਾਉਂਦੇ ਹਨ :-

ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥ ੧ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 434)


Sri Satguru Jagjit Singh Ji eLibrary NamdhariElibrary@gmail.com

ਵਿਦਿਆ ਪੜ੍ਹ ਕੇ ਮਨੁੱਖ ਨੇ ਸੰਸਾਰ ਵਿਚ ਵੀ ਮੂੰਹ ਉੱਜਲਾ ਕਰਨਾ ਸੀ, ਕਰਤਾਰ ਦੇ ਘਰ ਵੀ ਸੁਰਖਰੂ ਹੋ ਕੇ ਜਾਣਾ ਸੀ। ਵਿਦਿਆ ਜੀਵਨ ਵਿਚ ਬਹੁਤ ਸਹਾਇਕ ਹੈ, ਪਰ ਜੇਕਰ ਮਨੁੱਖ ਇਸ ਗੱਲ ਨੂੰ ਸਮਝ ਜਾਏ ਤਾਂ ਵਿਦਿਆ ਵਰਗਾ ਹੋਰ ਸਾਥੀ ਕੌਣ ਹੋ ਸਕਦਾ ਹੈ।

ਧਰਮ ਕਲਾ ਜੀਵਨ ਵਿਚ ਆ ਜਾਏ ਤਾਂ ਵਿਦਿਆ ਨਾਲ ਪਰਉਪਕਾਰ ਹੋਵੇਗਾ, ਧਰਮ ਕਲਾ ਨਾ ਹੋਈ ਤਾਂ ਵਿਦਿਆ ਵਾਦ-ਵਿਵਾਦ ਬਣ ਕੇ ਰਹਿ ਜਾਵੇਗੀ। ਇਕ ਸ਼ਬਦ ਹੈ ਚੁੰਚ ਗਿਆਨੀ, ਭਾਵ ਜਿਵੇਂ ਚੁੰਝਾਂ ਨਾਲ ਕੁੱਕੜ ਲੜਦੇ ਹਨ। ਉਹ ਵਿਦਿਆ ਦੇ ਆਸਰੇ ਜ਼ੁਬਾਨ ਨਾਲ ਬਹਿਸ ਹੀ ਕਰਦੇ ਹਨ।

ਭਾਈ ਦਰਗਾਹਾ ਜੀ ਨੇ ਇਕ ਵਾਰ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਪੁੱਛਿਆ ਸੀ ਕਿ ਪਾਤਸ਼ਾਹ ! ਕਈ ਵਾਰ ਸਿੱਖ ਸ਼ਬਦ ਦੀ ਚਰਚਾ ਕਰਦੇ ਲੜ ਪੈਂਦੇ ਹਨ, ਕੀ ਕਾਰਨ ਹੈ? ਸਤਿਗੁਰਾਂ ਕਿਹਾ ਸੀ ਚਰਚਾ ਚਾਰ ਪ੍ਰਕਾਰ ਦੀ ਹੈ ਸਿੱਖ ਦੋ ਤਰ੍ਹਾਂ ਦੀ ਚਰਚਾ ਕਰੇ, ਦੋ ਤਰ੍ਹਾਂ ਦੀ ਨਾ ਕਰੇ, ਉਹ ਚਾਰ ਪ੍ਰਕਾਰ ਹਨ। ਵਾਦ, ਹੇਤ ਚਰਚਾ ਕਰਨੀ ਹੈ, ਜਲਪਾ ਤੇ ਵਿਤੰਡਾ ਨਹੀਂ ਕਰਨੀਆਂ। ਵਾਦ ਚਰਚਾ ਕੀ ਹੈ? ਆਪਣੇ ਤੋਂ ਸਿਆਣੇ ਕੋਲੋਂ ਕੁਝ ਪੁੱਛਣਾ, ਇਹ ਵਾਦ ਚਰਚਾ ਹੈ। ਪ੍ਰੇਮ ਨਾਲ ਕੁਝ ਕਹਿਣਾ ਤੇ ਸੁਣਨਾ ਹੇਤ ਚਰਚਾ ਹੈ। ਕਿਸੇ ਦੀ ਗੱਲ ਨੂੰ ਜਾਣ ਬੁਝ ਕੇ ਉਕਤੀਆਂ ਯੁਕਤੀਆਂ ਨਾਲ ਖੰਡਨ ਕਰਨਾ ਜਲਪਾ ਚਰਚਾ ਹੈ। ਆਪ ਨੂੰ ਕੋਈ ਸਮਝ ਨਹੀਂ ਸਿਆਣੇ ਦੀ ਗੱਲ ਮੰਨਣੀ ਨਹੀਂ, ਐਂਵੇ ਬਹਿਸ ਕਰੀ ਜਾਣੀ ਵਿਤੰਡਾ ਚਰਚਾ ਹੈ।

ਦੋ ਪੜ੍ਹੇ ਲਿਖੇ ਮੂਰਖ ਇਕੱਠੇ ਹੋ ਜਾਣ ਤਾਂ ਸਿਰਫ਼ ਵਾਦ-ਵਿਵਾਦ ਹੁੰਦਾ ਹੈ, ਇਕ ਜਗਿਆਸੂ ਹੋਵੇ, ਦੂਸਰਾ ਗੁਰਮੁਖ ਵਿਦਵਾਨ ਹੋਵੇ ਤਾਂ ਖੋਜ ਭਰੀ ਚਰਚਾ ਹੁੰਦੀ ਹੈ, ਦੋਵੇਂ ਹੀ ਗੁਰਮੁਖ ਵਿਦਵਾਨ ਹੋਣ ਤਾਂ ਫਿਰ ਐਸੀ ਚਰਚਾ ਹੁੰਦਾ ਹੈ ਕਿ ਜਿਵੇਂ ਦੋ ਦੀਵੇ ਸਾਹਮਣੇ ਰੱਖ ਦੇਈਏ ਤਾਂ ਇਕ ਦੂਸਰੇ ਦਾ ਹਨੇਰਾ ਦੂਰ ਕਰ ਦਿੰਦੇ ਹਨ। ਇਹ ਹੈ ਅਸਲ ਚਰਚਾ, ਬਹੁਤਾ ਤਾਂ ਵਿਵਾਦ ਹੈ। ਇਸ ਦਾ ਕਾਰਨ ਹੈ ਕਿ ਵਿਦਿਆ ਤਾਂ ਹੈ ਧਰਮ ਕਲਾ ਨਹੀਂ, ਵਿਦਿਆ ਵਿਚ ਧਰਮ ਕਲਾ ਆ ਜਾਵੇਗੀ ਤਾਂ ਸੰਵਾਦ ਹੋਵੇਗਾ, ਵਿਵਾਦ ਨਹੀਂ। ਵਿਦਿਆ ਤਾਂ ਰੱਬ ਦੀ ਦਾਤ ਹੈ, ਪਰ ਇਹ ਸਫਲ ਤਾਂ ਹੁੰਦੀ ਹੈ ਜਦੋਂ ਬਿਬੇਕ ਬੁੱਧੀ ਵੀ ਹੋਵੇ।

ਵਿਚਾਰ ਕਰਦੇ ਅਸੀਂ ਇਥੋਂ ਤੱਕ ਪਹੁੰਚੇ ਹਾਂ ਕਿ ਕੋਈ ਵੀ ਇਨਸਾਨ ਵਿਦਿਆ ਤੋਂ ਖਾਲੀ ਨਹੀਂ ਹੋਣਾ ਚਾਹੀਦਾ, ਬਾਕੀ ਹੁਨਰਾਂ ਤੋਂ ਇਲਾਵਾ ਅੱਖਰਾਂ ਦੀ ਵਿਦਿਆ ਆਉਣੀ ਬਹੁਤ ਜ਼ਰੂਰੀ ਹੈ। ਬਾਕੀ ਹੁਨਰ ਜਿੰਨੇ ਵੀ ਮਨੁੱਖ ਸਿਖ ਸਕੇ ਸਿਖਣੇ ਚਾਹੀਦੇ ਹਨ। ਵਿਦਿਆ ਦਾ ਅਭਿਆਸ ਬਹੁਤ ਜ਼ਰੂਰੀ ਹੈ।

ਵਿਦਿਆ ਦਾ ਮੰਤਵ ਇਹ ਹੋਵੇ ਕਿ ਮੈਂ ਆਪ ਰੌਸ਼ਨੀ ਵਿਚ ਚੱਲਣਾ ਹੈ ਅਤੇ ਦੂਸਰਿਆਂ ਨੂੰ ਰਾਹ ਵਿਖਾਉਣਾ ਹੈ। ਵਿਦਿਆ ਪੜ੍ਹ ਕੇ ਮਨੁੱਖ ਇਹ ਸੋਚੇ ਮੈਂ ਜੀਵਣ ਵਿਚ ਕਾਲੇ ਲੇਖ ਨਹੀਂ ਲਿਖਣੇ, ਸਗੋਂ ਜੀਵਨ ਦਾ ਲੇਖਾ ਮੁਕਾਉਣਾ ਹੈ।

ਜਦੋਂ ਜੀਵਨ ਵਿਚ ਧਰਮ ਹੋਵੇਗਾ ਫਿਰ ਹਰ ਪੜ੍ਹਿਆ ਅੱਖਰ, ਹਰ ਹੁਨਰ ਇਕ ਬਲਦੇ ਦੀਵੇ ਵਾਂਗ ਹੋਵੇਗਾ। ਜਿਵੇਂ ਦੀਵੇ ਪਾਸ ਜਿਹੜਾ ਆਉਂਦਾ ਹੈ ਉਸ ਨੂੰ ਰੌਸ਼ਨੀ ਦਿੰਦਾ ਹੈ, ਵਿਦਵਾਨ ਵੀ ਹਰ ਇਕ ਨੂੰ ਰੋਸ਼ਨੀ ਦੇਵੇਗਾ। ਜਦੋਂ ਹਰ ਇਕ ਅੱਖਰ ਵਿਚੋਂ, ਹਰ ਬਚਨ ਵਿਚੋਂ ਕੁਝ ਰੱਬੀ ਪ੍ਰੇਰਣਾ ਮਿਲੇ ਤਾਂ ਸਮਝ ਲੈਣਾ ਕਿ ਵਿਦਿਆ ਤੇ ਧਰਮ ਕਲਾ ਇਕੱਠੇ ਹੋ ਗਏ ਹਨ। ਇਸ ਲਈ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ :-

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 669)

# ਵਿਦਿਆ ਸੰਬੰਧੀ ਡਾ. ਅੰਬੇਦਕਰ ਸਾਹਿਬ ਦੇ ਵਿਚਾਰ

ਅਮਨ ਚੈਨ

ਮਿ: ਬਰਵੇ ਨਿਕਲਸ ਨੇ ਬਾਬਾ ਸਾਹਿਬ ਡਾ. ਅੰਬੇਦਕਰ ਦੀ ਵਿਦਵਤਾ ਮੰਨਦੇ ਹੋਏ ਕਿਹਾ ਕਿ "ਡਾ. ਅੰਬੇਦਕਰ ਸਾਹਿਬ ਹਿੰਦੋਸਤਾਨ ਦੇ ਛੇ ਅਤਿ ਉਤਮ ਦਿਮਾਗਾਂ ਵਿਚੋਂ ਕਿ ਹਨ।" ਬਾਬਾ ਸਾਹਿਬ ਨੇ ਸੰਸਾਰ ਭਰ ਦੀਆਂ ਯੂਨੀਵਰਸਿਟੀਆਂ ਦੀਆਂ ਉਪਾਧੀਆਂ ਪ੍ਰਾਪਤ ਕੀਤੀਆਂ ਸਨ। ਡਾ. ਅੰਬੇਦਕਰ ਨੇ ਕੋਲੰਬੀਆਂ ਵਿਸ਼ਵ ਵਿਦਿਆਲੇ ਤੋਂ ਐਮ.ਏ., ਪੀ. ਐਚ.ਡੀ. ਅਤੇ ਐਲ.ਐਲ.ਡੀ. ਉਸਮਾਨੀਆਂ ਵਿਸ਼ਵ ਵਿਦਿਆਲੇ ਤੋਂ ਡੀ ਲਿਟ ਅਤੇ ਲੰਡਨ ਵਿਸ਼ਵ ਵਿਦਿਆਲੇ ਤੋਂ ਡੀ.ਐਸ. ਸੀ. ਦੀਆਂ ਉਪਾਧੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਲੰਡਨ ਦੀ ਗ੍ਰੇਜ਼ਇਨ ਤੋਂ ਬਰਿਸਟਰੀ ਪਾਸ ਕੀਤੀ। ਬਾਬਾ ਸਾਹਿਬ ਖੁਦ ਬਹੁਤ ਵੱਡੇ ਵਿਦਵਾਨ ਸਨ ਅਤੇ ਚਾਹੁੰਦੇ ਸਨ ਭਾਰਤ ਵਾਸੀ ਉਨ੍ਹਾਂ ਦੀ ਵਿਦਵਤਾ ਤੋਂ ਵਧ ਤੋਂ ਵਧ ਫਾਇਦਾ ਉਠਾਣ, ਇਸੇ ਕਰਕੇ ਇਕ ਵਾਰ ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ "ਮੇਰੇ ਕੋਲ ਡਿਗਰੀਆਂ ਦੇ ਟਰੰਕ ਭਰੇ ਪਏ ਹਨ। ਇਨ੍ਹਾਂ ਦਾ ਕੁਝ ਵੱਟ ਸਕਦੇ ਹੋ ਤਾਂ ਵੱਟ ਲਵੋ।"

ਬਾਬਾ ਸਾਹਿਬ ਡਾ. ਅੰਬੇਦਕਰ ਨੇ ਜਿਥੇ ਦਲਿਤ ਇਤਿਹਾਸ ਲਿਖਿਆ, ਉਥੇ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਦਾ ਖਿਤਾਬ ਵੀ ਮਿਲਿਆ। ਭਾਰਤੀ ਸੰਵਿਧਾਨ ਬਨਾਉਣ ਵਿਚ ਦਿਤੇ ਅਥਾਹ ਯੋਗਦਾਨ ਲਈ ਉਨ੍ਹਾਂ ਦੀ ਭਰਪੂਰ ਪ੍ਰਸੰਸਾ ਕੀਤੀ।

ਬਾਬਾ ਸਾਹਿਬ ਵਿਦਿਆ ਨੂੰ ਦੋ ਧਾਰੀ ਤਲਵਾਰ ਸਮਝਦੇ ਸਨ। ਉਹ ਸਮਝਦੇ ਸਨ ਕਿ ਮਾਂ-ਬਾਪ ਬੱਚੇ ਨੂੰ ਚੰਗੀ ਸਿਖਿਆ ਦੁਆ ਕੇ ਚੰਗਾ ਨਾਗਰਿਕ ਬਣਾ ਸਕਦੇ ਹਨ। ਉਨ੍ਹਾਂ ਨੇ ਆਪਣੇ ਇਕ ਖੱਤ ਵਿਚ ਲਿਖਿਆ ਸੀ ਕਿ "ਇਹ ਵੀ ਗਲਤ ਹੈ ਕਿ ਮਾਪੇ ਬੱਚੇ ਨੂੰ ਕੇਵਲ ਜਨਮ ਦਿੰਦੇ ਹਨ, ਭਵਿੱਖ ਨਹੀਂ। ਮਾਪੇ ਆਪਣੇ ਬੱਚਿਆਂ ਦਾ ਭਵਿੱਖ ਉਜਲਾ ਬਣਾ ਸਕਦੇ ਹਨ। ਜੇਕਰ ਅਸੀਂ ਇਸ ਅਸੂਲ ਤੇ ਚਲਣ ਲੱਗ ਜਾਈਏ ਤਾਂ ਅਸੀਂ ਬਹੁਤ ਛੇਤੀ ਚੰਗੇ ਦਿਹਾੜੇ ਦੇਖ ਸਕਦੇ ਹਾਂ ਅਤੇ ਜੇਕਰ ਅਸੀਂ ਲੜਕਿਆਂ ਦੇ ਨਾਲ ਨਾਲ ਲੜਕੀਆਂ ਦੀ ਵਿਦਿਆ ਵਲ ਵੀ ਧਿਆਨ ਦੇਣ ਲੱਗ ਜਾਈਏ ਤਾਂ ਅਸੀਂ ਹੋਰ ਵੀ ਛੇਤੀ ਉਨਤੀ ਕਰ ਸਕਦੇ ਹਾਂ....... ਇਸ ਲਈ ਤੁਹਾਡਾ ਮਿਸ਼ਨ, ਜੋ ਵੀ ਤੁਹਾਡੇ ਆਲੇ-ਦੁਆਲੇ ਹਨ, ਉਨ੍ਹਾਂ ਨੂੰ ਇਹ ਦੱਸਣਾ ਹੋਣਾ ਚਾਹੀਦਾ ਹੈ ਕਿ ਵਿਦਿਆ ਪੜ੍ਹੋ, ਵਿਦਿਅਤ ਬਣੋ।"

ਉਨ੍ਹਾਂ ਮਾਪਿਆਂ ਅਤੇ ਪਸ਼ੂਆਂ ਵਿਚ ਕੋਈ ਅੰਤਰ ਨਹੀਂ ਹੋਵੇਗਾ ਕਿ ਜੇਕਰ ਉਹ ਆਪਣੀ ਸੰਤਾਨ ਨੂੰ ਆਪਣੇ ਨਾਲੋਂ ਚੰਗੀ ਹਾਲਤ ਵਿਚ ਦੇਖਣ ਦੀ ਇੱਛਾ ਨਹੀਂ ਕਰਨਗੇ।

ਬਾਬਾ ਸਾਹਿਬ ਨੇ ਨਾ ਸਿਰਫ ਖਾਲੀ ਵਿਦਿਆ ਪ੍ਰਾਪਤ ਕਰਨ ਨੂੰ ਹੀ ਕਿਹਾ, ਬਲਕਿ ਵਿਦਿਆ ਕਿਹੋ ਜਿਹੀ ਹੋਣੀ ਚਾਹੀਦੀ ਹੈ ਉਸ ਦਾ ਇਉਂ ਵਰਣਨ ਕੀਤਾ, "ਵਿਦਿਆ ਦਾ ਮਨੋਰਥ ਪੜ੍ਹਿਆ ਦੇ ਮਨਾਂ ਨੂੰ ਨਿਰਾ ਅੰਕੜਿਆਂ ਅਤੇ ਥਿਊਰੀਆਂ ਨਾਲ ਭਰਨਾ ਹੀ ਨਹੀਂ, ਸਗੋਂ ਉਸਦਾ ਮਕਸਦ : ਵਿਦਿਆਰਥੀਆਂ ਦਾ ਆਪਾ ਪ੍ਰਫੁਲਿਤ ਕਰਨਾ ਅਤੇ ਉਨ੍ਹਾਂ ਦੇ ਮਾਨਸਿਕ ਯਤਨਾਂ ਨੂੰ ਉਤਸਾਹਿਤ ਕਰਨਾ। ਵਿਦਿਆ ਵਿਦਿਆਰਥੀਆਂ ਨੂੰ ਔਕੜਾਂ ਦਾ ਅਹਿਸਾਸ ਕਰਾਏ ਅਤੇ ਸਚਾਈ ਤੀਕ ਅਪੜਨ ਦੀ ਕਦਰ ਕੀਮਤ ਦਰਸਾਵੇ" ਉਨ੍ਹਾਂ ਨੇ ਸਰਕਾਰ ਨੂੰ ਨਸੀਹਤ ਕਰਦੇ ਹੋਏ ਕਿਹਾ ਕਿ "ਵਿਦਿਆ ਅਜਿਹੀ ਵਸਤੂ ਹੈ ਜੋ ਹਰ ਪ੍ਰਾਣੀ ਤਾਈਂ ਪੁਜਣੀ ਚਾਹੀਦੀ ਹੈ। ਇਸ ਲਈ ਵਿਦਿਆ ਵਿਭਾਗ ਦਾ ਇਹ ਯਤਨ ਹੋਣਾ ਚਾਹੀਦਾ ਹੈ ਕਿ ਵਿਦਿਆ ਸਸਤੀ ਤੋਂ ਸਸਤੀ ਹੋਏ ਤਾਂ ਜੋ ਗਰੀਬ ਤੋਂ ਗਰੀਬ ਲੋਕ ਵੀ ਵਿਦਿਆ ਪ੍ਰਾਪਤ ਕਰ ਸਕਣ।"


Sri Satguru Jagjit Singh Ji eLibrary NamdhariElibrary@gmail.com

# ਤੁਹਾਡੇ ਖੱਤ ਸੰਪਾਦਕ ਦੇ ਨਾਂ

1. ਮਾਸਿਕ ਪੱਤਰ ਅਜੂਨੀ (ਅਗਸਤ-ਸਤੰਬਰ 95) ਪੜ੍ਹਿਆ , ਜਿਸ ਤੋਂ ਅਹਿਸਾਸ ਹੁੰਦਾ ਹੈ ਕਿ ਇਹ ਸਿੱਖ ਸਿਧਾਂਤਾਂ ਅਤੇ ਸਿੱਖ ਇਤਿਹਾਸ ਦਾ ਬੁਲਾਰਾ ਹੈ। ਇਸ ਅੰਕ ਵਿਚ ਪ੍ਰੋ. ਸੁਖਦਿਆਲ ਸਿੰਘ ਹਿਸਟੋਰੀਅਨ ਦਾ 'ਖ਼ਾਲਸਾ ਪੰਥ ਦੀ ਸਾਜਨਾ' ਪੜ੍ਹਿਆ ਕਿ ਖ਼ਾਲਸਾ ਪੰਥ ਦੀ ਸਿਰਜਣਾ 30 ਮਾਰਚ 1699 ਈ: ਦੀ ਵਿਸਾਖੀ ਨੂੰ ਕੀਤੀ ਗਈ। ਪ੍ਰੰਤੂ ਅੱਜਕਲ ਕਾਫੀ ਸਮੇਂ ਤੋਂ ਜੋ ਦੇਖ ਰਹੇ ਹਾਂ ਕਿ ਵਿਸਾਖੀ ਜਾਂ 14 ਅਪਰੈਲ ਨੂੰ ਮਨਾਈ ਜਾਂਦੀ ਹੈ ਅਤੇ ਇਸੇ ਦਿਨ ਨੂੰ ਖ਼ਾਲਸਾ ਪੰਥ ਦੀ ਸਾਜਨਾ ਦਾ ਉਤਸਵ ਮਨਾਇਆ ਜਾਂਦਾ ਹੈ। ਪ੍ਰੋ. ਸਾਹਿਬ ਇਸ ਰਹੱਸ ਬਾਰੇ ਦੱਸਣ ਦੀ ਕ੍ਰਿਪਾ ਕਰਨ ਕਿ ਇਹ ਫਰਕ ਕਿਵੇਂ ਤੇ ਕਿਹੜੇ ਸਮੇਂ ਆਇਆ।

**ਅਜਮੇਰ ਸਿੰਘ ਧਾਲੀਵਾਲ**
ਪਿੰਡ ਤੇ ਡਾਕਖਾਨਾ ਰਾਉਂਤਾ,
ਜਿਲਾ ਫਰੀਦਕੋਟ।

2. ਮਾਸਿਕ ਪ੍ਰਤਿਕਾ ਅਜੂਨੀ (ਅਕਤੂਬਰ-ਨਵੰਬਰ) ਦੇ ਸਾਰੇ ਲੇਖ ਵਧੀਆ ਸਨ ਜੋ ਵੀ ਸੱਚ ਲਈ ਲਿਖਿਆ ਹੁੰਦਾ ਹੈ, ਉਸ ਨੂੰ ਨਮਸਕਾਰ। ਇਸ ਪ੍ਰਤਿਕਾ ਵਿਚ ਭਾਈ ਬਲਦੇਵ ਸਿੰਘ ਬੰਬੀਹਾ ਦਾ ਲੇਖ 'ਤਰਕਸ਼ੀਲਾਂ ਨੂੰ ਸੁਆਲ' ਅਖੌਤੀ ਤਰਕਸ਼ੀਲਾਂ ਦੇ ਸਸਤੀ ਸ਼ੋਹਰਤ ਲਈ ਕੀਤੇ ਕਾਰਜਾਂ ਤੇ ਟਿਪਣੀ ਕਰਦਾ ਸੀ। ਪਰ ਬੰਬੀਹਾ ਸਾਹਿਬ ਇਸ ਗੱਲ ਜ਼ਿਕਰ ਨਹੀਂ ਕਰ ਸਕੇ ਕਿ ਗੁਰਬਾਣੀ ਤੋਂ ਸ਼ਕਤੀ ਲੈਣ ਵਾਲੇ ਸਿੰਘਾਂ ਨੇ ਬੰਦ ਬੰਦ ਕਟਵਾ ਕੇ, ਖੋਪਰੀ ਲੁਹਾ ਕੇ ਨਾਮ ਦੀ ਕਰਾਮਾਤ ਦਾ ਪ੍ਰਮਾਣ ਦਿੱਤਾ। ਜਿਸ ਨੂੰ ਅਜੋਕੇ ਤਰਕਸ਼ੀਲ ਅਰਥਹੀਣ ਤੇ ਅੰਧ ਵਿਸ਼ਵਾਸ ਕਹਿ ਕੇ ਸੌੜੀ ਅਤੇ ਦੰਭੀ ਵਿਚਾਰਧਾਰਾ ਦਾ ਸਬੂਤ ਦੇ ਰਹੇ ਹਨ। ਜਦ ਕਿ ਅਸਲ ਵਿਚ ਤਰਕਸ਼ੀਲ ਲੋਕ ਗੁਰਬਾਣੀ ਦੇ ਮਾਰਗ ਤੇ ਚਲਣ ਵਾਲੇ ਹਨ। ਡਾ. ਵਿਕਰਮ ਸਿੰਘ ਦਾ ਲੇਖ 'ਦਮਦਮੀ ਜਪੁ ਨੀਸਾਣ ਸ੍ਰੀ ਗੁਰੂ ਗ੍ਰੰਥ ਸਾਹਿਬ' ਵਧੀਆ ਲੱਗਿਆ। ਪਰ ਉਨ੍ਹਾਂ ਨੂੰ ਪੁਰਾਤਨ ਬੀੜ ਲਿਆਉਣ ਵਾਲਿਆਂ ਦੀ ਸ਼ਲਾਘਾ ਕਰਨੀ ਚਾਹੀਦੀ ਸੀ, ਕਿਉਂਕਿ ਪੁਰਾਤਨ ਵਿਰਸਾ ਹਮੇਸ਼ਾਂ ਲਾਭਦਾਇਕ ਹੁੰਦਾ ਹੈ। ਭਾਈ ਮਘਰ ਸਿੰਘ ਦਾ ਲੇਖ 'ਖ਼ਾਲਸਾ ਜੀ ! ਆਪਣੀ ਵਿਰਾਸਤ ਨੂੰ ਸੰਭਾਲੋ' ਵਿਚ ਜੋ ਬੰਤਾ ਰਾਮ ਘੇੜਾ ਦੀਆਂ ਕਾਲੀਆਂ ਕਰਤੂਤਾਂ ਬਾਰੇ ਭੇਦ ਖੋਲਿਆ। ਬਹੁਤ ਵਧੀਆ ਲਗਿਆ।

**ਇੰਜਨੀਅਰ ਭਗਵੰਤ ਸਿੰਘ ਸੀਰਾ,**
ਪਿੰਡ ਦਾਊ।

3. 'ਅਜੂਨੀ ਪ੍ਰਤਿਕਾ' ਤੋਂ ਸੰਗਤਾਂ ਗੁਰਬਾਣੀ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕਰਦੀਆਂ ਹਨ। ਇਸ ਨਾਲ ਸਾਡੀਆਂ ਦਿਲੀ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਪ੍ਰਧਾਨ
ਗੁਰਮਤਿ ਸਾਹਿਤ ਲਾਇਬਰੇਰੀ
ਸੁਲਤਾਨਪੁਰ ਲੋਧੀ

4. ਅਜੂਨੀ ਪ੍ਰਤਿਕਾ ਦਾ ਅਠਵਾ ਅੰਕ (ਅਕਤੂਬਰ-ਨਵੰਬਰ-95) ਪੜ੍ਹਿਆ, ਜਿਸ ਵਿਚ ਇੰਜੀਨੀਅਰ ਤਾਰਾ ਸਿੰਘ ਦਾ ਲੇਖ 'ਖ਼ਾਲਸਈ ਲਹਿਰ ਨੂੰ ਵਿਸ਼ਵ ਪੱਧਰ ਤੇ ਕਿਵੇਂ


Sri Satguru Jagjit Singh Ji eLibrary NamdhariElibrary@gmail.com

ਪ੍ਰਚਾਰਿਆ ਜਾਵੇ' ਵਧੀਆ ਵਿਚਾਰਾਂ ਨਾਲ ਭਰਪੂਰ ਸੀ। ਇਸ ਦੇ ਲੇਖਕ ਨੇ ਸਫਾ 63 ਤੇ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 800 ਗਲਤੀਆਂ ਹਨ, ਪਰ ਇਹ ਨਹੀਂ ਦੱਸਿਆ ਹੈ ਕਿ ਇਹ ਗਲਤੀਆਂ ਕਿਥੇ ਕਿਥੇ ਹਨ। ਲੇਖਕ ਨੂੰ ਇਸ ਸੰਬੰਧੀ ਵਿਸਥਾਰ ਨਾਲ ਦੱਸਣਾ ਚਾਹੀਦਾ ਹੈ।

**ਬਾਬਾ ਪਰਮਜੀਤ ਸਿੰਘ ਮਹੰਤ (ਸੇਵਾ ਪੰਥੀ)**
ਟਿਕਾਣਾ ਭਾਈ ਮੂਲਾ ਸਾਹਿਬ
ਰੋਹਤਕ

5. ਅਜੂਨੀ ਮੈਗਜੀਨ ਬਹੁਤ ਵਧੀਆ ਹੈ। ਇਸ ਟਾਈਪ ਦੇ ਬਹੁਤ ਰਸਾਲੇ ਛਪਦੇ, ਜੋ ਕਿ ਆਪਣੀ ਸ਼ਲਾਘਾ ਅਤੇ ਗਾਲਨੁਮਾ ਭਾਸ਼ਾ ਵਰਤਣ ਤੱਕ ਸੀਮਤ ਰਹਿੰਦੇ ਹਨ। ਪਰ ਇਹ ਨਹੀਂ ਦਸਦੇ ਕਿ ਸਿੱਖ ਕੀ ਕਰਨ। ਪਰ ਅਜੂਨੀ ਮੈਗਜ਼ੀਨ ਨਵੀਂ ਇਤਿਹਾਸਕ ਖੋਜ ਸਾਹਮਣੇ ਲੈ ਕੇ ਆਉਂਦਾ ਹੈ ਅਤੇ ਕੌਮ ਨੂੰ ਨਵੀਂ ਪ੍ਰੇਰਣਾ ਦੇਂਦਾ ਹੈ ਕਿ ਉਹ ਬ੍ਰਾਹਮਣਵਾਦੀ ਸੰਸਕਾਰਾਂ ਤੋਂ ਮੁਕਤ ਹੋ ਕੇ ਕਿਵੇਂ ਸ਼ਬਦ ਗੁਰੂ ਨਾਲ ਜੁੜਨ। ਅਜੂਨੀ ਮੈਗਜੀਨ ਵਿਚ ਬਾਬਾ ਸੁਰਬਜੋਤ ਸਿੰਘ ਜੀ, ਬਾਬਾ ਠਾਕੁਰ ਸਿੰਘ ਜੀ ਦੀ ਇੰਟਰਵਿਊ ਦੇਵੋ, ਕਿਉਂਕਿ ਇਹ ਦੋਵੇਂ ਮਹਾਂਪੁਰਸ਼ ਪੰਥ ਨੂੰ ਸਹੀ ਸੇਧ ਦੇ ਰਹੇ ਹਨ।

**ਸ਼ੇਰ ਸਿੰਘ**
ਪਿੰਡ ਤੇ ਡਾਕਖਾਨਾ ਭਸੜੀ
ਅਨੰਦਪੁਰ ਤੇ ਸਾਹਿਬ
ਜਿਲਾ ਰੋਪੜ।

6. ਸੰਤ ਸਮਾਜ ਵਲੋਂ ਚਲਾਈ ਜਾ ਰਹੀ ਗੁਰਦੁਆਰਾ ਸੁਧਾਰ ਲਹਿਰ ਸ਼ਲਾਘਾ ਯੋਗ ਹੈ। ਜੇਕਰ ਇਹ ਸਚਮੁਚ ਜ਼ੋਰ ਫੜ ਗਈ ਤਾਂ ਸਿੱਖ ਪੰਥ ਗੁਰੂ ਦੇ ਸੁਹਜ ਨਾਲ ਜੁੜ ਸਕੇਗਾ। ਪਰ ਇਹ ਤਾਂ ਹੀ ਸੰਭਵ ਹੈ ਕਿ ਜੇਕਰ ਸੰਤ ਸਮਾਜ ਡੇਰਿਆਂ ਦਾ ਸਰਮਾਇਆ ਸਮਾਜ ਸੁਧਾਰ, ਸਿੱਖੀ ਚੇਤਨਾ, ਸਿੱਖ ਮੀਡੀਏ ਅਤੇ ਦਲਿਤ ਹਿੱਤਾਂ ਲਈ ਖਰਚ ਕਰਨ।

**ਪ੍ਰੋ. ਜਸਵੰਤ ਸਿੰਘ ਵਿਰਦੀ, ਜਲੰਧਰ**

7. ਅਜੂਨੀ ਅਪਰੈਲ-ਮਈ 96 ਵਿਚ ਸੰਪਾਦਕ ਵੱਲੋਂ 'ਜਬ ਲਗ ਖ਼ਾਲਸਾ ਰਹੇ ਨਿਆਰਾ' ਤੇ "ਮੈਂ ਖ਼ਾਲਸੇ ਕਾ ਖ਼ਾਲਸਾ ਮੇਰੋ" ਤੁਕਾਂ ਛਪੀਆਂ ਹਨ। ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਿਤ ਹਨ। ਇਸ ਆਰਟੀਕਲ ਦੀ ਇਕ ਤੁਕ ਵਿਚ ਇਕ ਗਲਤੀ ਹੈ ਜਿਸ 'ਇਨਹੀ ਕੀ ਕਿਰਪਾ ਕੇ ਸਜੇ ਹਮ ਹੈ' ਦੀ ਥਾਂ 'ਇਨ ਹੀ ਕੀ ਕਿਰਪਾ ਸੇ ਸਜੇ ਹਮ ਹੈ' ਲਿਖਿਆ ਹੋਇਆ ਹੈ।

**ਡਾ: ਮਹੀਪ ਸਿੰਘ**
**ਦਿੱਲੀ**

ਨੋਟ : ਜਬ ਲਗ ਖਾਲਸਾ ਰਹੇ ਨਿਆਰਾ ਗੁਰੂ ਗੋਬਿੰਦ ਸਿੰਘ ਜੀ ਰਚਿਤ ਤੁਕਾਂ ਨਹੀਂ ਹਨ। ਇਹ ਤੁਕਾਂ ਭਾਈ ਸੁੱਖਾ ਸਿੰਘ ਰਚਿਤ 'ਸਰਬ ਲੋਹ ਗ੍ਰੰਥ' ਵਿਚੋਂ ਲਈਆਂ ਹਨ ਜਿਨ੍ਹਾਂ ਨੇ ਆਪਣੇ ਸ਼ਬਦਾਂ ਵਿਚ ਦਸਮ ਪਾਤਸ਼ਾਹ ਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਗਲਤੀ ਲਈ ਅਫਸੋਸ ਹੈ। ਅੱਗੇ ਤੋਂ ਧਿਆਨ ਦਿੱਤਾ ਜਾਵੇਗਾ।


Sri Satguru Jagjit Singh Ji eLibrary NamdhariElibrary@gmail.com

ਅਜੂਨੀ ਮਾਸਿਕ
ਜੂਨ-ਜੁਲਾਈ 1996

ਰਜਿਸਟਰੇਸ਼ਨ ਨੰ:
58207/35 PVTC-87

# ਗਿਆਨ ਦੀ ਟਕਸਾਲ



ਬਾਬਾ ਅਜੀਤ ਸਿੰਘ ਬੇਦੀ

Sri Satguru Jagjit Singh Ji eLibrary NamdhariElibrary@gmail.com